ਗ਼ਦਰ ਲਹਿਰ ਦੇ ਦੋ ਅਮਰ ਨਾਇਕ

(ਸ਼ਹੀਦ ਮਾ: ਊਧਮ ਸਿੰਘ ਕਸੇਲ ਤੇ ਬਾਬਾ ਹਰਨਾਮ ਸਿੰਘ ਕਸੇਲ)

ਕਿਰਪਾਲ ਸਿੰਘ ਕਸੇਲ





Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

ਗ਼ਦਰ ਲਹਿਰ ਦੇ ਦੋ ਅਮਰ ਨਾਇਕ

(ਸ਼ਹੀਦ ਮਾ: ਊਧਮ ਸਿੰਘ ਤੇ
ਬਾਬਾ ਹਰਨਾਮ ਸਿੰਘ ਕਸੇਲ)

ਕਰਤਾ
ਕਿਰਪਾਲ ਸਿੰਘ ਕਸੇਲ

ਹਿਰਦੇਜੀਤ ਸਾਹਿਤ ਪ੍ਰਕਾਸ਼ਨ, ਪਟਿਆਲਾ

ਗ਼ਦਰ ਲਹਿਰ ਦੇ ਦੋ ਅਮਰ ਨਾਇਕ
ਕਰਤਾ : ਕਿਰਪਾਲ ਸਿੰਘ ਕਸੇਲ


ਪਹਿਲਾ ਸੰਸਕਰਣ — ਮਈ, 2012

ਗਿਣਤੀ : 500

ਕੀਮਤ : 150/- ਰੁਪਏ

ਪ੍ਰਿੰਟਰ : ਵੈਸਟਰਨ ਪ੍ਰਿੰਟਰਜ਼,
ਅਨਾਰਦਾਨਾ ਚੌਂਕ, ਪਟਿਆਲਾ
ਫੋਨ : 0175-2224261

ਪ੍ਰਕਾਸ਼ਕ : ਹਿਰਦੇਜੀਤ ਸਾਹਿਤ ਪ੍ਰਕਾਸ਼ਨ,
ਮੁਹੱਲਾ ਸੂਈ ਗਰਾਂ, ਪਟਿਆਲਾ
ਫੋਨ : 0175-321532



ਬਾਬਾ ਸੋਹਣ ਸਿੰਘ ਭਕਨਾ

"ਜੀਵਨ ਭਰ ਧਰਤੀ ਨੂੰ ਵੰਡਿਆ ਤ੍ਰਾਣ ਹੈ।
ਭਾਰ ਉਠਾ ਕੇ ਬਣ ਗਈ ਪਿਠ ਕਮਾਨ ਹੈ।
ਬਿਰਧ ਹਿੱਕ ਪਿੰਜਰ 'ਚ ਜੋਤੀ ਜਗ ਰਹੀ।
ਵੰਡ ਰਿਹਾ ਹਾਲੇ ਵੀ ਸ਼ਕਤੀ ਬਾਣ ਹੈ।"

ਸਮਰਪਣ

ਗ਼ਦਰ ਪਾਰਟੀ ਦੇ ਬਾਨੀ
ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਜੀ ਨੂੰ

ਪ੍ਰਵੇਸ਼ਿਕਾ

.ਗਦਰ ਲਹਿਰ ਦੀਆਂ ਦੋ ਉੱਚ ਦੁਮਾਲੜੀ ਸ਼ਖਸ਼ੀਅਤਾਂ

ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਕਾਬਲ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ। ਪਰੰਤੂ ਇਸ ਲੋਕ ਅਖਾਣ ਨੂੰ ਜੇ ਥੋੜ੍ਹਾ ਬਦਲ ਕੇ ਇਉਂ ਵੀ ਕਹਿ ਲਈਏ – "ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ" – ਤਾਂ ਕੋਈ ਅਤਿ ਕਥਨੀ ਨਹੀਂ ਹੋਵੇਗੀ। ਉਵੇਂ ਵੀ ਇਹ ਇਲਾਕੇ ਇਕ ਦੂਜੇ ਤੋਂ ਕੋਈ ਬਹੁਤੀ ਜ਼ਿਆਦਾ ਵਿੱਥ ਤੇ ਨਹੀਂ ਅਤੇ ਜਦੋਂ ਕਦੇ ਸਾਡੇ ਵਰਤਮਾਨ ਪੰਜਾਬ ਵਾਲੇ ਦੋ ਦੇਸ਼ਾਂ ਅਤੇ ਕਈ ਪ੍ਰਾਂਤਾਂ ਵਿੱਚ ਫੈਲੇ ਇਸ ਭੂ-ਭਾਗ ਨੂੰ 'ਪੰਚ ਨਦ' ਤੋਂ ਵੀ ਬਹੁਤ ਪਹਿਲਾਂ 'ਸਪੰਤ ਸਿੰਧੂ' ਕਿਹਾ ਜਾਂਦਾ ਸੀ ਤਾਂ ਕਾਬਲ ਵਾਲੇ ਵੀ ਇਸੇ ਖਿੱਤੇ ਦੇ ਹੀ ਅੱਵਲ ਤਾਂ ਬਸ਼ਿੰਦੇ ਹੀ ਸਨ ਨਹੀਂ ਤਾਂ ਨਿਕਟ ਗੁਆਂਢੀ ਜ਼ਰੂਰ ਸਨ। ਸਿਆਣੇ ਕਹਿੰਦੇ ਹਨ ਕਿ ਗੁਆਂਢੀ ਦਾ ਰੰਗ ਰੂਪ ਭਾਵੇਂ ਨਾ ਆਵੇ, ਪਰ ਉਸ ਜਿਹੀ ਮੱਤ ਬੁੱਧ ਜ਼ਰੂਰ ਆ ਜਾਂਦੀ ਹੈ। ਅਫਗਾਨਾਂ, ਪਠਾਣਾਂ ਅਤੇ ਪੰਜਾਬੀਆਂ ਦੇ ਜੰਗਜੂ ਸੁਭਾਉ ਜਾਂ ਖਾੜਕੂ ਬਿਰਤੀ, ਵੇਲੇ ਦੀਆਂ ਦੁਸ਼ਵਾਰ ਸਥਿਤੀਆਂ ਨਾਲ, ਆਢਾ ਲਾਉਣ ਕਾਰਨ ਹੀ ਹੋਂਦ ਵਿੱਚ ਆਉਂਦੀ ਰਹੀ। ਧਰਮ ਬੇਸ਼ਕ ਸੱਭਿਅਤਾ ਦੇ ਵਿਕਾਸ ਦੀ ਕਿਸੇ ਖ਼ਾਸ ਪਉੜੀ ਸਮੇਂ ਹੀ ਅਜੋਕਾ ਆਕਾਰ ਗ੍ਰਹਿਣ ਕਰਦਾ ਹੈ। ਪੁਰਾਣੇ ਵੇਲਿਆਂ ਦਾ ਧਰਮ ਜਾਦੂ ਟੂਣਿਆਂ ਦੇ ਰੂਪ ਵਿੱਚ ਹਰ ਥਾਂ ਇਕੋ ਜਿਹਾ ਹੀ ਸੀ, ਰਸਮਾਂ ਦੇ ਕੁਝ ਮੱਤਵੇਦਾਂ ਸਮੇਤ। ਆਰੀਆ ਜਾਤੀ ਦੇ ਆਗਮਨ ਤੋਂ ਪਹਿਲਾਂ ਉੱਤਰ ਹੜੱਪਾ ਕਾਲ ਵਿੱਚ ਜੋ ਧਾਰਮਿਕ ਵਿਸ਼ਵਾਸ਼ ਸਨ ਜਾਂ ਫਿਰ ਬਾਅਦ ਵਿੱਚ ਵੈਦਿਕ ਧਰਮ, ਬੁੱਧ ਧਰਮ ਵੀ ਇਸ ਖਿੱਤੇ ਵਿੱਚ ਇਕੋ ਸਮੇਂ ਹੀ ਪਰਵੇਸ਼ ਕਰਦਾ ਹੈ। ਇਸਲਾਮ ਭਾਰਤ ਤੋਂ ਦੋ ਕੁ ਸਦੀਆਂ ਪਹਿਲਾਂ ਇਥੋਂ ਦਾ ਮੁੱਖ ਧਰਮ ਬਣ ਗਿਆ ਸੀ। ਇਹ ਤੇ ਮਸਾਂ ਬਾਰਾਂ ਤੇਰਾਂ ਸਦੀਆਂ ਪੁਰਾਣੀਆਂ ਗੱਲਾਂ ਹਨ, ਇਸ ਤੋਂ ਪਹਿਲਾਂ ਵਾਲੀ ਸੰਸਕ੍ਰਿਤੀ ਦੇ ਉਦਗਮ ਸਥਾਨ ਸਾਡੇ ਇਹਨਾਂ ਸੱਜਣਾਂ ਨਾਲ ਸਾਂਝੇ

ਹਨ। ਇਸ ਲਈ ਇਤਿਹਾਸ ਦੇ ਨਾਜ਼ਕ ਦੌਰ ਵਿੱਚ ਅਸੀਂ ਇਕ ਦੂਜੇ ਦੇ ਇਮਦਾਦੀ ਵੀ ਸਾਬਤ ਹੁੰਦੇ ਰਹੇ ਹਾਂ। ਖ਼ਾਸ ਕਰਕੇ ਪੰਜਾਬ ਵਿਚ, ਅੰਗਰੇਜ਼ ਬਸਤੀਵਾਦੀਆਂ ਦੁਆਰਾ ਪੈਰ ਪਸਾਰਨ ਦੀ ਨੀਤੀ ਨੂੰ ਗ਼ੈਰਤਮੰਦ ਅਫਗਾਨਿਸਤਾਨੀਆਂ ਨੇ ਕਦੇ ਵੀ ਮੁਸ਼ਕਿਲ ਵਿੱਚ ਫਸੇ ਗੁਆਂਢੀ ਪਰਥਾਇ, ਲਾਪਰਵਾਹੀ ਵਾਲੇ ਰਵੱਈਏ ਨਾਲ ਨਹੀਂ ਲਿਆ ਅਤੇ ਗੁਆਂਢੀ ਵੀ ਉਹ ਹੋਵੇ, ਜਿਸ ਨਾਲ ਫਰੰਗੀਆਂ ਦੇ ਆਉਣ ਤੋਂ ਪਹਿਲਾਂ ਕੋਈ ਅੱਠ ਸਦੀਆਂ ਤੱਕ ਤੇਗਾਂ ਅਤੇ ਤੁਪਕ ਤਫੰਗਾਂ ਨਾਲ ਹੀ ਭਾਜੀ ਪਾਉਣ ਜਾਂ ਮੋੜਨ ਦਾ ਰਿਵਾਜ ਚੱਲਿਆ ਆ ਰਿਹਾ ਸੀ। ਗੁਆਂਢੀ ਦੀ ਸੁਹਿਰਦਤਾ ਉਦੋਂ ਪ੍ਰਗਟ ਹੋਈ, ਜਦੋਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਮਹਾਰਾਣੀ ਜਿੰਦ ਕੌਰ ਨੂੰ ਅੰਗਰੇਜਾਂ ਨੇ ਕੈਦ ਕਰਕੇ ਪੰਜਾਬ ਤੋਂ ਬਾਹਰ ਭੇਜ ਦਿੱਤਾ ਤਾਂ ਅਫਗਾਨਿਸਤਾਨ ਦੇ ਅਮੀਰ ਦੋਸਤ ਮੁਹੰਮਦ ਖਾਨ ਨੇ ਕਪਤਾਨ ਐਬਟ ਦੇ ਨਾਂ ਇਕ ਖ਼ਤ ਵਿੱਚ ਇਸ ਕਾਰਵਾਈ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਸੀ। ਰਾਓਤੁਲਾ ਰਾਮ, ਰਿਵਾੜੀ ਦੇ ਹੁਕਮਰਾਨ ਨੇ 1857 ਦੇ ਪਹਿਲੇ ਜਨ ਵਿਦਰੋਹ ਦੀ ਅਸਫਲਤਾ ਬਾਅਦ, ਹੋਰ ਅਨੇਕ ਸੂਰਮਿਆਂ ਸਮੇਤ ਅਫਗਾਨਿਸਤਾਨ ਵਿੱਚ ਸ਼ਰਨ ਲਈ ਸੀ। ਇਥੋਂ ਦੇ ਹੀ ਅਮੀਰ ਅਬਦੁੱਲ ਰਜ਼ਾਕ ਨੇ ਸਤਿਗੁਰੂ ਰਾਮ ਸਿੰਘ ਦੁਆਰਾ ਵਿੱਢੇ, ਕੂਕਾ ਅੰਦੋਲਨ ਦੀ ਚੜ੍ਹਤ ਸਮੇਂ, ਕੂਕਿਆਂ ਨਾਲ ਮਿਲ ਕੇ ਅੰਗਰੇਜ਼ਾਂ ਵਿਰੁੱਧ ਗਠਜੋੜ ਕਰਨ ਲਈ, ਆਪਣੇ ਦੋ ਪੁੱਤਰ ਭੈਣੀ ਸਾਹਿਬ ਭੇਜੇ ਸਨ।

ਉਪਰੋਕਤ ਵੇਰਵੇ ਦੇਣ ਤੋਂ ਮੇਰਾ ਭਾਵ ਉਹ ਭੂਮਿਕਾ ਬੰਨ੍ਹਣਾ ਹੈ, ਜਿਸ ਤਹਿਤ ਸਾਡੇ ਦੇਸ਼ ਦੇ ਅਨੇਕ ਸੁਤੰਤਰਤਾ ਸੰਗਰਾਮੀ ਸਮੇਤ ਰਾਜਾ ਮਹਿੰਦਰ ਪਰਤਾਪ ਅਤੇ ਬਰਕਤੁੱਲਾ ਨਾਂ ਸਿਰਫ ਆਪਣੀਆਂ ਇਨਕਲਾਬੀ ਗਤੀਵਿਧੀਆਂ ਚਲਾਉਣ ਲਈ ਅਫਗਾਨਾਂ ਦੀ ਧਰਤੀ ਤੇ ਠਾਹਰ ਲੈਂਦੇ ਰਹੇ, ਸਗੋਂ ਇਹ ਲੋਕ ਕਾਬਲ ਵਿੱਚ ਸੁਤੰਤਰ ਹਿੰਦੁਸਤਾਨ ਦੀ ਆਰਜ਼ੀ ਹਕੂਮਤ ਦਾ ਗਠਨ ਵੀ ਕਰਦੇ ਰਹੇ। ਇਸੇ ਲਈ ਪਹਿਲੀ ਸੰਸਾਰ ਜੰਗ ਤੋਂ ਰਤਾ ਪਹਿਲਾਂ ਅਮਰੀਕਾ ਵਿੱਚ ਗਏ ਪਰਵਾਸੀ ਭਾਰਤੀਆਂ ਨੇ ਜਦੋਂ ਗ਼ਦਰ ਪਾਰਟੀ ਦਾ ਦੇਸ਼ ਆਜ਼ਾਦੀ ਲਈ ਗਠਨ ਕੀਤਾ ਅਤੇ ਫਿਰ ਭਾਰਤ ਵਿੱਚ ਉਹਨਾਂ ਦੇ ਅੰਦੋਲਨ ਨੂੰ ਪੂਰੀ ਸਫਲਤਾ ਨਾ ਮਿਲੀ ਤਾਂ ਉਹ ਵੀ ਰਾਜਸੀ ਸ਼ਰਨ ਲੈਣ ਲਈ ਅਫਗਾਨਿਸਤਾਨ ਪੁੱਜੇ ਅਤੇ ਇਥੋਂ ਭਾਰਤ ਵਿੱਚ ਆਪਣੀਆਂ ਗੁਪਤ ਗਤੀਵਿਧੀਆਂ ਸੰਚਾਲਿਤ ਕਰਦੇ ਰਹੇ। ਗ਼ਦਰ

ਪਾਰਟੀ ਲਹਿਰ ਇਨਕਲਾਬੀ ਜੁੱਗ ਗਰਦ, ਅਕਾਲੀ ਅਤੇ ਬੱਬਰ ਅਕਾਲੀ ਲਹਿਰ ਅਤੇ ਕਿਰਤੀ ਕਿਸਾਨ ਕਮਿਊਨਿਸਟ ਲਹਿਰਾਂ ਦੇ ਬਹੁਤ ਸਾਰੇ ਸਿਰਲੱਥ ਸੂਰਮੇ, ਦੇਸ਼ ਦੀ ਆਜ਼ਾਦੀ ਤੱਕ ਇਕ ਜਾਂ ਦੂਜੇ ਸਮੇਂ, ਅਫਗਾਨਿਸਤਾਨ ਵਿੱਚ ਪੁੱਜਦੇ ਰਹੇ। ਅਜਿਹੇ ਹੀ ਇਕ ਜਵਾਂ ਮਰਦ ਸਨ, ਮਾਸਟਰ ਊਧਮ ਸਿੰਘ ਕਸੇਲ, ਜਿਹਨਾਂ ਨੇ ਕੌਮੀ ਮੁਕਤੀ ਅੰਦੋਲਨ ਵਿੱਚ ਜੂਝਦਿਆਂ, ਆਪਣੀ ਹੋਣੀਆਂ ਭਰਪੂਰ ਜ਼ਿੰਦਗੀ ਦੇ ਅੰਤਿਮ ਪੰਜ ਵਰ੍ਹੇ ਅਫਗਾਨਿਸਤਾਨ ਵਿੱਚ ਹੀ ਬਿਤਾਏ ਸਨ।

ਇਹ ਬਹੁਤ ਖੁਸ਼ੀ ਅਤੇ ਮਾਣ ਵਾਲੀ ਗੱਲ ਹੈ ਕਿ ਪੰਜਾਬੀ ਸਾਹਿਤ ਜਗਤ ਦੇ ਮਾਰਤੰਡ ਪ੍ਰੋ. ਕਿਰਪਾਲ ਸਿੰਘ ਕਸੇਲ ਹੋਰਾਂ ਨੇ ਆਪਣੇ ਪਿੰਡ ਕਸੇਲ ਦੀਆਂ ਗ਼ਦਰ ਲਹਿਰ ਦੀਆਂ ਦੋ ਉੱਚ ਦੁਮਾਲੜੀ ਸ਼ਖਸ਼ੀਅਤਾਂ ਮਾਸਟਰ ਊਧਮ ਸਿੰਘ ਜੀ ਕਸੇਲ ਅਤੇ ਬਾਬਾ ਹਰਨਾਮ ਸਿੰਘ ਜੀ ਕਸੇਲ ਦੀਆਂ ਜੀਵਨੀਆਂ ਲਿਖ ਕੇ, ਆਪਣੇ ਪਿੰਡ ਦੇ ਇਹਨਾਂ ਦੋਹਾਂ ਵਡੇਰਿਆਂ ਅਤੇ ਕੌਮੀ ਪਰਵਾਨਿਆਂ ਪ੍ਰਤੀ ਆਪਣੀ ਅਕੀਦਤ ਭੇਟ ਕੀਤੀ ਹੈ। ਇਹਨਾਂ ਵਿਚੋਂ ਮਗਰਲੇ ਸੱਜਣ ਬਾਬਾ ਹਰਨਾਮ ਸਿੰਘ ਹੋਰੀਂ ਤਾਂ ਕਸੇਲ ਜੀ ਦੇ ਸਕੇ ਤਾਇਆ ਜੀ ਸਨ। ਕਸੇਲ ਦੇ ਪਿਤਾ ਸ੍ਰ. ਗੰਗਾ ਸਿੰਘ ਹੋਰੀਂ ਤਾਂ 1928 ਈ. ਦੀ 20 ਜੂਨ ਨੂੰ ਜਦੋਂ ਕਸੇਲ ਸਿਰਫ ਢਾਈ ਮਹੀਨਿਆਂ ਦਾ ਬਾਲ ਸੀ ਛੱਡ ਕੇ 28 ਕੁ ਸਾਲ ਦੀ ਭਰ ਜੁਆਨੀ ਦੀ ਉਮਰ ਵਿੱਚ ਚੱਲ ਵੱਸੇ ਸਨ। ਸੰਨ 1903 ਈ. ਵਿੱਚ ਰੋਜ਼ਗਾਰ ਦੀ ਭਾਲ ਸਿੰਘ ਹਰਨਾਮ ਸਿੰਘ ਕਸੇਲ ਪਿੰਡੋਂ ਨਿਕਲੇ ਅਤੇ ਪੂਰੇ ਪੈਂਤੀ ਸਾਲਾਂ ਬਾਅਦ ਜਦੋਂ ਉਹ 1938 ਈ. ਵਿੱਚ ਪਿੰਡ ਆਏ ਸਨ, ਕਸੇਲ ਜੀ ਉਦੋਂ ਤੀਸਰੀ ਦੇ ਵਿਦਿਆਰਥੀ ਸਨ। ਕਸੇਲ ਜੀ ਦੱਸਿਆ ਕਰਦੇ ਹਨ ਕਿ ਜਿੱਥੇ ਉਹਨਾਂ ਦੀ ਮਾਤਾ ਮਹਿੰਦਰ ਕੌਰ ਨੇ ਮਰਦਾਂ ਜਿਉਂ ਲੱਕ ਬੰਨ੍ਹ ਕੇ 19 ਸਾਲ ਦੀ ਉਮਰੇ ਮਿਲੇ ਰੰਡੇਪੇ ਨੂੰ ਕੱਟਿਆ ਅਤੇ ਆਪਣੇ ਬੱਚੇ ਦੀ ਸੁਯੋਗ ਢੰਗ ਨਾਲ ਪਾਲਣਾ ਕੀਤੀ, ਉੱਥੇ ਪਿੱਤਰੀ ਪਿਆਰ ਦੀ ਥੁੜ੍ਹ ਨੂੰ ਹੁਣ ਤਾਇਆ ਹਰਨਾਮ ਸਿੰਘ ਕਸੇਲ ਹੋਰਾਂ ਨੇ ਪੂਰਾ ਕੀਤਾ ਸੀ। ਕਸੇਲ ਜੀ ਨੇ ਵੀ ਇਕ ਸੁਯੋਗ ਸਪੁੱਤਰ ਜਿਉਂ ਤਾਇਆ ਜੀ ਦੀ ਆਯੂ ਦਾ ਆਖਰੀ ਪਹਿਰ, ਪਿੰਡ ਕਸੇਲ ਵਿੱਚ ਆਪਣੇ ਜੀਵਨ ਸਫਰ ਦੀਆਂ ਦੁਸ਼ਵਾਰੀਆਂ ਕਾਰਨ ਤਿਆਗ ਸੇਵਾ ਅਤੇ ਹਿੰਮਤ ਦਾ ਸਾਕਾਰ ਰੂਪ ਬਣ ਚੁੱਕੇ ਸਨ, ਉਹਨਾਂ 1946 ਈ. ਵਿੱਚ ਪਿੰਡ ਕਸੇਲ ਆਉਣ ਬਾਅਦ ਬਾਬਾ ਜੀ ਨੂੰ ਜਠੇਰਿਆਂ ਵਾਲਾ ਮਾਣ ਸਤਿਕਾਰ ਦਿੱਤਾ ਅਤੇ ਉਹਨਾਂ ਦੇ ਅਧਰੰਗ ਪੀੜਤ ਹੋਣ ਬਾਅਦ ਵੀ ਹਰ ਤਰ੍ਹਾਂ ਦੀ ਸੇਵਾ

ਸੰਭਾਲ ਕੀਤੀ। ਜਨਵਰੀ 1963 ਵਿੱਚ ਬਾਬਾ ਜੀ ਚਲਾਣਾ ਕਰ ਗਏ ਤਾਂ ਕਸੇਲ ਸਾਹਿਬ ਜੋ ਉਸ ਸਮੇਂ ਗੌਰਮਿੰਟ ਕਾਲਜ ਗੁਰਦਾਸਪੁਰ ਵਿੱਚ ਪੜ੍ਹਾਉਂਦੇ ਸਨ ਨੇ ਸਾਰੀਆਂ ਅੰਤਿਮ ਰਸਮਾਂ ਭੋਗ ਆਦਿਕ ਤੱਕ ਮਾਣ ਤਾਣ ਨਾਲ ਪੁੱਤ/ਭਤੀਜੇ ਦੀ ਹੈਸੀਅਤ ਵਿੱਚ ਨਿਭਾਈਆਂ। ਕਸੇਲ ਜੀ, ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਹੋਰਾਂ ਵੱਲੋਂ ਭੋਗ ਸਮੇਂ ਵਿੱਛੜੇ ਗ਼ਦਰ ਪਾਰਟੀ ਦੇ ਆਗੂ/ਸਰਗਰਮ ਕਾਰਕੁੰਨ ਨੂੰ ਜੋ ਪੌਣਾ ਘੰਟਾ ਓਜਸਵੀ ਭਾਸ਼ਣ 90 ਸਾਲ ਦੀ ਉਮਰੇ ਦਿੱਤਾ ਸੀ, ਉਸ ਨੂੰ ਯਾਦ ਕਰਕੇ ਅੱਜ ਵੀ ਭਾਵ ਵਿਭੋਰ ਹੋ ਜਾਂਦੇ ਹਨ। ਭਕਨਾ ਜੀ ਪ੍ਰਤੀ ਅਕੀਦਤ ਇਉਂ ਪ੍ਰਗਟ ਕਰਦੇ ਹਨ :

"ਜੀਵਨ ਭਰ ਧਰਤੀ ਨੂੰ ਵੰਡਿਆ ਤਰਾਣ ਹੈ।
ਭਾਰ ਉਠਾ ਕੇ ਬਣ ਗਈ ਪਿੱਠ ਕਮਾਨ ਹੈ।
ਬਿਰਧ ਹਿੱਕ-ਪਿੰਜਰ 'ਚ ਜੋਤੀ ਜਗ ਰਹੀ,
ਵੰਡ ਰਿਹਾ ਹਾਲੇ ਵੀ ਸ਼ਕਤੀ ਬਾਣ ਹੈ।"

ਮਾਝਾ ਪੰਜਾਬ ਦਾ ਉਹ ਖਿੱਤਾ ਹੈ ਜਿਸ ਤੇ ਪ੍ਰਕਿਰਤੀ ਆਪਣੇ ਪੂਰੇ ਜਲੌਅ ਵਿੱਚ ਮਿਹਰਬਾਨ ਹੁੰਦੀ ਹੈ। ਇੰਦਰਜੀਤ ਸਿੰਘ ਤੁਲਸੀ ਆਪਣੇ ਮਹਾਂਕਾਵਿ "ਬਾਦਸ਼ਾਹ ਦਰਵੇਸ਼" ਵਿੱਚ ਲਿਖਦੇ ਹਨ :

"ਧਰਤੀ ਦੇ ਨੇ ਖੁੱਲ੍ਹਦੇ ਮਾਝੇ ਵਿੱਚ ਮੁਸਾਮ।
ਸੁਬਹਾ ਸੰਧੂਰੀ ਜਿਸ ਜਗ੍ਹਾ ਸ਼ਿੰਗਰਫ ਵਰਗੀ ਸ਼ਾਮ।"

ਮਾਝੇ ਦੀ ਹਿੱਕ ਤੇ ਸਦੀਆਂ ਤੱਕ ਲੋਹਾ ਖੜਕਦਾ ਰਿਹਾ ਹੈ। ਇਥੋਂ ਦੇ ਬਹਾਦਰਾਂ ਨੇ ਹਰ ਵੰਗਾਰ ਦਾ ਜੁਆਬ ਦਿੱਤਾ ਹੈ। ਇਥੋਂ ਦਾ ਇਤਿਹਾਸ ਅੱਗ ਅਤੇ ਤਲਵਾਰ ਨਾਲ ਵੀ ਲਿਖਿਆ ਗਿਆ ਹੈ ਅਤੇ ਹਰਿਮੰਦਰ ਦੇ ਸ਼ਾਂਤ ਪਾਣੀਆਂ ਵਿਚੋਂ ਉੱਭਰਦੇ, ਇਲਾਹੀ ਸੰਗੀਤ ਦੀਆਂ ਧੁਨੀਆਂ ਨਾਲ ਵੀ। ਨਾਬਰੀ ਇਸ ਖਿੱਤੇ ਦਾ ਗਹਿਣਾ ਹੈ। ਜਰਵਾਣਿਆਂ ਹਾਕਮਾਂ ਨਾਲ, ਕਈ ਦਹਿਸਦੀਆਂ ਇੱਥੋਂ ਦੇ ਰਣ ਬਾਂਕੇ, ਲੁਕਣ ਮੀਟੀਆਂ ਖੇਡਦੇ ਰਹੇ। ਇਹ ਕਸ਼ਟਾਂ ਦੀ ਕੁਠਾਲੀ ਵਿੱਚ ਕੁੰਦਨ ਹੋਣ ਵਾਲੇ ਲੋਕ ਹਨ। ਅਠ੍ਹਾਰਵੀਂ ਸਦੀ ਦੇ ਸਿੱਖ ਇਤਿਹਾਸ ਦੇ ਸ਼ਹੀਦਾਂ ਅਤੇ ਵਰਿਆਮਾਂ ਦੇ ਖ਼ੂਨ ਨਾਲ, ਇਸ ਧਰਤੀ ਦਾ ਚੱਪਾ ਚੱਪਾ ਸਿੰਜਿਆ ਗਿਆ ਹੈ। ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿੱਚ ਪੰਜਾਬੀਆਂ ਦੇ ਫਿਰਕੂ ਨਜ਼ਰੀਏ ਤੋਂ ਉਪਰ ਉਠ ਕੇ ਸਾਂਝੇ ਰਾਜ ਦੀ ਸਥਾਪਨਾ ਅਤੇ ਇਸ ਨੂੰ ਕਾਇਮ

ਰੱਖਣ ਲਈ ਸੂਰਮੇ ਮਝੈਲਾਂ ਦੀਆਂ ਕੁਰਬਾਨੀਆਂ ਨੇ ਉਹਨਾਂ ਦੇ ਦੁਸ਼ਮਣਾਂ ਪਾਸੋਂ ਵੀ ਬੱਲੇ ਬੱਲੇ ਕਰਵਾ ਦਿੱਤੀ। ਬਸਤੀਵਾਦੀਆਂ ਵਿਰੁੱਧ ਪੰਜਾਬ ਦੇ ਪਹਿਲੇ ਲੋਕ ਉਭਾਰ ਕੂਕਾ ਅੰਦੋਲਨ ਦੇ ਅਗਵਾਨੂੰਆਂ ਦਾ ਇਹਨਾਂ ਸੱਜਣਾਂ ਨੇ ਖੁੱਲ੍ਹੀਆਂ ਬਾਹਾਂ ਨਾਲ ਸੁਆਗਤ ਕੀਤਾ। ਕੂਕਿਆਂ ਦੀਆਂ ਮੁਕਤੀ ਯੁੱਧ ਵਿੱਚ ਸ਼ਹਾਦਤਾਂ, ਅੰਮ੍ਰਿਤਸਰ ਤੋਂ ਹੀ ਸ਼ੁਰੂ ਹੁੰਦੀਆਂ ਹਨ। ਇਉਂ ਹੀ ਵੀਹਵੀਂ ਸਦੀ ਦੇ ਦੂਜੇ ਦਹਾਕੇ ਦੇ ਮੁੱਢ ਵਿੱਚ ਚੱਲੀ, ਗ਼ਦਰ ਲਹਿਰ ਵਿਚ, ਪਰਦੇਸਾਂ ਵਿੱਚ ਖੱਟੀ ਕਮਾਈ ਨੂੰ ਗਏ, ਕੇਂਦਰੀ ਪੰਜਾਬ ਦੇ ਇਹ ਲੋਕ, ਹੋਰ ਕਿਸੇ ਵੀ ਖਿੱਤੇ ਨਾਲੋਂ ਵੱਧ ਚੜ੍ਹ ਕੇ ਸ਼ਾਮਲ ਹੋਏ।

ਗ਼ਦਰ ਪਾਰਟੀ ਦਾ ਇਕ ਬਕਾਇਦਾ ਸੰਗਠਨ ਅਤੇ ਵਿਚਾਰਧਾਰਾ ਸੀ। ਇਸ ਲਹਿਰ ਦੇ ਆਗੂਆਂ ਨੇ ਪੱਛਮੀ ਜੀਵਨ ਜਾਚ ਅਤੇ ਬੁਰਜੂਆ ਜਮਹੂਰੀਅਤ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਆਪਣੇ ਆਪ ਨੂੰ ਮਜ਼ਬੀ ਅਤੇ ਜਾਤ-ਪਾਤੀ ਤੁਅਸਬ ਤੋਂ ਪੂਰੀ ਤਰ੍ਹਾਂ ਮੁਕਤ ਕਰ ਲਿਆ। ਉਹ ਸਮਝਦੇ ਸਨ ਕਿ ਸੰਸਾਰ ਜੰਗ ਦੇ ਮੰਡਰਾਉਂਦੇ ਖ਼ਤਰੇ ਦੌਰਾਨ ਭਾਰਤੀ ਸੈਨਾ ਵਿੱਚ ਵਿਦਰੋਹ ਉਭਾਰ ਕੇ ਉਹ ਹਥਿਆਰਬੰਦ ਘੋਲ ਨੂੰ ਸੈਨਿਕ ਵਿਦਰੋਹ ਨਾਲ ਇਕਜੁੱਟ ਕਰਨ ਦੀ ਵਕਾਲਤ ਕਰਦੇ ਸਨ ਅਤੇ ਇਕ ਸੰਸਾਰ ਦਰਿਸ਼ਟੀ ਦੇ ਤਹਿਤ "ਰੂਸ, ਚੀਨ, ਮੈਕਸੀਕੋ, ਆਇਰਲੈਂਡ, ਮਿਸਰ ਆਦਿ ਵਿਚਲੀਆਂ ਇਨਕਲਾਬੀ ਲਹਿਰਾਂ ਤੋਂ ਪ੍ਰੇਰਨਾ ਲੈਂਦੇ ਸਨ।" ਡਾ. ਹਰੀਸ਼ ਪੁਰੀ "ਗ਼ਦਰ ਲਹਿਰ" ਵਿੱਚ ਲਿਖਦੇ ਹਨ, "ਭਾਰਤ ਵਿੱਚ ਬਰਤਾਨਵੀ ਸੱਤਾ ਦਾ ਭੇਤ ਉਸ ਹਿਮਾਇਤ ਵਿੱਚ ਹੈ, ਜਿਹੜੀ ਇਸ ਨੂੰ ਭਾਰਤੀ ਲੋਕਾਂ ਵੱਲੋਂ ਖ਼ਾਸ ਕਰਕੇ ਬਰਤਾਨਵੀ ਫ਼ੌਜ ਦੇ ਭਾਰਤੀ ਸਿਪਾਹੀਆਂ ਵਲੋਂ ਮਿਲ ਰਹੀ ਹੈ। ਇਸ ਲਈ ਪੂਰਨ ਆਜ਼ਾਦੀ ਇਕ ਪ੍ਰਾਪਤ ਕੀਤਾ ਜਾ ਸਕਣ ਵਾਲਾ ਨਿਸ਼ਾਨਾ ਸੀ, ਜੇ ਉਹ ਹਿਮਾਇਤ ਵਾਪਸ ਲੈ ਲਈ ਜਾਂਦੀ ਹੈ। ਇਸ ਵਾਸਤੇ ਰਾਜਨੀਤਿਕ ਵਿੱਦਿਆ ਅਤੇ ਜਨਤਾ ਨੂੰ ਲਾਮਬੰਦ ਕਰਨ ਦੀ ਲੋੜ ਹੈ। ਧਰਮ ਅਤੇ ਖਿੱਤੇ ਉੱਤੇ ਆਧਾਰਿਤ ਵੱਖ-ਵੱਖ ਪਠਾਣਾਂ ਤੋਂ ਉਪਰ ਉਠ ਕੇ ਭਾਰਤੀ ਕੌਮੀ ਪਛਾਣ ਕਾਇਮ ਕਰਨਾ, ਇਸ ਘੋਲ ਦਾ ਲਾਜ਼ਮੀ ਅਸੂਲ ਸੀ। ਗਾਂਧੀਵਾਦੀ ਲਹਿਰ ਤੋਂ ਇਸ ਨੂੰ ਵੱਖ ਕਰਦੀ ਚੀਜ਼, ਅਹਿੰਸਕ ਨਾਂਮਿਲਵਰਤਣ ਦੀ ਥਾਂ ਜਨਤਾ ਦੇ ਹਿੰਸਕ ਘੋਲ ਦੀ ਵਕਾਲਤ ਕਰਨਾ ਸੀ। ਦੂਜੀ ਸੰਸਾਰ ਜੰਗ ਦੇ ਦੌਰਾਨ ਆਈ.ਐਨ.ਏ. ਦੇ ਘੋਲ ਨਾਲ ਜੁੜੀ ਹੋਈ ਵੱਖਰੀ ਰਣਨੀਤੀ ਦੀਆਂ ਜੜ੍ਹਾਂ

ਹਥਿਆਰਬੰਦ ਘੋਲ ਲਈ, ਭਾਰਤੀ ਫੌਜੀਆਂ ਨੂੰ ਆਪਣੇ ਨਾਲ ਰਲਾਉਣ ਲਈ ਗ਼ਦਰੀਆਂ ਵੱਲੋਂ ਦਿੱਤੇ ਜਾਂਦੇ ਸਭ ਤੋਂ ਉਘੜਵੇਂ ਜ਼ੋਰ ਵਿੱਚ ਦੇਖੀਆਂ ਜਾ ਸਕਦੀਆਂ ਹਨ। ਇਹ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਫੌਜ ਦੇ ਅੰਦਰ ਬਗਾਵਤ ਲੋਕਾਂ ਉਪਰ ਆਪਣਾ ਕੰਟਰੋਲ ਠੋਸਣ ਦਾ ਮੁੱਖ ਹਥਿਆਰ ਦੁਸ਼ਮਣ ਤੋਂ ਖੋਹ ਲਵੇਗੀ।"

ਬਹੁਤ ਪਹਿਲਾਂ ਲਾਰਡ ਐਲਨਬਰੋ ਨੇ ਹਾਊਸ ਆਫ ਲਾਰਡਜ਼ ਵਿੱਚ 5 ਜੁਲਾਈ 1833 ਨੂੰ ਕਿਹਾ ਸੀ, "ਅਸੀਂ ਭਾਰਤੀ ਸਾਮਰਾਜ ਤਲਵਾਰ ਨਾਲ ਜਿੱਤਿਆ ਹੈ ਅਤੇ ਸਾਨੂੰ ਇਹ ਕਾਇਮ ਵੀ ਤਲਵਾਰ ਨਾਲ ਹੀ ਰੱਖਣਾ ਪਵੇਗਾ।" ਗੱਲ ਕਿੰਨੀ ਸਾਫ਼ ਹੈ। ਇਸ ਤਰ੍ਹਾਂ ਦਾ ਵਿਰੋਧੀ ਜਿਹੜਾ ਸਿਰਫ ਹਿੰਸਾ ਦੁਆਰਾ ਹੀ ਤੁਹਾਡੇ ਨਾਲ ਨਜਿਠਣਾ ਚਾਹੁੰਦਾ ਹੈ, ਉਸ ਨੂੰ ਉਸੇ ਦੀ ਭਾਸ਼ਾ ਵਿੱਚ ਜੁਆਬ ਦੇਣ ਲਈ ਜਾਂ ਪ੍ਰਤੀਹਿੰਸਾ ਸਿਰਜਣ ਲਈ ਗ਼ਦਰ ਪਾਰਟੀ ਵਾਲਿਆਂ ਨੇ ਉਸ ਨੂੰ ਵੰਗਾਰਿਆ ਸੀ। ਇਹ ਠੀਕ ਹੈ ਕਿ ਪੰਜਾਬ ਵਿਚਲੀ ਜਨਤਾ ਵਿਸ਼ੇਸ਼ ਕਰਕੇ ਸਿੱਖ ਲੋਕ ਜੋ ਨਵੇਂ ਸਾਹਿਬਾਂ ਦੀ ਵਫਾਦਾਰ ਪ੍ਰਜਾ ਬਣੇ ਰਹਿਣ ਵਿੱਚ ਆਪਣੀ ਭਲਾਈ ਸਮਝਦੇ ਸਨ, ਇਸੇ ਕਾਰਨ ਸਿੱਖ ਕੁਲੀਨ ਤੰਤਰ ਅਤੇ ਪੁਰੋਹਿਤ ਵਰਗ ਨੇ, ਨਾਂ ਕੂਕਿਆਂ ਦਾ ਸਾਥ ਦਿੱਤਾ ਅਤੇ ਨਾ ਹੀ ਗ਼ਦਰੀਆਂ ਦਾ। ਸੋ ਜਨਤਕ ਹੁੰਗਾਰੇ ਤੋਂ ਬਿਨਾਂ ਲਹਿਰ ਠੰਢੀ ਪੈ ਜਾਣੀ ਸੀ। ਅਜਿਹੀ ਹਾਲਤ ਵਿੱਚ ਦਮਨ ਚੱਕਰ ਪੂਰੇ ਜ਼ੋਰ ਸ਼ੋਰ ਨਾਲ ਕੂਕਿਆਂ ਵਾਂਗ ਹੀ ਗ਼ਦਰੀਆਂ ਤੇ ਵੀ ਚਲਾਇਆ ਗਿਆ। ਥੋਕ ਵਿੱਚ ਫਾਂਸੀਆਂ, ਉਮਰ ਕੈਦਾਂ, ਕਾਲੇ ਪਾਣੀ, ਜਾਇਦਾਦ ਜ਼ਬਤੀਆਂ ਗ਼ਦਰ ਲਹਿਰ ਵਾਲਿਆਂ ਨੇ ਝੱਲੀਆਂ। ਕਾਲੇ ਪਾਣੀਆਂ ਦੇ ਕੁੰਭੀ ਨਰਕ ਦੀਆਂ ਯਾਤਨਾਵਾਂ ਦਾ ਰੌਂਗਟੇ ਖੜੇ ਕਰਨ ਵਾਲਾ ਵਰਣਨ ਕਸੇਲ ਜੀ ਰਚਿਤ ਇਹਨਾਂ ਦੋਹਾਂ ਮਹਾਂਮਾਨਵਾਂ ਦੀਆਂ ਜੀਵਨੀਆਂ ਵਿੱਚ ਪੜ੍ਹਨ ਨੂੰ ਮਿਲਦਾ ਹੈ। ਇਹ ਦੋਵੇਂ ਕਸੇਲ ਪਿੰਡ ਦੇ ਬਸ਼ਿੰਦੇ, ਜਨਮ ਵੀ, ਉਨ੍ਹੀਵੀਂ ਸਦੀ ਦੇ ਨੌਵੇਂ ਦਹਾਕੇ ਦੇ ਪਹਿਲੇ ਅੱਧ ਵਿੱਚ ਹੀ ਲੈਂਦੇ ਹਨ ਅਤੇ ਆਪੋ ਆਪਣੇ ਰਸਤਿਆਂ ਤੇ ਚੱਲਦੇ ਹੋਏ ਗ਼ਦਰ ਲਹਰ ਦੇ ਦੋ ਮਹੱਤਵਪੂਰਨ ਥੰਮ੍ਹ ਬਣਦੇ ਹਨ। ਵਧੀਆ ਗੱਲ ਇਹ ਹੋਈ ਕਿ ਬਾਬਾ ਹਰਨਾਮ ਸਿੰਘ ਦਾ ਸ੍ਵੈ-ਬਿਰਤਾਂਤ ਤਾਂ ਉਹਨਾਂ ਦੇ ਹੱਥੀਂ ਕਲਮਬੱਧ ਕੀਤਾ ਹੋਇਆ ਕਸੇਲ ਜੀ ਨੂੰ ਮਿਲ ਗਿਆ। ਮਾਸਟਰ ਊਧਮ ਸਿੰਘ ਹੋਰਾਂ ਦੀ ਆਤਮ ਕਥਾ "ਯਾਦੇਂ ਰਫਤਗਾਨ" ਅਨੁਵਾਨ ਹੇਠ ਪਹਿਲੋਂ ਪਹਿਲ ਕਿਰਤੀ ਮਾਸਿਕ ਵਿੱਚ ਕਿਸ਼ਤਾਂ ਵਿੱਚ ਛਪੀ ਤੇ ਫਿਰ ਸ੍ਰੀ ਚਿਰੰਜੀ ਲਾਲ ਕੰਗਣੀਵਾਲ ਜੀ

ਦੀ, ਮਾਸਟਰ ਜੀ ਬਾਰੇ ਹੁਣੇ ਛਪੀ ਪੁਸਤਕ ਵਿਚੋਂ ਕਸੇਲ ਜੀ ਨੇ ਲੈ ਕੇ, ਸਾਰੀ ਉਦਰਿਤ ਕਰ ਦਿੱਤੀ। ਇਉਂ ਦੋਹਾਂ ਬਾਬਿਆਂ ਬਾਰੇ ਇਹ ਰਚਨਾ ਨਾ ਸਿਰਫ ਇਹਨਾਂ ਦਸਤਾਵੇਜ਼ਾਂ ਕਾਰਨ ਇਤਿਹਾਸਕ ਮਹੱਤਤਾ ਦੀ ਧਾਰਨੀ ਹੋ ਗਈ, ਸਗੋਂ ਉਹਨਾਂ ਦੇ ਹੀ ਪਿੰਡ ਦੇ ਇਕ ਪ੍ਰਬੁੱਧ ਚਿੰਤਕ ਪ੍ਰੋ. ਕਸੇਲ ਦੁਆਰਾ ਲਿਖੇ ਜਾਣ ਕਾਰਨ ਪਿੰਡ, ਪਰਿਵਾਰ ਤੇ ਭਾਈਚਾਰੇ ਦੇ ਸਰੋਤਾਂ ਤੋਂ ਮਿਲੀ, ਪਹਿਲੇ ਦਰਜੇ ਦੀ ਜਾਣਕਾਰੀ ਕਾਰਨ, ਇਕ ਵੱਡਮੁੱਲੀ ਰਚਨਾ ਹੋ ਨਿਬੜੀ ਹੈ। ਦੋਹਾਂ ਯੋਧਿਆਂ ਬਾਰੇ ਪਹਿਲੀ ਵਾਰ ਪਾਠਕਾਂ ਤੱਕ ਮੌਲਿਕ ਜਾਣਕਾਰੀ ਪਹੁੰਚਾਈ ਜਾ ਰਹੀ ਹੈ। ਇਸ ਦਾ ਭਾਵ ਪਹਿਲੇ ਸੱਜਣਾਂ ਦੇ ਕੰਮ ਨੂੰ ਰੌਚਕ ਮਾਤਰ ਵੀ ਘਟਾ ਕੇ ਵੇਖਣਾ ਨਹੀਂ ਸਗੋਂ ਪਰਿਵਾਰਿਕ ਅਤੇ ਪਿੰਡ ਦੇ ਲੇਖਕ ਦੁਆਰਾ ਆਪਣੇ ਪੁਰਖਿਆਂ ਦੀ ਕੀਰਤੀ ਨੂੰ ਆਪਣੇ ਨਿਵੇਕਲੇ ਅੰਦਾਜ਼ ਵਿੱਚ ਨਤ ਮਸਤਕ ਹੋਣਾ ਹੀ ਹੈ।

ਪਿੰਡ ਦੇ ਮੌਲਵੀ ਨੂਰਦੀਨ ਦੇ ਨਿੱਜੀ ਯਤਨਾਂ ਨਾਲ ਹੀ ਹਰਨਾਮ ਸਿੰਘ ਅਤੇ ਉਸਦੇ ਘਰਾਂ ਵਿਚੋਂ ਭਰਾ ਤੇਜਾ ਸਿੰਘ ਨੇ, ਪ੍ਰਾਇਮਰੀ ਦਾ ਇਮਤਿਹਾਨ ਪਿੰਡ ਰਹਿੰਦਿਆਂ ਹੀ, ਬਿਨਾਂ ਸਕੂਲ ਗਿਆਂ ਪਾਸ ਕਰ ਲਿਆ। ਅੰਮ੍ਰਿਤਸਰ ਦੇ ਖਾਲਸਾ ਹਾਈ ਸਕੂਲ ਵਿੱਚ ਦੋਵੇਂ 12-13 ਸਾਲ ਦੀ ਉਮਰ ਵਿੱਚ 1894-95 ਕਰੀਬ ਦਾਖਲ ਹੋਏ। ਜਿੱਥੋਂ ਮੈਟ੍ਰਿਕ ਕਰਨ ਬਾਅਦ ਪਿਤਾ ਸ਼ੇਰ ਸਿੰਘ ਨੇ ਹਰਨਾਮ ਸਿੰਘ ਦਾ ਵਿਆਹ ਕਰ ਦਿੱਤਾ। ਕਿਉਂਕਿ ਹਰਨਾਮ ਸਿੰਘ ਦੀ ਮਾਤਾ ਪਰਲੋਕ ਸੁਧਾਰ ਗਈ ਸੀ, ਪਿਤਾ ਨੇ ਇਕ ਹੋਰ ਵਿਆਹ ਕੀਤਾ ਸੀ। ਨਵੀਂ ਮਾਤਾ ਹਰਨਾਮ ਸਿੰਘ ਤੇ ਉਸਦੀ ਭੈਣ ਨਾਲ ਚੰਗਾ ਸਲੂਕ ਨਹੀਂ ਕਰਦੀ ਸੀ। ਮਤਰੇਈ ਮਾਂ ਦਾ ਵਤੀਰਾ ਪਹਿਲੇ ਬੱਚਿਆਂ ਪ੍ਰਤੀ ਕਠੋਰ ਹੀ ਹੁੰਦਾ ਹੈ। ਇਸੇ ਲਈ ਹਰਨਾਮ ਸਿੰਘ ਨੂੰ ਤੰਗ ਆ ਕੇ ਘਰੋਂ ਨਿਕਲਣਾ ਪੈਂਦਾ ਹੈ। ਪਿੰਡ ਦੇ ਬਰਾਹਮਣਾਂ ਦੇ ਇਕ ਮੁੰਡੇ ਨਾਲ ਹਰਨਾਮ ਸਿੰਘ ਕਲਕੱਤੇ ਤੱਕ ਰੇਲ ਤੇ ਫਿਰ ਸਮੁੰਦਰੀ ਜਹਾਜ਼ ਦੁਆਰਾ ਬਰਮਾ ਦੀ ਰਾਜਧਾਨੀ ਰੰਗੂਨ ਹੁੰਦਾ ਹੋਇਆ ਪੀਨਾਂਗ ਮਲਾਇਆ ਟਾਪੂ ਤੋਂ ਤੇਪਨ ਸ਼ਹਿਰ ਪੁੱਜ ਕੇ ਡਾਕਖਾਨੇ ਵਿੱਚ ਨੌਕਰੀ ਕਰਨ ਲੱਗ ਪਿਆ। ਇਸੇ ਸਮੇਂ ਪਿੰਡੋਂ ਚਿੱਠੀ ਵਿੱਚ ਮਤਰੇਈ ਮਾਂ, ਮਤਰੇਏ ਭਰਾ, ਚਾਚਾ ਅਤੇ ਤਾਏ ਦੇ ਪੁੱਤ ਭਰਾ ਆਦਿ ਦੀਆਂ ਮੌਤਾਂ ਬਾਰੇ ਜਾਣ ਕੇ ਅਫਸੋਸ ਵਿੱਚ ਨੌਕਰੀ ਛੱਡ ਦਿੱਤੀ ਅਤੇ ਚੀਨ ਦੇ ਸ਼ਹਿਰ ਸ਼ਿੰਘਾਈ ਪੁੱਜ ਗਿਆ। ਸੰਤਰਨਾਮੇ ਜਿਹਲ ਵਿੱਚ ਇਥੇ ਸਿਪਾਹੀ ਭਰਤੀ ਹੋਇਆ। 1 ਅਪ੍ਰੈਲ 1903 ਨੂੰ ਸ਼ਿੰਘਾਈ ਵਿੱਚ ਸਿਟੀ

'ਓਵਰਸੀਅਰ' ਦੇ ਕੰਮ ਤੇ ਲੱਗ ਗਿਆ। ਇਸੇ ਸਮੇਂ ਚੀਨੀ ਭਾਸ਼ਾ ਸਿੱਖ ਗਿਆ ਅਤੇ ਚੀਨੀਆਂ ਨੂੰ ਅੰਗਰੇਜ਼ੀ ਪੜ੍ਹਾਉਣ ਦਾ ਕੰਮ ਵੀ ਕਰਦਾ ਰਿਹਾ। ਮਿਊਂਸਪਲ ਕਮੇਟੀ ਤੋਂ ਜ਼ਮੀਨ ਮੁਫਤ ਲੈ ਕੇ ਸ਼ਿੰਘਾਈ ਵਿੱਚ ਗੁਰਦੁਆਰਾ ਬਣਾਇਆ। ਜਿੱਥੇ ਹਰ ਐਤਵਾਰ ਜੋੜ ਮੇਲਾ ਹੋਣ ਲੱਗ ਪਿਆ। ਇਹ ਗੁਰਦੁਆਰੇ ਧਾਰਮਿਕ ਲੋੜਾਂ ਤਾਂ ਪੂਰੀਆਂ ਕਰਦੇ ਹੀ, ਅੰਗਰੇਜ਼, ਜਰਮਨ ਆਦਿ ਉੱਨਤ ਕੌਮਾਂ ਦੇ ਮੁਕਾਬਲੇ ਭਾਰਤੀਆਂ ਨਾਲ ਤਨਖਾਹ ਦੇ ਸੁਆਲ ਤੇ ਹੁੰਦੇ ਵਿਤਕਰੇ ਦੀ ਵੀ ਇੱਥੇ ਚਰਚਾ ਹੁੰਦੀ। ਇਉਂ ਹੌਲੀ-ਹੌਲੀ ਸਮਾਜਿਕ, ਆਰਥਿਕ ਹਾਲਾਤ ਵਿਰੁੱਧ, ਜੂਝਣ ਦੀ ਚੇਤਨਾ ਪੈਦਾ ਹੋਈ। ਤਨਖਾਹ ਦੇ ਵਿਤਕਰੇ ਦੇ ਸੁਆਲ ਤੇ ਹੜਤਾਲ ਕਰ ਦਿੱਤੀ। ਪਰ ਇਹ ਫੇਲ੍ਹ ਹੋਈ। ਹਰਨਾਮ ਸਿੰਘ ਨੂੰ ਸਫ਼ਾਈ ਕਰਮਚਾਰੀਆਂ ਦੀ ਹੜਤਾਲ ਕਰਾਉਣ ਦੇ ਦੋਸ਼ ਹੇਠ ਨੌਕਰੀ ਤੋਂ ਕੱਢ ਦਿੱਤਾ ਗਿਆ। ਇਹ ਦਿਨ 1 ਮਾਰਚ, 1910 ਸੀ।

15 ਮਾਰਚ ਨੂੰ ਹਰਨਾਮ ਸਿੰਘ ਉਸ ਜਹਾਜ਼ ਵਿੱਚ ਸਵਾਰ ਹੋਇਆ ਜੋ ਸ਼ਿੰਘਾਈ ਤੋਂ ਅਮਰੀਕਾ ਨੂੰ ਤੁਰਿਆ। ਅਪ੍ਰੈਲ 1910 ਵਿੱਚ ਸਾਨਫਰਾਂਸਿਸਕੋ ਪੁੱਜ ਗਿਆ । ਕੰਮ ਸਟਾਕਟੌਨ ਸ਼ਹਿਰ ਵਿੱਚ ਮਿਲਿਆ। ਇੱਥੇ ਰਹਿੰਦੇ ਪਹਿਲੇ ਪੰਜਾਬੀਆਂ ਦੀ ਮਦਦ ਨਾਲ ਬੀ.ਏ. ਦਾ ਇਮਤਿਹਾਲ ਪਾਸ ਕਰਕੇ, ਉੱਚ ਵਿੱਦਿਆ ਹਾਸਲ ਕਰਨ ਦੀ ਅਧੂਰੀ ਖਾਹਿਸ਼ ਪੂਰੀ ਕੀਤੀ, ਜਿਸ ਵਿੱਚ ਮਤਰੇਈ ਮਾਂ ਅੜਿਕਾ ਬਣੀ ਸੀ। ਕੁਝ ਪੰਜਾਬ ਦੀ ਨਿਮਨ ਦੀ ਮੱਧ ਕਿਸਾਨੀ ਦੇ ਵਸੀਲੇ ਵੀ, ਉਹਨਾਂ ਦਿਨਾਂ ਵਿੱਚ ਉੱਚ ਵਿੱਦਿਆ ਦਿਵਾਉਣ ਦੇ ਰਾਹ ਵਿੱਚ ਅੜਿੱਕੇ ਸਨ। ਕੁਝ ਅਪਵਾਦਾਂ ਨੂੰ ਛੱਡ ਕੇ ਗ਼ਦਰ ਲਹਿਰ ਵਿੱਚ ਹਿੱਸਾ ਲੈਣ ਵਾਲਿਆਂ ਵਿਚੋਂ ਬਹੁਤਾਤ, ਕੇਂਦਰੀ ਪੰਜਾਬ ਦੀ ਨਿਮਨ ਕਿਸਾਨੀ ਤੋਂ ਆਏ ਸੱਜਣਾਂ ਦੀ ਹੀ ਸੀ। ਇਹ ਗੱਲ ਅਲਹਿਦਾ ਹੈ ਕਿ ਇੱਥੇ ਆਪਣੀ ਹੱਡ ਭੰਨਵੀਂ ਮਿਹਨਤ ਅਤੇ ਸੰਜਮੀ ਜੀਵਨ ਜੁਗਤ ਸਦਕਾ, ਉਹ ਸੈਂਕੜੇ ਅਤੇ ਹਜ਼ਾਰਾਂ ਏਕੜਾਂ ਤੱਕ ਦੇ ਫਾਰਮਾਂ ਦੇ ਮਾਲਕ ਵੀ ਬਣ ਗਏ। ਪਰ ਆਜ਼ਾਦੀ ਅਤੇ ਗੁਲਾਮੀ ਦੇ ਜੀਵਨ ਵਿਚਲੀਆਂ ਪੇਸ਼ ਆਉਂਦੀਆਂ ਜਿੱਲਤਾਂ, ਬੇਕਦਰੀਆਂ ਅਤੇ ਵਿਤਕਰੇ ਬਾਜ਼ੀ ਨੇ, ਉਹਨਾਂ ਦੇ ਕੌਮੀ ਸਵੈਮਾਨ ਨੂੰ ਟੁੰਬਿਆ। ਉਹ ਆਪਣੀ ਸਾਰੀ ਕਮਾਈ, ਧਨ ਦੌਲਤ ਪਦਾਰਥਕ ਬਹੁਲਤਾ ਨੂੰ ਲੱਤ ਮਾਰ ਕੇ, ਸਿਰਾਂ ਤੇ ਖੱਫਣ ਬੰਨ੍ਹ ਕੇ, ਦੇਸ਼ ਆਜ਼ਾਦੀ ਲਈ ਵਿੱਢੇ ਰਣ ਖੇਤਰ ਵਿੱਚ ਲੱਕ ਬੰਨ੍ਹ ਕੇ ਕੁੱਦ ਪਏ ਸਨ। ਬਾਬਾ

ਹਰਨਾਮ ਸਿੰਘ ਨੇ ਬਾਗਬਾਨੀ ਦੇ ਫਲ ਉਤਪਾਦਨ ਵਿੱਚ ਬੀ.ਏ. ਕੀਤੀ ਸੀ। ਰਵਾਇਤੀ ਤੌਰ ਤੇ ਖੇਤੀ ਵਿੱਚ ਦਿਲਚਸਪੀ ਸੀ। ਬਾਗਬਾਨੀ ਦੀ ਇਹ ਸਿੱਖਿਆ ਉਹਨਾਂ ਨੂੰ ਅਗਲੇ ਸਮੇਂ ਵਿੱਚ ਦੇਸ਼ ਪ੍ਰਦੇਸ਼ ਦੋਹੀਂ ਥਾਈਂ, ਬੜੀ ਰਾਸ ਆਈ। ਗ਼ਦਰ ਪਾਰਟੀ ਦਾ ਕਾਮਾਗਾਟਾ ਮਾਰੂ ਵਾਲਾ ਪਹਿਲਾ ਪੂਰ, ਦੇਸ਼ ਪੁੱਜ ਕੇ ਹਾਲਾਤ ਦਾ ਮੁਕਾਬਲਾ ਕਰ ਰਿਹਾ ਸੀ। ਪਿੱਛੇ ਗ਼ਦਰ ਪਾਰਟੀ ਦਾ ਰਾਮ ਚੰਦਰ ਜੋ ਵੱਡਾ ਆਗੂ ਸੀ, ਗ਼ਦਾਰ ਹੋ ਕੇ ਅਦਾਲਤ ਵਿੱਚ ਬਿਆਨ ਦੇਣ ਲੱਗਾ ਸੀ। ਰਾਮ ਸਿੰਘ ਦੁਲੇਟਾ, ਉਹਨੂੰ ਗੋਲੀ ਮਾਰ ਕੇ, ਆਪ ਮਾਰਸ਼ਲ ਦੀ ਗੋਲੀ ਨਾਲ ਸ਼ਹੀਦ ਹੋ ਗਿਆ। ਇਹ ਘਟਨਾ 23 ਅਪ੍ਰੈਲ 1918 ਦੀ ਹੈ। ਇਸ ਬਾਰੇ ਡਾ. ਹਰੀਸ਼ ਕੇ. ਪੁਰੀ "ਗ਼ਦਰ ਲਹਿਰ" ਵਿੱਚ ਇਹਨੂੰ ਗ਼ਦਰੀਆਂ ਦੇ ਦੋ ਧੜਿਆਂ ਦੀ ਲੜਾਈ ਲਿਖਦੇ ਹਨ। ਜਦੋਂ ਕਿ ਜਗਜੀਤ ਸਿੰਘ ਆਪਣੀ ਦਸਤਾਵੇਜ਼ੀ ਮਹੱਤਵ ਵਾਲੀ ਪੁਸਤਕ "ਗ਼ਦਰ ਪਾਰਟੀ ਲਹਿਰ" ਵਿਚ, ਸੋਹਨ ਸਿੰਘ ਜੋਸ਼ "ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ" ਵਿੱਚ ਰਾਮ ਚੰਦਰ ਨੂੰ ਸ਼ੱਕੀ ਕਿਰਦਾਰ ਵਾਲਾ ਵਿਅਕਤੀ ਸਿੱਧ ਕਰਦੇ ਹਨ। ਮਗਰਲੇ ਦੋਹਾਂ ਇਤਿਹਾਸਕਾਰਾਂ ਦੀ ਧਾਰਨਾ ਨੂੰ, ਬਾਬਾ ਹਰਨਾਮ ਸਿੰਘ ਕਸੇਲ ਦੀ ਹੱਥਲੀ ਪੁਸਤਕ ਬਲ ਬਖਸ਼ਦੀ ਹੈ।

ਹਰਨਾਮ ਸਿੰਘ ਕਸੇਲ ਇਸ ਸਮੇਂ ਗ਼ਦਰੀ ਪਾਰਟੀ ਦਾ ਪ੍ਰਧਾਨ ਵੀ ਬਣਾਇਆ ਜਾਂਦਾ ਹੈ। ਉਹ ਸਟਾਕਟੌਨ ਦੀ ਗੁਰਦੁਆਰਾ ਕਮੇਟੀ ਦਾ ਵੀ 1921 ਅਤੇ 1922 ਵਿੱਚ ਦੋ ਵਾਰ ਲਗਾਤਾਰ ਪ੍ਰਧਾਨ ਚੁਣਿਆ ਜਾਂਦਾ ਰਿਹਾ। ਇੱਥੇ ਉਸਨੇ ਗੁਰੂ ਨਾਨਕ ਲੰਗਰ ਦਾ ਕਾਰਜ ਵੀ ਅਰੰਭਿਆ ਸੀ। 1925 ਵਿੱਚ ਜਦੋਂ ਇੰਪੀਰੀਅਲ ਵੇਲੀ ਦੇ ਮੈਕਸੀਕੋ ਦੀ ਹੱਦ ਨਾਲ ਲੱਗਦੇ ਇਲਾਕੇ ਵਿੱਚ ਉਸਦੀ 1300 ਏਕੜ ਵਿੱਚ ਕਪਾਹ ਦੀ ਭਰਪੂਰ ਫ਼ਸਲ ਖੜ੍ਹੀ ਸੀ, ਪਾਰਟੀ ਦੇ ਹੁਕਮ ਤੇ ਉਸ ਨੂੰ ਰੂਸ ਭੇਜ ਦਿੱਤਾ। ਭੇਸ, ਨਾਮ ਬਦਲ ਕੇ ਪਾਸਪੋਰਟ ਪ੍ਰਾਪਤ ਕੀਤਾ। ਮਾਸਕੋ ਦੀ ਪੋਲੀਟੀਕਲ ਯੂਨੀਵਰਸਿਟੀ ਵਿੱਚ ਪੜ੍ਹਾਈ ਲਈ ਦਾਖਲਾ, ਹਿੰਦੁਸਤਾਨ ਗ਼ਦਰ ਪਾਰਟੀ ਦੀ ਸਿਫਾਰਿਸ਼ ਤੇ ਮਿਲ ਗਿਆ। ਇਕ ਮਈ ਦੇ ਮਜ਼ਦੂਰ ਦਿਵਸ ਦੇ ਜਸ਼ਨ ਹਰਨਾਮ ਸਿੰਘ ਨੇ ਮਾਸਕੋ ਵਿਖੇ ਵੇਖੇ। ਉਹ ਇਸ ਨੂੰ ਇਕ ਬਹਿਸ਼ਤੀ ਦਿਨ ਕਹਿੰਦਾ ਹੈ। 1926 ਦੇ ਅਖੀਰ ਵਿੱਚ ਚੀਨ ਵਿੱਚ ਇਨਕਲਾਬੀ ਉੱਥਲ-ਪੁੱਥਲ ਹੋ ਰਹੀ ਸੀ। ਹਰਨਾਮ ਸਿੰਘ ਨੂੰ ਚੀਨ ਵਿੱਚ ਚਿਆਂਗ ਕਾਈ ਸ਼ਿਕ ਦੇ ਹੱਕ ਵਿੱਚ ਅੱਪੜੀ ਅੰਗਰੇਜ਼ ਸਰਕਾਰ ਹਿੰਦੁਸਤਾਨੀ ਫੌਜ ਜਿਸ ਵਿੱਚ

ਪੰਜਾਬੀ ਸਿੱਖ ਸਿਪਾਹੀਆਂ ਦੀ ਬਹੁਤਾਤ ਸੀ, ਸਮਝਾ ਬੁਝਾ ਕੇ ਵਾਪਸ ਭੇਜਣ ਦੀ ਜ਼ਿੰਮੇਵਾਰੀ ਸੌਂਪੀ ਜੋ ਉਸਨੇ ਬਖੂਬੀ ਨਿਭਾਈ। ਸਿੱਟੇ ਵਜੋਂ ਕੁਝ ਭਾਰਤੀ ਸੈਨਿਕਾਂ ਦਾ; ਸਜ਼ਾ ਵਜੋਂ ਕੋਰਟ ਮਾਰਸ਼ਲ ਵੀ ਹੋਇਆ। ਚੀਨ ਵਿੱਚ ਉਹਨਾਂ ਦੇ ਸਫ਼ਰ ਅਤੇ ਕਿਆਮ ਦੇ ਵੇਰਵੇ ਬੜੇ ਦਿਲ ਕੰਬਾਊ ਹਨ। ਦੁਸ਼ਮਣ ਅਤੇ ਪ੍ਰਕਿਰਤੀ ਦੀਆਂ ਸ਼ਕਤੀਆਂ ਵਿਰੁੱਧ ਜਦੋ-ਜਹਿਦ ਨੇ ਹਰਨਾਮ ਸਿੰਘ ਨੂੰ, ਜਿਸ ਨੂੰ ਰੂਸ ਵਿੱਚ ਪ੍ਰੀਤਮ ਸਿੰਘ ਦੇ ਨਾਂ ਨਾਲ ਜਾਣਿਆ ਜਾਂਦਾ ਸੀ, ਇਕ ਫੌਲਾਦੀ ਮਨੁੱਖ ਬਣਾ ਦਿੱਤਾ। ਬਾਬਾ ਜੀ ਦਾ ਇਹ ਜੀਵਨ ਵੇਰਵਾ ਰੋਮਾਂਟਿਕ ਵੀ ਹੈ। ਜਦੋਂ 31 ਜਨਵਰੀ, 1930 ਨੂੰ ਮਾਸਕੋ ਵਿੱਚ 44 ਸਾਲ ਦੀ ਉਮਰੇ ਇਕ 22 ਸਾਲ ਦੀ ਰੂਸੀ ਲੜਕੀ ਲੁਦਮਿਲਾ ਉਹਨਾਂ ਦੀ ਸ਼ਖਸ਼ੀਅਤ ਤੋਂ ਪ੍ਰਭਾਵਿਤ ਹੋ ਕੇ ਉਹਨਾਂ ਨਾਲ ਵਿਆਹ ਕਰਵਾਉਂਦੀ ਹੈ ਅਤੇ ਹਰਨਾਮ ਸਿੰਘ ਦੇ ਰੂਸੀ ਨਾਂ ਅਰਲੋਵ ਸਦਕਾ, ਉਹ ਲੁਦਮਿਲਾ ਅਰਲੋਵਾ ਬਣ ਜਾਂਦੀ ਹੈ। ਬਾਬਾ ਜੀ ਦੀ ਜੀਵਨੀ ਭਾਈ ਗੁਰਦਾਸ ਹੋਰਾਂ ਦੀ ਉਹ ਤੁਕ ਵੀ ਸਾਰਥਕ ਕਰਦੀ ਹੈ - "ਕੂੜ ਨਾ ਪੁੱਜੇ ਸਚ ਨੂੰ ਸੌ ਘਾੜਤ ਘੜੀਐ" ਜਦੋਂ ਇਕ ਅਕਿਰਤਘਣ ਇੰਦਰ ਸਿੰਘ ਟੁੱਟੋ ਮਾਜਰਾ ਅਤੇ ਮੁਹੰਮਦ ਅਲੀ, ਉਹਨਾਂ ਤੇ ਮਿਥਿਆ ਦੋਸ਼ਾਰੋਪਣ ਕਰਦੇ ਹਨ ਅਤੇ ਬਾਬਾ ਜੀ ਕੁਝ ਸਮੇਂ ਬਾਅਦ ਸੁਰਖਰੂ ਹੋ ਕੇ ਰੂਸੀ ਸਰਕਾਰ ਤੋਂ ਆਪਣੇ ਕੰਮ ਲਈ ਸਨਮਾਨਿਤ ਹੁੰਦੇ ਹਨ ਅਤੇ ਉਹ ਦੋਵੇਂ ਅੰਗਰੇਜ਼ਾਂ ਅਤੇ ਅਮਰੀਕਨਾਂ ਦੇ ਮੁਖਬਰ, ਆਪਣੇ ਲੋੜੀਂਦੇ ਅੰਜ਼ਾਮ ਨੂੰ ਪੁੱਜਦੇ ਹਨ। 1937 ਵਿੱਚ ਪਿੰਡ ਕਸੇਲ ਪੁੱਜ ਗਏ। ਪਿੰਡ ਵਾਸੀਆਂ ਤੇ ਇਲਾਕੇ ਦੇ ਸਾਥੀਆਂ ਨੇ ਭਰਪੂਰ ਸੁਆਗਤ ਕੀਤਾ। ਇਕ ਮਹੀਨਾ ਲਾਹੌਰ ਦੇ ਸ਼ਾਹੀ ਕਿਲੇ ਦੀਆਂ ਤਫਤੀਸ਼ਾਂ ਝੱਲੀਆਂ। 6 ਸਾਲ ਵੱਖ-ਵੱਖ ਜੇਲ੍ਹਾਂ ਵਿੱਚ ਸ਼ਾਹੀ ਕੈਦੀ ਵੀ ਰਹੇ। ਇਧਰ ਆ ਕੇ 1937 ਵਿੱਚ ਪੰਜਾਬ ਕਿਸਾਨ ਸਭਾ ਦੀ ਸਥਾਪਨਾ ਲਈ ਲਾਹੌਰ ਪੁੱਜੇ। ਫਿਰ 1944 ਵਿੱਚ ਰਿਹਾਈ ਬਾਅਦ ਦੇਸ਼ ਪਰਿਵਾਰ ਸਹਾਇਕ ਕਮੇਟੀ ਬ੍ਰਹਮ ਬੂਟਾ ਅਖਾੜੇ ਪਾਸ ਅੰਮ੍ਰਿਤਸਰ ਹੁੰਦੀ ਸੀ, ਉਸ ਵਿੱਚ ਸਰਗਰਮੀਆਂ ਜਾਰੀ ਰੱਖੀਆਂ। ਆਪਣੇ ਦਿਹਾਂਤ ਸਮੇਂ ਉਹ ਪਿੰਡ ਕਸੇਲ ਵਿਖੇ ਹੀ ਸਨ। ਇਉਂ ਇਸ ਆਜ਼ਾਦੀ ਸੰਗਰਾਮੀਏ, ਦੇਸ਼ ਭਗਤ ਗ਼ਦਰੀ ਆਗੂ, ਮਾਰਕਸਵਾਦ ਲੈਨਿਨਵਾਦ ਦੀ ਸਿੱਖਿਆ ਵਿੱਚ ਪਰਪੰਰਾਗਤ, ਇਕ ਕੌਮਾਂਤਰੀਵਾਦੀ ਦਾ ਇਹ ਸੰਖੇਪ ਜੀਵਨ ਚਰਿੱਤਰ, ਮਨੁੱਖੀ ਮੁਕਤੀ ਲਈ ਲੜਨ ਵਾਲੇ ਲੋਕਾਂ ਦਾ ਪੱਥ ਪਰਦਰਸ਼ਕ ਬਣਿਆ ਰਹੇਗਾ।

ਬਾਰਾਂ ਪੱਤੀਆਂ ਵਾਲੇ ਢਿੱਲੋਂ ਜੱਟਾਂ ਦੀ ਬਹੁਤੀ ਆਬਾਦੀ ਵਾਲੇ, ਇਸ ਪਿੰਡ ਕਸੇਲ ਵਿਚ, ਜਿੱਥੇ ਹਿੰਦੂ ਮੁਸਲਮਾਨ ਵੀ ਬਹੁਤ ਰਾਜ਼ੀ ਰਹਿੰਦੇ ਸਨ, ਲਾਲਪੁਰੀਆਂ ਦੀ ਪੱਤੀ ਵਿਚ, ਸ਼ਹੀਦ ਮਾਸਟਰ ਊਧਮ ਸਿੰਘ ਕਸੇਲ ਦਾ ਜਨਮ 15 ਮਾਰਚ, 1882 ਨੂੰ ਪਿਤਾ ਸ੍ਰ. ਮੇਵਾ ਸਿੰਘ ਅਤੇ ਮਾਤਾ ਹੁਕਮ ਕੌਰ ਹੋਰਾਂ ਦੇ ਘਰ ਹੋਇਆ। ਉਹ ਬਾਬਾ ਹਰਨਾਮ ਸਿੰਘ ਕਸੇਲ ਤੋਂ ਉਮਰ ਵਿੱਚ ਦੋ ਸਾਲ ਵੱਡੇ ਸਨ। ਇਹਨਾਂ ਦੋਹਾਂ ਬਾਬਿਆਂ ਦੀ ਇਹ ਸਾਂਝੀ ਵਿਸ਼ੇਸ਼ਤਾ ਹੈ ਕਿ ਇਹਨਾਂ ਨੇ 'ਆਪ ਬੀਤੀਆਂ' ਭਾਵੀ ਪੀੜ੍ਹੀਆਂ ਲਈ ਹੱਥੀ ਲਿਖ ਛੱਡੀਆਂ ਸਨ। ਜਿਹਨਾਂ ਨੂੰ ਵਿਸਥਾਰ ਦੇ ਕੇ ਉਹਨਾਂ ਦੇ ਜੀਵਨ ਦੇ ਰਹਿੰਦੇ ਖੱਪੇ ਭਰਨ ਦਾ ਕੰਮ ਪ੍ਰੋ. ਕਿਰਪਾਲ ਸਿੰਘ ਕਸੇਲ ਹੋਰਾਂ ਇਸ ਸੁੰਦਰ ਰਚਨਾ ਦੁਆਰਾ ਕੀਤਾ ਹੈ। ਆਪ ਨੇ ਮਾਸਟਰ ਊਧਮ ਸਿੰਘ ਕਸੇਲ ਦਾ ਸ਼ੁਮਾਰ, ਗ਼ਦਰ ਪਾਰਟੀ ਦੇ ਮੋਢੀ ਆਗੂਆਂ, ਬਾਬਾ ਸੋਹਣ ਸਿੰਘ ਭਕਨਾ, ਬਾਬਾ ਜਵਾਲਾ ਸਿੰਘ ਠੱਟੀਆਂ, ਬਾਬਾ ਕੇਸਰ ਸਿੰਘ ਠਠਗੜ੍ਹ, ਬਾਬਾ ਵਿਸਾਖਾ ਸਿੰਘ ਦਦੇਹਰ ਅਤੇ ਹਰਨਾਮ ਸਿੰਘ ਟੁੰਡੀਲਾਟ ਨਾਲ ਕੀਤਾ ਹੈ।

ਮਾਸਟਰ ਜੀ ਪ੍ਰਾਇਮਰੀ ਪਿੰਡ ਤੋਂ ਅਤੇ ਮੈਟ੍ਰਿਕ ਖਾਲਸਾ ਹਾਈ ਸਕੂਲ ਅੰਮ੍ਰਿਤਸਰ ਤੋਂ ਕਰਕੇ, ਨੌਕਰੀ ਦੀ ਤਲਾਸ਼ ਵਿੱਚ ਮਲਾਇਆ ਪੁੱਜੇ। ਇੱਥੇ ਕੁਝ ਸਾਲ ਬਿਤਾਉਣ ਬਾਅਦ 1907 ਵਿੱਚ ਸਿਗਨਲਰ ਦੀ ਨੌਕਰੀ ਛੱਡ ਕੇ, ਅੰਗਰੇਜ਼ੀ ਜ਼ੁਬਾਨ ਬੋਲਣ ਵਿੱਚ ਚੰਗੀ ਮੁਹਾਰਤ ਸਦਕਾ, ਅਮਰੀਕਾ ਪੁੱਜ ਗਏ। ਇੱਥੇ ਪਹਿਲਾਂ ਤੋਂ ਪੁੱਜੇ ਮਝੈਲ ਸਿੰਘਾਂ ਦੇ ਸਹਿਯੋਗ ਨਾਲ ਔਰੇਗਾਨ ਰਾਜ ਦੀ ਇਕ ਆਰਾ ਮਿੱਲ ਤੇ ਕੰਮ ਤੇ ਲੱਗ ਗਏ। ਇਸ ਸਮੇਂ ਅਮਰੀਕਾ ਵਿੱਚ ਕੋਈ ਇਕ ਹਜ਼ਾਰ ਭਾਰਤੀ ਰਹਿ ਰਹੇ ਸਨ। ਇਹ ਦੱਸ ਦੱਸ ਦੇ ਟੋਲੇ ਬਣਾ ਕੇ ਰਹਿੰਦੇ ਸਨ। ਸੇਂਟ ਜਾਨ ਦੀ ਆਰਾ ਮਿਲ ਵਿੱਚ ਸੋਹਨ ਸਿੰਘ ਭਕਨਾ, ਈਸ਼ਰ ਸਿੰਘ ਮਰਹਾਣਾ, ਰਾਮ ਰੱਖਾ ਅਤੇ ਹਰਨਾਮ ਸਿੰਘ ਕੋਟਲਾ ਨੌਧ ਸਿੰਘ ਆਦਿ ਕੰਮ ਕਰਦੇ ਸਨ। ਹਰ ਛੁੱਟੀ ਵਾਲੇ ਦਿਨ ਉਹ ਇਕੱਠੇ ਹੁੰਦੇ ਅਤੇ ਆਪਣੀਆਂ ਸਮੱਸਿਆਵਾਂ 'ਤੇ ਵਿਚਾਰ ਕਰਦੇ। ਇਹਨਾਂ ਵਿਚਾਰ ਵਟਾਂਦਰਿਆਂ ਵਿਚੋਂ ਹੀ ਹੌਲੀ-ਹੌਲੀ ਭਾਰਤੀ ਕਾਮਿਆਂ ਨੂੰ, ਆਪਣੀ ਅੰਗਰੇਜ਼ ਸਰਕਾਰ ਦੇ ਅਧੀਨ ਗੁਲਾਮੀ ਵਾਲੀ ਸਥਿਤੀ ਦਾ, ਗਹਿਰਾ ਭਾਨ ਹੋਇਆ। ਇਸ ਕਾਰਨ ਉਹ ਦੁਨੀਆਂ ਦੀਆਂ ਆਜ਼ਾਦ ਕੌਮਾਂ ਦੇ, ਉਪਹਾਸ ਦਾ ਪਾਤਰ ਵੀ ਬਣਦੇ ਸਨ। ਦੇਸ਼ ਛੱਡ ਕੇ ਪਰਦੇਸ਼ ਆਉਣ

ਦਾ ਕਾਰਨ ਵੀ ਉਹਨਾਂ ਲਈ, ਲੁਟੇਰੀ ਸਰਕਾਰ ਦੁਆਰਾ ਦੇਸ਼ ਦੇ ਆਰਥਿਕ ਸੋਮਿਆਂ ਦੀ ਅੰਨੀ ਲੁੱਟ ਖਸੁੱਟ ਹੀ ਸੀ। ਇਸੇ ਸੋਚ ਅਧੀਨ "ਹਿੰਦੁਸਤਾਨ ਐਸੋਸੀਏਸ਼ਨ ਆਫ ਦਾ ਪੈਸੀਫਿਕ ਕਾਸਟ" ਦਾ ਗਠਨ ਹੋਇਆ। ਇਸ ਵਿੱਚ ਪ੍ਰਸ਼ਾਂਤ ਮਹਾਂਸਾਗਰ ਦੇ ਕੰਢਿਆਂ ਦੇ ਵੱਖ-ਵੱਖ ਟਿਕਾਣਿਆਂ ਤੇ ਕੰਮ ਕਰਦੇ ਹਿੰਦੁਸਤਾਨੀ ਕਾਮਿਆਂ ਦੀਆਂ, ਪਹਿਲੋਂ ਬਣੀਆਂ ਸਥਾਨਕ ਇਕਾਈਆਂ ਨੂੰ ਸ਼ਾਮਲ ਕੀਤਾ ਗਿਆ ਸੀ। ਵਾਨਾਂ ਬ੍ਰਾਂਚ ਦੇ ਸਕੱਤਰ ਯੁਵਾ ਊਧਮ ਸਿੰਘ ਕਸੇਲ ਨੂੰ ਬਣਾਇਆ ਗਿਆ। ਊਧਮ ਸਿੰਘ ਹੋਰਾਂ ਦੇ ਜ਼ਿੰਮੇ ਗ਼ਦਰ ਪਾਰਟੀ ਵਿੱਚ ਨੌਜਵਾਨਾਂ ਨੂੰ ਸੈਨਿਕ ਸਿਖਲਾਈ ਦੇਣਾ ਸੀ, ਜਿਸ ਵਿੱਚ ਉਹ ਸਿੱਧ ਹਸਤ ਸਨ।

ਦੇਸ਼ ਵਿੱਚ ਜਾ ਕੇ ਆਜ਼ਾਦੀ ਦੀ ਜੰਗ ਸ਼ੁਰੂ ਕਰਨ ਲਈ ਗ਼ਦਰੀ ਸੂਰਬੀਰਾਂ ਨੇ ਸਮੁੰਦਰੀ ਮਾਰਗ ਰਾਹੀਂ ਦੇਸ਼ ਨੂੰ ਵਹੀਰਾਂ ਘੱਤ ਲਈਆਂ। ਹਾਂਗਕਾਂਗ ਤੋਂ ਕਿਰਾਏ ਤੇ ਲਏ ਤੋਸ਼ਾ ਮਾਰੂ ਜਹਾਜ਼ ਨੇ ਊਧਮ ਸਿੰਘ ਅਤੇ ਸਾਥੀਆਂ ਨੂੰ 19 ਅਕਤੂਬਰ, 1914 ਨੂੰ ਕਲਕੱਤੇ ਘਾਟ ਤੇ ਲਾਇਆ। ਇਹ ਕੁੱਲ 2730 ਵਚਿੱਤਰ ਯਾਤਰੂ ਕਲਕੱਤੇ ਤੋਂ ਫੌਜੀ ਨਿਗਰਾਨੀ ਹੇਠ ਲੁਧਿਆਣੇ ਲਿਆਂਦੇ ਗਏ। ਸੈਂਟਰਲ ਜੇਲ੍ਹ ਵਿੱਚ ਮੁੱਢਲੀ ਪੁੱਛ-ਗਿੱਛ ਬਾਅਦ 275 ਮੁਸਾਫਰਾਂ ਨੂੰ ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਅਤੇ 2455 ਨੂੰ ਉਹਨਾਂ ਦੇ ਪਿੰਡਾਂ ਵਿੱਚ ਜੂਹਬੰਦ ਕਰ ਦਿੱਤਾ। ਮੁਕੱਦਮਾ ਚੱਲਿਆ, ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ। ਮਾਸਟਰ ਊਧਮ ਸਿੰਘ ਹੋਰਾਂ ਨੂੰ ਉਮਰ ਕੈਦ ਤੇ ਜ਼ਾਇਦਾਦ ਜ਼ਬਤੀ ਦੀ ਸਜ਼ਾ ਬੋਲੀ ਗਈ। ਮੁਲਤਾਨ, ਰਾਵਲਪਿੰਡੀ ਦੀ ਜੇਲ੍ਹ ਤੋਂ ਬਾਅਦ ਜੇਲ੍ਹ ਅਧਿਕਾਰੀਆਂ ਦੀ ਹੈਂਕੜ ਅਤੇ ਅੜਬਾਈ ਦਾ ਵਿਰੋਧ ਕਰਨ ਵਾਲੇ ਸੂਰਬੀਰਾਂ, ਜੋ ਉੱਘੇ ਗ਼ਦਰੀ ਆਗੂ ਵੀ ਸਨ, ਉਹਨਾਂ ਨਾਲ ਆਪਨੂੰ ਕਾਲੇ ਪਾਣੀ ਅੰਡੇਮਾਨ ਦੀ ਸੈਲੂਲਰ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਦਸੰਬਰ 1915 ਵਿੱਚ ਇਹ ਸੂਰਮੇ ਕਾਲੇ ਪਾਣੀ ਆਏ ਅਤੇ ਕੋਈ ਪੌਣੇ ਛੇ ਸਾਲ, ਇਸ ਜੇਲ੍ਹ ਦੇ ਬੈਰੀ ਵਰਗੇ ਬੁੱਚੜ ਅਫਸਰਾਂ ਨੂੰ, ਹਰ ਸਖਤੀ, ਮੁਸ਼ੱਕਤ, ਭੁੱਖ ਹੜਤਾਲ, ਬੈਂਤਾਂ ਦੀ ਮਾਰ, ਵਰ੍ਹਿਆਂ ਤੱਕ ਚੱਕੀ ਬੰਦੀ, ਪਿੰਜਰਾ ਬੰਦੀ ਵਰਗੀਆਂ ਸਜ਼ਾਵਾਂ ਭੁਗਤ ਕੇ, ਇਹ ਸਾਬਤ ਕਰ ਦਿੱਤਾ ਕਿ ਮਾਵਾਂ ਸੂਰਮੇ ਪੁੱਤਰ, ਸੀਨਾ ਤਾਣ ਕੇ ਤੁਰਨ ਲਈ ਜੰਮਿਆ ਕਰਦੀਆਂ ਹਨ। ਹੱਥਲੀ ਪੁਸਤਕ ਪੜ੍ਹਿਆਂ ਪਤਾ ਲੱਗਦਾ ਹੈ ਕਿ ਇਹ ਸੂਰਮੇ ਕਿਸੇ ਵੱਖਰੀ ਹੀ ਮਿੱਟੀ ਦੇ ਬਣੇ ਹੋਏ ਸਨ। ਜਿਹੜੇ ਟੁੱਟ ਤਾਂ ਸਕਦੇ ਸਨ ਪਰ ਝੁਕ ਨਹੀਂ ਸਨ ਸਕਦੇ। ਸੈਲੂਲਰ ਜੇਲ੍ਹ ਦੇ ਦੇਸ਼

ਭਗਤਾਂ ਦੀਆਂ ਕੁਰਬਾਨੀਆਂ ਆਉਂਦੀਆਂ ਨਸਲਾਂ ਦਾ ਖ਼ੂਨ ਕਦੇ ਵੀ ਠੰਡਾ ਯਖ਼ ਨਹੀਂ ਹੋਣ ਦੇਣਗੀਆਂ। ਇਕ ਮਨੁੱਖ ਦੀਆਂ ਸੰਭਾਵਨਾਵਾਂ ਕਿੰਨੀਆਂ ਵਿਸ਼ਾਲ ਹੁੰਦੀਆਂ ਹਨ, ਇਹਨਾਂ ਦਾ ਅਹਿਸਾਸ ਹੁੰਦਾ ਹੈ, ਕਾਲੇ ਪਾਣੀਆਂ ਦੀ ਇਸ ਜੇਲ੍ਹ ਵਿੱਚ ਗ਼ਦਰੀ ਯੋਧਿਆਂ ਦੁਆਰਾ, ਗੋਰੀ ਚਮੜੀ ਦੀ ਹੈਂਕੜ ਵਿੱਚ ਗਲਤਾਨ, ਅਫਸਰਸ਼ਾਹੀ ਵਿਰੁੱਧ, ਜੇਲ੍ਹ ਵਿੱਚ ਲਾਏ ਮੋਰਚਿਆਂ ਤੋਂ ਅਤੇ ਬੇਕਿਰਕ ਹੋ ਕੇ ਅਠਾਰ੍ਹਵੀਂ ਸਦੀ ਵਿਚ, ਮੀਰ ਮੰਨੂ ਦੀ ਜੇਲ੍ਹ ਵਿੱਚ ਤਸੀਹੇ ਸਹਿਣ ਵਾਲੇ ਸਿੰਘਾਂ ਸਿੰਘਣੀਆਂ ਦੇ ਸਿਦਕ ਅਤੇ ਸਿਰੜ ਨੂੰ, ਫਿਰ ਜਿਊਂਦਾ ਕਰਨ ਵਾਲੇ ਇਹਨਾਂ ਮਰਦੇ ਮੁਜਾਹਿਦਾਂ ਦੇ ਕਾਰਿਆਂ ਤੋਂ।

ਮਾਸਟਰ ਊਧਮ ਸਿੰਘ ਕਸੇਲ ਆਪਣੀਆਂ ਯਾਦਾਂ ਵਿੱਚ ਲਿਖਦੇ ਹਨ ਕਿ ਦੁਨੀਆਂ ਨੂੰ ਸੱਭਿਅਤਾ ਦਾ ਪਾਠ ਪੜ੍ਹਾਉਣ ਦਾ ਠੇਕਾ ਲੈਣ ਵਾਲੀ ਅੰਗਰੇਜ਼ ਕੌਮ ਦੇ ਇਨਸਾਫ ਦਾ ਜਨਾਜ਼ਾ ਗ਼ਦਰੀ ਦੇਸ਼ ਭਗਤਾਂ ਤੇ ਚੱਲੇ ਵੱਖ-ਵੱਖ ਸਾਜ਼ਿਸ਼ ਕੇਸਾਂ ਵਿੱਚ ਨਿਕਲਦਾ ਹੈ। ਆਪ ਲਿਖਦੇ ਹਨ, "....ਪੁਲਿਸ ਦਾ ਕੋਰਟ ਦੇ ਰੂਬਰੂ ਏਨਾ ਸਾਬਤ ਕਰ ਦੇਣਾ ਹੀ ਮੁਜਰਿਮ ਦੀ ਕਿਸਮਤ ਦਾ ਫੈਸਲਾ ਕਰਨ ਲਈ ਕਾਫੀ ਸਮਝਿਆ ਜਾਂਦਾ ਸੀ ਕਿ ਇਹ ਆਦਮੀ ਅਮਰੀਕਾ ਤੋਂ ਆਇਆ ਹੋਇਆ ਹੈ ਜਾਂ ਇਹ ਅਮਰੀਕਾ ਤੋਂ ਆਏ ਹੋਏ ਲੋਕਾਂ ਨਾਲ ਫਲਾਣੇ ਥਾਂ ਖਲੋਤਾ ਗੱਲਾਂ ਕਰਦਾ ਸੀ। ਬਸ ਫੇਰ ਕੀ ਸੀ ? ਐਸੇ ਮੁਜਰਮਾਂ ਵਾਸਤੇ ਅਦਾਲਤ ਵੱਲੋਂ ਤਿੰਨ ਸਜ਼ਾਵਾਂ ਪਹਿਲੀ ਫਾਂਸੀ, ਦੂਜੀ ਉਮਰ ਕੈਦ ਕਾਲੇ ਪਾਣੀ ਤੇ ਤੀਜੀ ਜ਼ਬਤੀ ਜਾਇਦਾਦ ਮੁਕੱਰਰ ਹੁੰਦੀਆਂ ਸਨ। ਸਵਾਦਲੀ ਗੱਲ ਇਹ ਸੀ ਕਿ ਇਹੋ ਜਿਹੀਆਂ ਸਪੈਸ਼ਲ ਅਦਾਲਤਾਂ ਦੇ ਫੈਸਲਿਆਂ ਦੀ ਕੋਈ ਅਪੀਲ ਵੀ ਨਹੀਂ ਸੀ ਹੁੰਦੀ ਤੇ ਹੁੰਦੀ ਵੀ ਕਿਦਾਂ? ਜਦ ਕਿ ਪਹਿਲਾਂ ਹੀ ਗਿਣ ਮਿਥ ਕੇ ਗੌਰਮਿੰਟ ਨੇ ਦੇਸ਼ ਭਗਤਾਂ ਦੇ ਕਤਲੇਆਮ ਲਈ ਇਹ ਬੁੱਚੜਖਾਨੇ ਤਿਆਰ ਕੀਤੇ ਹੁੰਦੇ ਸਨ।" ਅੱਗੇ ਚੱਲ ਕੇ ਅੰਡੇਮਾਨ ਦੇ ਚੀਫ ਕਮਿਸ਼ਨਰ ਮਿ: ਡਿਗਲਸ, ਜੋ ਇਕ ਦਿਨ ਸੈਲੂਲਰ ਜੇਲ੍ਹ ਦਾ ਦੌਰਾ ਕਰਨ ਆਇਆ, ਭਾਈ ਪਰਮਾਨੰਦ ਨਾਲ ਗੱਲੀਂ ਲੱਗਾ. ਕਹਿਣ ਲੱਗਾ, "ਜਦੋਂ ਮੈਂ ਐਤਕੀਂ ਛੁੱਟੀ ਸਮੇਂ ਇੰਗਲੈਂਡ ਗਿਆ ਤਾਂ ਇਕ ਦਿਨ ਰੇਲ ਵਿੱਚ ਮੈਨੂੰ ਪੰਜਾਬ ਦਾ ਪਿਛਲਾ ਗਵਰਨਰ ਉਡਵਾਇਰ ਮਿਲ ਪਿਆ। ਲਾਹੌਰ ਸਾਜਿਸ਼ ਕੇਸ ਦੇ ਉਮਰ ਕੈਦੀਆਂ ਦਾ ਜ਼ਿਕਰ ਛਿੜਦਿਆਂ ਕਹਿਣ ਲੱਗਾ ਮੈਂ ਤਾਂ ਤੁਹਾਨੂੰ (ਇਹਨਾਂ ਕੈਦੀਆਂ ਨੂੰ ਇੱਥੇ ਸਾਂਭਣ ਦੀ) ਇਹ ਤਕਲੀਫ ਨਹੀਂ ਦੇਣੀ

ਚਾਹੁੰਦਾ ਸੀ। ਮੈਂ ਤਾਂ ਸਾਰਿਆਂ ਨੂੰ ਫਾਂਸੀ ਤੇ ਲਟਕਦੇ ਵੇਖਣਾ ਚਾਹੁੰਦਾ ਸਾਂ ਪਰ ਇਹ ਗਲਤੀ ਮਿ. ਹਾਰਡਿੰਗ ਵਾਇਸਰਾਏ ਹਿੰਦ ਦੀ ਹੈ, ਜੋ ਉਸ ਨੇ ਕਈਆਂ ਦੀ ਫਾਂਸੀ ਉਮਰ ਕੈਦ ਵਿੱਚ ਬਦਲ ਦਿੱਤੀ।" ਕੀ ਇਹ ਉਹੋ ਜਿਹਾ ਜੁਆਬ ਨਹੀਂ, ਜਿਹੜਾ ਜਨਰਲ ਡਾਇਰ ਨੂੰ, ਇਹ ਪੁੱਛੇ ਜਾਣ ਤੇ ਕਿ ਜ਼ਲ੍ਹਿਆਂਵਾਲੇ ਬਾਗ਼ ਦੀ ਨਿਹੱਥੀ ਭੀੜ ਤੇ 1600 ਗੋਲੀ ਕਿਉਂ ਚਲਾਈ, ਉਸ ਕਿਹਾ ਸੀ ਕਿਉਂਕਿ ਮੇਰੇ ਪਾਸ 3200 ਗੋਲੀਆਂ ਨਹੀਂ ਸਨ।" ਇਸੇ ਕੜੀ ਵਿੱਚ ਸੁਪਰਡੈਂਟ ਜੇਲ੍ਹ ਰਾਵਲਪਿੰਡੀ ਮਿ. ਕੋਲਮੈਨ ਗ਼ਦਰੀ ਆਗੂ ਬਾਬਾ ਕੇਸਰ ਸਿੰਘ 'ਠੱਠਗੜ੍ਹ' ਨੂੰ ਇਹ ਕਹਿਣ ਤੇ ਕਿ ਤੁਸੀਂ ਸਾਨੂੰ ਰੱਜਵੀਂ ਰੋਟੀ ਕਿਉਂ ਨਹੀਂ ਦਿੰਦੇ? ਆਖਣ ਲੱਗਾ, "ਯੇਹ ਕਮ ਖ਼ੁਰਾਕ ਟੁਮ ਕੋ ਗਵਰਨਮੈਂਟ ਸੋਚ ਸਮਝ ਕਰ ਹੀ ਡੇਟੀ ਹੈ, ਵੁਹ ਇਸ ਲੀਏ ਕਿ ਫਾਂਸੀ ਕੇ ਡਿਨ ਟੁਮਾਰੇ ਗਲੋਂ ਮੇਂ ਡਾਲਨੇ ਕੇ ਲੀਏ ਮੋਟੇ ਰੱਸੋਂ ਕੀ ਜ਼ਰੂਰਤ ਨਾ ਪੜੇ।"

23 ਅਗਸਤ, 1921 ਨੂੰ ਮਾਸਟਰ ਜੀ ਹੋਰ ਸਾਥੀਆਂ ਨਾਲ ਕਾਲੇ ਪਾਣੀ ਤੋਂ ਮਦਰਾਸ ਸੈਂਟਰਲ ਜੇਲ੍ਹ ਪੁੱਜੇ ਅਤੇ ਫਿਰ ਇਹਨਾਂ ਇਕੱਲਿਆਂ ਨੂੰ ਪ੍ਰਾਂਤ ਦੀ ਬੈਲੂਰ ਜੇਲ੍ਹ ਵਿੱਚ ਭੇਜ ਦਿੱਤਾ। 1922 ਦੀ ਕਿਸੇ ਝੱਖੜ ਵਾਲੀ ਰਾਤ, ਆਪਣੀ ਮੁਸ਼ੱਕਤ ਵਾਲੀ ਮੁੰਜ ਵਿਚੋਂ ਵੱਟੇ ਰੱਸੇ ਅਤੇ ਕੋਠੜੀ ਦੇ ਜਿੰਦਰੇ ਦੀ ਕਿਸੇ ਢੰਗ ਨਾਲ ਬਣਾਈ ਚਾਬੀ ਵਰਤ ਕੇ ਹਰਨ ਹੋ ਗਏ। "ਔਖੀ ਘਾਟੀ ਲੰਮੇ ਪੈਂਡੇ" ਵਾਲੇ ਅਧਿਆਇ ਵਿੱਚ ਪ੍ਰੋ. ਕਸੇਲ ਨੇ ਮਾਸਟਰ ਜੀ ਦੇ ਦੋ-ਤਿੰਨ ਮਹੀਨਿਆਂ ਦੇ ਮੁਸ਼ੱਕਤੀ ਸਫਰ ਬਾਅਦ ਜੋ ਅਕਸਰ ਜੰਗਲਾਂ ਵਿੱਚ ਹੁੰਦਾ ਸੀ, ਪੰਜਾਬ ਦੇ ਟਿਕਾਣਿਆਂ ਬਾਰੇ ਦੱਸਿਆ ਹੈ। ਭਾਈ ਪਿਆਰਾ ਸਿੰਘ ਲੰਗੇਰੀ ਦੇ ਸਹਿਯੋਗ ਨਾਲ ਉਹ ਗ਼ਦਰ ਪਾਰਟੀ ਦੇ ਕਾਬਲ ਵਾਲੇ ਕੇਂਦਰ ਵਿੱਚ ਪੁੱਜ ਗਏ, ਜਿੱਥੇ ਹੋਰ ਗ਼ਦਰੀ ਭਾਈ ਗੁਰਮੁੱਖ ਸਿੰਘ ਲਲਤੋਂ, ਭਾਈ ਰਤਨ ਸਿੰਘ ਅਤੇ ਭਾਈ ਹਰਜਾਪ ਸਿੰਘ ਆਉਂਦੇ ਜਾਂਦੇ ਰਹਿੰਦੇ ਸਨ। ਕਾਬਲ ਵਾਲੇ ਕੇਂਦਰ ਦੀ ਇਹ ਮਹੱਤਤਾ ਸੀ ਕਿ ਇਥੋਂ ਸੋਵੀਅਤ ਰੂਸ ਦੇ ਤੁਰਕਿਸਤਾਨ, ਤੁਰਕੀ, ਇਰਾਨ ਆਦਿਕ ਨਾਲ ਵੀ ਅੰਗਰੇਜ਼ਾਂ ਵਿਰੁੱਧ ਲੜਾਈ ਦਾ ਇਕ ਵਿਆਪਕ ਮੋਰਚਾ ਬਣਾਉਣ ਲਈ ਸੰਬੰਧ ਜੋੜੇ ਜਾ ਸਕਦੇ ਸਨ। ਇਹੋ ਸੁਪਨਾ ਕਦੇ ਕੂਕੇ ਸੰਗਰਾਮੀਆਂ ਵੀ ਉਨ੍ਹੀਵੀਂ ਸਦੀ ਦੇ ਅੰਤਿਮ ਤਿੰਨ ਦਹਾਕਿਆਂ ਵਿੱਚ ਲਿਆ ਸੀ, ਜਦੋਂ ਬਾਬਾ ਗੁਰਚਰਨ ਸਿੰਘ ਚੱਕ ਰਾਮਦਾਸ ਅਤੇ ਸੂਬਾ ਬਿਸ਼ਨ ਸਿੰਘ ਕਾਬਲਵਾਲਾ ਇਸ ਕੰਮ ਵਿੱਚ

ਬਹੁਤ ਅੱਗੇ ਲੰਘ ਚੁੱਕੇ ਸਨ। ਅਫਗਾਨਿਸਤਾਨ ਵਿੱਚ ਅਫਗਾਨ ਸਰਕਾਰ ਦੇ ਮੁਖੀ ਅਮੀਰ ਆਮਾਨ ਉੱਲਾ ਤੇ ਹੋਰ ਅਧਿਕਾਰੀਆਂ ਵੱਲੋਂ ਮਾਸਟਰ ਜੀ ਨੂੰ ਆਪਣੀਆਂ ਸਿਆਸੀ ਅਤੇ ਧਾਰਮਿਕ ਗਤੀਵਿਧੀਆਂ ਵਿੱਚ ਵੀ ਬਹੁਤ ਸਹਿਯੋਗ ਮਿਲਦਾ ਰਿਹਾ। ਮਾਸਟਰ ਜੀ ਨੇ ਕਾਬਲ ਵਿੱਚ ਤੁਰਕੀ ਦੇ ਸਫੀਰ ਅਤੇ ਰੂਸੀ ਪ੍ਰਤੀਨਿਧਾਂ ਨਾਲ ਵੀ ਕੂਟਨੀਤਿਕ ਸੰਬੰਧ ਹਿੰਦੁਸਤਾਨ ਗ਼ਦਰ ਪਾਰਟੀ ਵਾਸਤੇ ਮਜ਼ਬੂਤ ਕੀਤੇ। ਇਹ ਸਮਾਂ ਪੰਜਾਬ ਵਿੱਚ ਗੁਰਦੁਆਰਾ ਸੁਧਾਰ ਲਹਿਰ ਤਹਿਤ, ਅਕਾਲੀ ਮੋਰਚਿਆਂ ਦਾ ਸਮਾਂ ਸੀ। ਇਸੇ ਸਮੇਂ ਪੰਜਾਬ ਦੇ ਗੁਪਤ ਦੌਰੇ ਸਮੇਂ ਮਾਸਟਰ ਜੀ ਤਦੋਂਕੇ ਅਕਾਲੀ ਆਗੂਆਂ ਨੂੰ ਵੀ ਮਿਲਦੇ। ਸਿੱਖਾਂ ਦੇ ਕਾਬਲ ਵਿੱਚ ਜਾਂ ਹੋਰ ਸ਼ਹਿਰਾਂ ਵਿੱਚ ਨਿਕਲਣ ਵਾਲੇ ਧਾਰਮਿਕ ਜਲੂਸਾਂ ਵਿੱਚ ਮਾਸਟਰ ਜੀ ਪੰਜਾਬ ਦੇ ਅਕਾਲੀ ਅੰਦੋਲਨ ਬਾਰੇ ਵੀ ਚਰਚਾ ਕਰਦੇ, ਜਿਸ ਵਿੱਚ ਸ਼ਾਂਤਮਈ ਸਿੱਖਾਂ ਦੀਆਂ ਕੁਰਬਾਨੀਆਂ ਤੋਂ ਅਫਗਾਨ ਸਰਕਾਰ ਪ੍ਰਭਾਵਿਤ ਹੁੰਦੀ। ਇਸੇ ਸਮੇਂ ਅਫਗਾਨਿਸਤਾਨ ਨੇ ਆਪਣੀ ਹਿੰਦੂ ਸਿੱਖ ਪਰਜਾ ਦੇ ਦਿਲ ਜਿੱਤਣ ਲਈ ਅਫਗਾਨਿਸਤਾਨ ਵਿੱਚ ਗਊ-ਹੱਤਿਆ ਤੇ ਮੁਕੰਮਲ ਪਾਬੰਦੀ ਲਾ ਦਿੱਤੀ ਸੀ। ਮਾਸਟਰ ਜੀ ਦੇ ਇਹਨਾਂ ਗੁਪਤ ਪੰਜਾਬ ਦੌਰਿਆਂ ਅਤੇ ਅਕਾਲੀ ਲਹਿਰ ਨਾਲ ਉਹਨਾਂ ਦੇ ਨੇੜ ਨੂੰ, ਅੰਗਰੇਜ਼ ਸਰਕਾਰ ਦੇ ਦਸਤਾਵੇਜਾਂ ਵਿੱਚ ਸਾਂਭਿਆ ਗਿਆ ਹੈ। 1926 ਵਿੱਚ ਜਦੋਂ ਉਹ ਪੰਜਾਬ ਤੋਂ ਅਕਾਲੀ ਆਗੂਆਂ ਜਾਂ ਹੋਰ ਕੌਮ ਪ੍ਰਸਤਾਂ ਪਾਸੋਂ ਇਕ ਵੱਡੀ ਰਕਮ ਆਪਣੇ ਸਿਆਸੀ ਮਨੋਰਥ ਲਈ ਕਾਬਲ ਵਿੱਚ ਲੈ ਕੇ ਆ ਰਹੇ ਸਨ, ਤਾਂ ਪੈਸੇ ਦੇ ਲੋਭ ਵਿੱਚ ਇਕ ਗਾਈਡ ਨੇ ਆਪ ਨੂੰ ਧੋਖੇ ਨਾਲ 27, 28 ਜਨਵਰੀ ਮੁਤਾਬਿਕ 15 ਮਾਘ ਨੂੰ ਕਤਲ ਕਰ ਦਿੱਤਾ। ਇਸ ਤੇ ਅਫਗਾਨ ਜਨਤਾ ਨੇ ਬਹੁਤ ਸੋਗ ਮਨਾਇਆ। ਕਿਉਂਕਿ ਆਪ ਇੱਥੇ ਇਕ ਵਿਦਿਆਲਾ ਚਲਾਇਆ ਕਰਦੇ ਸਨ, ਜਿਸ ਕਰਕੇ ਸ਼ਬਦ ਮਾਸਟਰ ਆਪ ਦੇ ਨਾਮ ਨਾਲ ਜੁੜ ਗਿਆ।

ਕਸੇਲ ਪਿੰਡ ਵਿੱਚ ਇਕ ਜੋੜ ਮੇਲਾ 1912-13 ਤੋਂ ਹਰ ਵਰ੍ਹੇ ਮਨਾਇਆ ਜਾਂਦਾ ਹੈ, ਜਿਸ ਨੂੰ ਇਸ ਭੂਮੀ ਦੇ ਕੁਰਬਾਨੀਆਂ ਵਾਲੇ ਗ਼ਦਰੀ ਸੂਰਬੀਰਾਂ ਦੀ ਯਾਦ ਨਾਲ ਵੀ ਜੋੜਿਆ ਜਾਂਦਾ ਹੈ। ਕਸੇਲ ਦੇ ਇਹਨਾਂ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਅਜੋਕੀ ਪੀੜ੍ਹੀ ਦੇ ਯੁਵਾ ਜਨਾਂ ਨੂੰ ਮਨੁੱਖੀ ਸਮਾਨਤਾ, ਭਾਈਚਾਰਾ ਅਤੇ ਵਿੱਥਾਂ ਵਿਰਲਾਂ ਰਹਿਤ ਸਮਾਜ ਦੀ ਸਥਾਪਨਾ ਲਈ ਸਦਾ ਪ੍ਰੇਰਿਤ ਕਰਦੀਆਂ

ਰਹਿਣਗੀਆਂ। ਪ੍ਰੋ. ਕਸੇਲ ਆਪਣੀ ਸਰੀਰਕ ਅਸਮਰੱਥਾ ਦੇ ਬਾਵਜੂਦ ਜੇ ਅੱਧੀ ਸਦੀ ਤੋਂ ਵੱਧ ਸਮਾਂ ਆਪਣੇ ਭਰਪੂਰ ਸਾਹਿਤਕ ਅਤੇ ਜਥੇਬੰਦਕ ਕਾਰਜਾਂ ਵਿੱਚ ਇਕ ਦਿਓ ਕੱਦ ਸ਼ਖਸ਼ੀਅਤ ਦੀ ਹੈਸੀਅਤ ਵਿੱਚ ਸਾਦਗੀ, ਸਿਰੜ ਅਤੇ ਨਿਸ਼ਠਾ ਨਾਲ ਬਿਤਾ ਸਕੇ ਹਨ ਤਾਂ ਇਹ ਇਹਨਾਂ ਬਾਬਿਆਂ ਦੇ ਥਾਪੜੇ ਅਤੇ ਵਿਰਾਸਤ ਸਦਕਾ ਹੀ ਸੰਭਵ ਹੋਇਆ। ਪ੍ਰੋਫੈਸਰ ਸਾਹਿਬ ਦੀ ਇਹ ਪੁਸਤਕ ਗ਼ਦਰ ਲਹਿਰ ਦੇ ਹੋਰ ਸਟੀਕ ਮੁਲੰਕਣ ਵਿੱਚ ਸਹਾਈ ਹੋਵੇਗੀ। ਕਸੇਲ ਪਿੰਡ ਦੇ ਕਲਮ ਦੇ ਇਸ ਸਿਪਾਹ ਸਲਾਰ ਦੇ ਨਰੋਏ ਜੀਵਨ ਦੀ ਕਾਮਨਾ ਕਰਦਾ ਹਾਂ।

ਮਿਤੀ : 27.03.2012

ਸਵਰਨ ਸਿੰਘ ਵਿਰਕ
ਕਰੀਵਾਲਾ, ਸਿਰਸਾ (ਹਰਿਆਣਾ)



ਬਾਬਾ ਹਰਨਾਮ ਸਿੰਘ ਕਸੇਲ
(1884-1963)

ਤਤਕਰਾ

ਆਦਿ-ਕਥਨ

ਪਿੰਡ ਕਸੇਲ ਮਾਝੇ ਦੇ ਮਸ਼ਹੂਰ ਪਿੰਡਾਂ ਵਿੱਚੋਂ ਹੈ। ਉੱਚੇ ਥੇਹ ਤੇ ਵਸਿਆ ਹੋਇਆ ਇਹ ਪਿੰਡ ਦੂਰੋਂ ਹੀ ਦਿਖਾਈ ਦਿੰਦਾ ਹੈ ਅਤੇ ਪਿਛਲੇ ਡੇਢ ਸੌ ਸਾਲਾਂ ਦਾ ਇਸ ਪਿੰਡ ਦਾ ਇਤਿਹਾਸ ਕਈ ਮਹੱਤਵਪੂਰਨ ਘਟਨਾਵਾਂ ਆਪਣੇ ਵਿੱਚ ਲਈ ਬੈਠਾ ਹੈ। ਕੋਈ ਵੀ ਅਜਿਹੀ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਲਹਿਰ ਨਹੀਂ, ਜੋ ਇਨ੍ਹਾਂ ਸਾਲਾਂ ਵਿੱਚ ਭਾਰਤ ਤੇ ਪੰਜਾਬ ਵਿੱਚ ਚਲੀ ਹੋਵੇ ਤੇ ਇਸ ਪਿੰਡ ਦੇ ਲੋਕਾਂ ਨੂੰ ਉਸ ਨੇ ਪ੍ਰਭਾਵਿਤ ਨਾ ਕੀਤਾ ਹੋਵੇ। ਕੇਵਲ ਇੰਨਾ ਹੀ ਨਹੀਂ ਸਗੋਂ ਇਸ ਪਿੰਡ ਦੇ ਸੂਝਵਾਨ, ਦਲੇਰ ਅਤੇ ਆਪਾ ਵਾਰੂ ਕੁਰਬਾਨੀਆਂ ਦੇ ਪੁੰਜ ਆਗੂਆਂ ਨੇ ਆਪਣਾ ਬਣਦਾ ਸਰਦਾ ਯੋਗਦਾਨ ਨਾ ਪਾਇਆ ਹੋਵੇ। ਇਸ ਪਿੰਡ ਦੀਆਂ ਕੁਝ ਆਪਣੀਆਂ ਹੀ ਵਿਸ਼ੇਸ਼ ਰਵਾਇਤਾਂ ਹਨ।

ਪਿਛਲੇ ਸੌ ਸਾਲ ਤੋਂ ਵੀ ਵਧੀਕ ਸਮੇਂ ਤੋਂ ਇੱਥੇ ਹਰ ਸਾਲ ਚੇਤ ਦੇ ਮਹੀਨੇ ਤਿੰਨ ਦਿਨਾਂ ਦਾ ਧਾਰਮਿਕ ਦੀਵਾਨ ਲੱਗਦਾ ਆਇਆ ਹੈ। ਕਹਿਣ ਨੂੰ ਤਾਂ ਇਹ ਧਾਰਮਿਕ ਦੀਵਾਨ ਹੈ, ਪਰ ਇਸ ਵਿੱਚ ਦੇਸ਼ ਦੀ ਹਰ ਕੌਮੀ ਲਹਿਰ ਨਾਲ ਜੁੜੀਆਂ ਰਵਾਇਤਾਂ ਰਾਜਨੀਤਿਕ ਤੇ ਸਮਾਜਿਕ ਜਾਗ੍ਰਿਤੀ ਦਾ ਪ੍ਰਕਾਸ਼ ਫੈਲਾਉਂਦੀਆਂ ਰਹੀਆਂ ਹਨ। ਜਿਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਇਸ ਪਿੰਡ ਦੇ ਸੂਝਵਾਨ ਲੋਕ ਇਨ੍ਹਾਂ ਲਹਿਰਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਪਾਉਂਦੇ ਰਹੇ ਹਨ। ਇਨ੍ਹਾਂ ਵਿਚੋਂ ਕਈ ਤਾਂ ਆਪਣੀ ਦੇਸ਼ ਦੀ ਆਜ਼ਾਦੀ ਦੀ ਪ੍ਰਾਪਤੀ ਲਈ ਸ਼ਹੀਦੀਆਂ ਪਾ ਗਏ ਅਤੇ ਕਈ ਹੋਰਾਂ ਨੇ ਜੇਲ੍ਹਾਂ ਵਿੱਚ ਲੰਮੀਆਂ-ਲੰਮੀਆਂ ਕੈਦਾਂ ਕੱਟੀਆਂ।

ਭਾਰਤ ਦੇ ਸੁਤੰਤਰਤਾ ਸੰਗਰਾਮ ਵਿੱਚ ਜਿੱਥੇ ਇੰਡੀਅਨ ਨੈਸ਼ਨਲ ਕਾਂਗਰਸ ਦਾ ਬਹੁਤ ਵੱਡਾ ਯੋਗਦਾਨ ਹੈ, ਉੱਥੇ ਹਿੰਦੁਸਤਾਨ ਗ਼ਦਰ ਪਾਰਟੀ ਵੱਲੋਂ ਵੀ ਪਾਇਆ ਗਿਆ ਹਿੱਸਾ ਕੋਈ ਘੱਟ ਮਹੱਤਤਾ ਵਾਲਾ ਨਹੀਂ। ਸੈਂਕੜੇ ਦੇਸ਼ ਭਗਤਾਂ

ਨੇ ਇਸ ਲਹਿਰ ਵਿੱਚ ਵੱਡੀਆਂ-ਵੱਡੀਆਂ ਕੁਰਬਾਨੀਆਂ ਕੀਤੀਆਂ ਹਨ। ਮੈਨੂੰ ਮਾਣ ਹੈ ਕਿ ਮੇਰੇ ਜਨਮ ਪਿੰਡ ਕਸੇਲ ਦੇ ਦੇਸ਼ ਸੇਵਕਾਂ ਨੇ ਵੱਡੀਆਂ ਕੁਰਬਾਨੀਆਂ ਦੇ ਕੇ ਅਤੇ ਅਨੇਕ ਕਸ਼ਟ ਅਤੇ ਸਰਕਾਰੀ ਤਸੀਹੇ ਝੱਲ ਕੇ ਦ੍ਰਿੜ੍ਹ ਇਰਾਦੇ ਨਾਲ ਆਪਣੀ ਮੰਜਿਲ ਵੱਲ ਵੱਧਦੇ ਰਹੇ। ਅਜਿਹਾ ਹੀ ਇਤਿਹਾਸ ਪਿੰਡ ਕਸੇਲ ਦੇ ਮਹਾਨ ਗ਼ਦਰੀ ਸ਼ਹੀਦ ਮਾ. ਊਧਮ ਸਿੰਘ ਕਸੇਲ ਦਾ ਹੈ। 23 ਨੰ. ਰਸਾਲੇ ਦੇ ਸ਼ਹੀਦ ਬੂਟਾ ਸਿੰਘ ਦੀ ਕੁਰਬਾਨੀ ਵੀ ਕੋਈ ਘੱਟ ਲਾਸਾਨੀ ਨਹੀਂ। ਬਾਬਾ ਹਰਨਾਮ ਸਿੰਘ ਕਸੇਲ ਜੋ 1921-22 ਸਾਲਾਂ ਵਿੱਚ ਗ਼ਦਰ ਪਾਰਟੀ ਦੇ ਪ੍ਰਧਾਨ ਰਹੇ ਅਤੇ ਫੇਰ ਪਾਰਟੀ ਦੇ ਆਦੇਸ਼ਾਂ ਅਨੁਸਾਰ ਸੋਵੀਅਤ ਯੂਨੀਅਨ ਜਾ ਕੇ ਰਾਜਨੀਤਿਕ ਸਿੱਖਿਆ ਗ੍ਰਹਿਣ ਕੀਤੀ। ਇਸ ਪਿਛੋਂ 1927-28 ਵਿੱਚ ਚੀਨ ਜਾ ਕੇ ਉਥੋਂ ਦੀਆਂ ਇਨਕਲਾਬੀ ਲਹਿਰਾਂ ਵਿੱਚ ਹਿੱਸਾ ਪਾਇਆ ਅਤੇ ਫੇਰ 1936-37 ਵਿੱਚ ਭਾਰਤ ਆ ਕੇ ਵੀ ਟਿੱਕ ਕੇ ਨਹੀਂ ਬੈਠੇ, ਸਗੋਂ ਸਵਤੰਤਰਤਾ ਸੰਗਰਾਮ ਵਿੱਚ ਸਰਗਰਮ ਯੋਗਦਾਨ ਪਾਉਂਦੇ ਰਹੇ।

ਪਿੰਡ ਕਸੇਲ ਦੇ ਇਨ੍ਹਾਂ ਬੀਰ ਯੋਧਿਆਂ ਅਤੇ ਸਵਤੰਤਰਤਾ ਸੰਗਰਾਮੀਆਂ ਦੇ ਬੀਰ ਕਰਤਵਾਂ ਦੀ ਵਿਥਿਆ ਦਾ ਬਿਆਨ ਹੀ ਇਸ ਪੁਸਤਕ ਵਿੱਚ ਕੀਤਾ ਗਿਆ ਹੈ। ਲੇਖਕ ਦਾ ਮਨੋਰਥ ਤਾਂ ਕੇਵਲ ਇਹੋ ਹੀ ਹੈ ਕਿ ਅਸੀਂ ਉਨ੍ਹਾਂ ਬੀਰ ਯੋਧਿਆਂ ਤੇ ਸਵਤੰਤਰਤਾ ਸੰਗਰਾਮੀਆਂ ਦੇ ਬੇ-ਮਿਸਾਲ ਜੀਵਨ ਚਰਿੱਤਰ ਤੋਂ ਪ੍ਰੇਰਣਾ ਲੈ ਕੇ ਆਪਣੇ ਸਮੇਂ ਵਿੱਚ ਦੇਸ਼ ਸੇਵਾ ਦੇ ਕਾਰਜਾਂ ਵਿੱਚ ਕੋਈ ਠੋਸ ਹਿੱਸਾ ਪਾ ਸਕੀਏ।

ਇਨ੍ਹਾਂ ਦੇਸ਼ ਭਗਤਾਂ ਨੂੰ ਲੱਖ-ਲੱਖ ਵਾਰ ਪ੍ਰਣਾਮ ਹੈ।

ਪਟਿਆਲਾ
02-03-2012

ਕਿਰਪਾਲ ਸਿੰਘ ਕਸੇਲ

1

ਬਚਪਨ ਦੇ ਆਸ-ਪਾਸ

ਜ਼ਿਲ੍ਹਾ ਤਰਨ-ਤਾਰਨ ਦਾ ਪਿੰਡ ਕਸੇਲ ਮਾਝੇ ਦੇ ਮਸ਼ਹੂਰ ਪਿੰਡਾਂ ਵਿੱਚੋਂ ਹੈ। ਉੱਚੇ ਥੇਹ ਉੱਤੇ ਵਸਿਆ ਬਾਰਾਂ ਪੱਤੀਆਂ ਦਾ ਇਹ ਪਿੰਡ ਦੂਰੋਂ-ਦੂਰੋਂ ਹੀ ਰਾਹੀ ਪਾਂਧੀਆਂ ਨੂੰ ਦਿਸ ਪੈਂਦਾ ਹੈ। ਉਸ ਸਮੇਂ ਦੇ ਸਾਰੇ ਪਿੰਡਾਂ ਵਾਂਗ ਇਹ ਪਿੰਡ ਵੀ ਪੁਰਾਣੇ ਪੰਜਾਬੀ ਸਭਿਆਚਾਰ ਵਾਲਾ ਸੀ। ਜਿਥੇ ਸਿੱਖ, ਹਿੰਦੂ, ਮੁਸਲਮਾਨ, ਈਸਾਈ ਅਤੇ ਹੋਰ ਬਿਰਾਦਰੀਆਂ ਰਲ-ਮਿਲ ਕੇ ਰਹਿੰਦੀਆਂ ਸਨ। ਪਿੰਡਾਂ ਦੀਆਂ ਬਹੁਤੀਆਂ ਲੋੜਾਂ ਪਿੰਡ ਵਿੱਚੋਂ ਹੀ ਪੂਰੀਆਂ ਹੋ ਜਾਂਦੀਆਂ ਸਨ। ਵਿੱਦਿਆ ਆਮ ਨਹੀਂ ਸੀ। ਕੋਈ ਟਾਵਾਂ-ਟਾਵਾਂ ਹੀ ਪਿੰਡ ਵਿੱਚ ਪੜ੍ਹਿਆ-ਲਿਖਿਆ ਹੁੰਦਾ ਸੀ। ਥੋੜ੍ਹੀ ਬਹੁਤੀ ਅੱਖਰਾਂ ਦੀ ਪਛਾਣ ਗੁਰਮੁੱਖੀ ਜਾਂ ਉਰਦੂ ਵਿੱਚ ਗੁਰਦਵਾਰੇ ਦੇ ਭਾਈਆਂ ਅਤੇ ਮਸੀਤਾਂ ਦੇ ਮੌਲਵੀਆਂ ਤੋਂ ਮਿਲਦੀ ਸੀ। ਖੱਤ-ਪੱਤਰੀ ਜਾਂ ਸਰਕਾਰੀ ਮਾਮਲੇ ਦਾ ਹਿਸਾਬ-ਕਿਤਾਬ ਵੀ ਪਟਵਾਰੀ ਜਾਂ ਕਿਸੇ ਵਿਰਲੇ ਵਾਂਝੇ ਨੰਬਰਦਾਰ ਨੂੰ ਹੀ ਪਤਾ ਹੁੰਦਾ ਸੀ। ਜਿਸ ਵੇਲੇ ਦਾ ਮੈਂ ਇਥੇ ਬਿਆਨ ਕਰਨ ਲੱਗਾ ਹਾਂ ਉਹ ਉਨੀਵੀਂ ਸਦੀ ਦੇ ਪਿਛਲੇ ਦੋ ਦਹਾਕਿਆਂ ਦਾ ਹੈ।

ਪਿੰਡ ਦੀਆਂ ਬਾਰਾਂ ਪੱਤੀਆਂ ਵਿਚੋਂ ਸਿਰਮਾਰਾਂ ਦੀ ਪੱਤੀ ਕਾਫ਼ੀ ਮੰਨੀ-ਦੰਨੀ ਸੀ। ਇਸ ਪੱਤੀ ਦੇ ਲਗਭਗ ਸਾਰੇ ਵਾਸੀ ਸਿੱਖ ਜੱਟ ਪਰਵਾਰਾਂ ਵਿੱਚੋਂ ਸਨ। ਜਿਨ੍ਹਾਂ ਦਾ ਗੁਜ਼ਾਰਾ ਵਾਹੀ ਜੋਤੀ ਅਤੇ ਖੇਤੀ ਦੇ ਆਸਰੇ ਚਲਦਾ ਸੀ। ਹਰ ਘਰ ਵਿੱਚ ਮੱਝਾਂ, ਗਾਵਾਂ, ਬਲਦ, ਸੰਢੇ ਅਤੇ ਘੋੜੇ-ਘੋੜੀਆਂ ਟੱਬਰ ਦੀ ਜਾਇਦਾਦ ਸਮਝੇ ਜਾਂਦੇ ਸਨ। ਪਰ ਲੋਕਾਂ ਵਿੱਚ ਇਕ-ਦੂਜੇ ਦੀ ਸਾਂਝ ਤੇ ਭਾਈਚਾਰੇ ਦਾ ਪ੍ਰੇਮ ਅਤੇ ਨੇਮ ਸਾਰੇ ਖੁਸ਼ੀ-ਖੁਸ਼ੀ ਨਿਭਾਉਂਦੇ ਸਨ। ਨਕਦ ਪੈਸਾ ਕਿਸੇ ਵਿਰਲੇ ਪਰਿਵਾਰ ਕੋਲ ਹੀ ਹੁੰਦਾ ਸੀ। ਆਮ ਕਾਰੋਬਾਰ ਜਾਂ ਵਣਜ-ਵਪਾਰ ਜਿਣਸਾਂ ਦੇ ਵਟਾਂਦਰੇ 'ਤੇ ਹੀ ਚੱਲਦਾ ਸੀ। ਪਰ ਲੋਕ ਬੜੇ ਮਿਹਨਤੀ ਸਨ। ਜਿਮੀਦਾਰਾਂ ਤੋਂ ਬਿਨਾਂ ਹੋਰ ਬਿਰਾਦਰੀਆਂ

ਤਰਖਾਣ, ਲੋਹਾਰ, ਜੁਲਾਹੇ, ਮੋਚੀ, ਤੇਲੀ, ਮਹਿਰੇ ਤੇ ਛੋਟੇ ਕੰਮੀ ਜੋ ਜਿਮੀਦਾਰਾਂ ਦੇ ਘਰਾਂ ਵਿੱਚ ਨਿੱਕਾ-ਮੋਟਾ ਕੰਮ ਕਰਕੇ ਆਪਣਾ ਗੁਜਰ-ਗੁਜ਼ਾਰਾ ਕਰਦੇ ਸਨ।

ਜਿਸ ਪਿੰਡ ਦੇ ਪਰਵਾਰ ਦੇ ਬਿਰਤਾਂਤ ਦੇ ਨਾਇਕ ਹਰਨਾਮ ਸਿੰਘ ਦਾ ਸੰਬੰਧ ਹੈ, ਉਹ ਸਿਰਮਾਰਾਂ ਦੀ ਪੱਤੀ ਦੇ ਇਕ ਸਿੱਖ ਜੱਟ ਪਰਿਵਾਰ ਨਾਲ ਹੀ ਜਾ ਜੁੜਦਾ ਹੈ, ਜੋ ਛੋਟੇ ਜਿਮੀਂਦਾਰਾਂ ਵਿਚੋਂ ਸੀ।

ਹਰਨਾਮ ਸਿੰਘ ਦੇ ਵਡੇਰੇ ਜੋ ਢਿਲੋਂ ਗੋਤ ਵਿੱਚੋਂ ਸਨ, ਪਿੰਡ ਦੀ ਪੱਛਮੀ ਬਾਹੀ ਜਿਸ ਦਾ ਇਕ ਸਿਰ੍ਹਾ ਦੱਖਣੀ ਪਾਸੇ ਸੀ, ਦੇ ਵਾਸੀ ਸਨ। ਇਹ ਪਰਿਵਾਰ ਬਾਬੇ ਦਾਦਿਆਂ ਤੋਂ ਭਾਵੇਂ ਇਕ ਸੀ ਪਰ ਹੁਣ ਇਹ ਹਰੀ ਸਿੰਘ ਤੇ ਹੀਰਾ ਸਿੰਘ ਦੇ ਦੋ ਪਰਿਵਾਰਾਂ ਵਿੱਚ ਵੰਡਿਆ ਗਿਆ ਸੀ। ਹਰੀ ਸਿੰਘ ਦੇ ਪੰਜ ਪੁੱਤਰ ਸਨ ਤੇ ਹੀਰਾ ਸਿੰਘ ਦਾ ਇਕ। ਹਰੀ ਸਿੰਘ ਦੇ ਪੁੱਤਰਾਂ ਦਾ ਨਾਮ - ਵੀਰ ਸਿੰਘ, ਈਸ਼ਰ ਸਿੰਘ, ਕੇਸਰ ਸਿੰਘ, ਸ਼ੇਰ ਸਿੰਘ ਤੇ ਮਾਨ ਸਿੰਘ ਸੀ ਅਤੇ ਹੀਰਾ ਸਿੰਘ ਦੇ ਪੁੱਤਰ ਦਾ ਨਾਮ ਖੜਕ ਸਿੰਘ ਸੀ। ਜਿਸ ਦੇ ਅੱਗੋਂ ਚਾਰ ਪੁੱਤਰ ਜਗਤ ਸਿੰਘ, ਆਸਾ ਸਿੰਘ, ਆਲਾ ਸਿੰਘ ਤੇ ਮਾਲਾ ਸਿੰਘ ਸਨ। ਇਨ੍ਹਾਂ ਦੋ ਪਰਿਵਾਰਾਂ ਦੇ ਸਾਂਝੇ ਘਰ ਸਨ, ਜੋ ਹੁਣ ਆਪਣੇ ਆਪਣੇ ਵੱਖਰੇ ਥਾਵਾਂ 'ਤੇ ਵੱਸੇ ਹੋਏ ਸਨ।

ਉਸ ਸਮੇਂ ਪੜ੍ਹਨ-ਲਿਖਣ ਦਾ ਕੋਈ ਰਿਵਾਜ਼ ਨਹੀਂ ਸੀ। ਪਿੰਡ ਦਾ ਇਕ ਮੁਸਲਮਾਨ ਮੌਲਵੀ ਨੂਰਦੀਨ ਛੋਟੇ ਬੱਚਿਆਂ ਨੂੰ ਉਰਦੂ ਅੱਖਰ ਪੜ੍ਹਾਉਂਦਾ ਹੁੰਦਾ ਸੀ ਅਤੇ ਨਿੱਜੀ ਯਤਨਾਂ ਨਾਲ ਚੌਥੀ ਜਮਾਤ ਦੀ ਪੜ੍ਹਾਈ ਪਿੰਡ ਵਿੱਚ ਹੀ ਕਰਵਾ ਦਿੰਦਾ ਸੀ।

ਹਰਨਾਮ ਸਿੰਘ ਸ਼ੇਰ ਸਿੰਘ ਦੇ ਪੁੱਤਰਾਂ ਵਿੱਚੋਂ ਇਕ ਸੀ। ਉਸਦਾ ਹੋਰ ਵੀ ਇਕ ਪੁੱਤਰ ਕਿਸ਼ਨ ਸਿੰਘ ਸੀ, ਜੋ ਹਰਨਾਮ ਸਿੰਘ ਤੋਂ ਵੱਡਾ ਸੀ। ਕਿਸ਼ਨ ਸਿੰਘ ਦੀ ਬੰਸ ਵਿੱਚੋਂ ਲਾਭ ਸਿੰਘ, ਵਧਾਵਾ ਸਿੰਘ ਤੇ ਲਾਭ ਕੌਰ ਸਨ। ਵਧਾਵਾ ਸਿੰਘ ਦੇ ਅੱਗੇ ਦੋ ਪੁੱਤਰ ਗੁਰਚਰਨ ਸਿੰਘ ਅਤੇ ਤ੍ਰਿਲੋਕ ਸਿੰਘ ਤੇ ਇਕ ਧੀ ਪ੍ਰਕਾਸ਼ ਕੌਰ ਸਨ। ਇਹਨਾਂ ਵਿੱਚੋਂ ਤ੍ਰਿਲੋਕ ਸਿੰਘ ਢਿੱਲੋਂ ਜੋ ਹੁਣ ਪਰਿਵਾਰ ਸਮੇਤ ਅਬੋਹਰ ਨਿਵਾਸ ਰੱਖਦਾ ਹੈ ਤੇ ਸਾਹਿਤਕ ਤੌਰ ਤੇ ਵੀ ਪੰਜਾਬੀ ਸਾਹਿਤਕਾਰ ਤੇ ਸਾਹਿਤ ਪ੍ਰੇਮੀ ਵਜੋਂ ਸਾਹਿਤਕ ਗਤੀਵਿਧੀਆਂ ਵਿੱਚ ਡੂੰਘੀ ਦਿਲਚਸਪੀ ਲੈ ਰਿਹਾ ਹੈ। ਇਸੇ ਤਰ੍ਹਾਂ ਕੇਸਰ ਸਿੰਘ ਦੇ ਪਰਿਵਾਰ ਵਿੱਚੋਂ ਇਕ ਪੁੱਤਰ ਤੇਜਾ ਸਿੰਘ ਸੀ। ਹਰਨਾਮ ਸਿੰਘ ਤੇ ਤੇਜਾ ਸਿੰਘ ਹਾਣੀ ਸਨ ਤੇ ਇਕ ਦੂਜੇ ਨਾਲ ਇਨ੍ਹਾਂ ਦਾ ਪਿਆਰ ਵੀ ਸੀ। ਇਹ ਦੋਵੇਂ ਇਕੱਠੇ ਮੌਲਵੀ ਨੂਰਦੀਨ ਤੋਂ ਪੜ੍ਹੇ ਸਨ। ਇਨ੍ਹਾਂ ਦੋਵਾਂ ਟੱਬਰਾਂ ਵਿੱਚੋਂ ਹੋਰ ਕਿਸੇ ਨੂੰ

ਪੜ੍ਹਨ-ਲਿਖਣ ਦਾ ਸ਼ੌਂਕ ਨਹੀਂ ਸੀ। ਬਸ ਛੋਟੇ-ਮੋਟੇ ਕੰਮ ਕਰਨੇ, ਡੰਗਰ-ਵਛਾ ਸਾਂਭਣਾ, ਪੱਠਾ-ਦੱਥਾ ਲੈ ਆਉਣਾ ਅਤੇ ਹੋਰ ਘਰਾਂ ਦੇ ਨਿੱਕੇ ਮੋਟੇ ਕੰਮਾਂ ਵਿੱਚ ਸਾਰੇ ਰੁੱਝੇ ਰਹਿੰਦੇ ਸਨ। ਗੁਜ਼ਾਰਾ ਕੋਈ ਇੰਨਾ ਸੌਖਾ ਨਹੀਂ ਸੀ। ਹੱਥੀਂ ਕੰਮ ਕਰਕੇ ਹੀ ਗੁਜ਼ਾਰਾ ਚਲਦਾ ਸੀ।

ਹਰਨਾਮ ਸਿੰਘ ਤੇ ਤੇਜਾ ਸਿੰਘ ਬਾਰਵੇਂ-ਤੇਰਵੇਂ ਸਾਲ ਵਿੱਚ ਸਨ ਜਦੋਂ ਉਨ੍ਹਾਂ ਨੂੰ ਚਾਰ ਜਮਾਤਾਂ ਪਾਸ ਕਰਕੇ ਅੱਗੇ ਪੜ੍ਹਨ ਦਾ ਸ਼ੌਂਕ ਜਾਗਿਆ। ਉਤਲੀਆਂ ਜਮਾਤਾਂ ਦੇ ਖਰਚੇ ਨੂੰ ਵੇਖ ਕੇ ਇਨ੍ਹਾਂ ਦੋਹਾਂ ਦੇ ਮਾਪੇ ਅੱਗੇ ਪੜ੍ਹਾਉਣ ਲਈ ਤਿਆਰ ਨਹੀਂ ਸਨ। ਇਕ ਤਾਂ ਨੇੜੇ-ਤੇੜੇ ਕੋਈ ਮਿਡਲ ਜਾਂ ਹਾਈ ਸਕੂਲ ਨਹੀਂ ਸੀ, ਦੂਜੇ ਅੰਮ੍ਰਿਤਸਰ ਦੇ ਸਕੂਲਾਂ ਵਿੱਚ ਪੜ੍ਹਾ ਕੇ ਮਾਪਿਆਂ ਦਾ ਖਿਆਲ ਸੀ ਕਿ ਮੁੰਡੇ ਖਰਾਬ ਹੋ ਜਾਂਦੇ ਹਨ। ਪਿੰਡ ਤੋਂ ਅੰਮ੍ਰਿਤਸਰ ਕੋਈ 8 ਕੋਹ ਦੀ ਵਿੱਥ ਤੇ ਸੀ ਅਤੇ ਬਹੁਤ ਸਾਰਾ ਪੰਧ ਪੈਦਲ ਹੀ ਕਰਨਾ ਪੈਂਦਾ ਸੀ, ਫੇਰ ਵੀ ਮੁੰਡਿਆਂ ਦੀ ਪੜ੍ਹਨ ਦੀ ਰੀਝ ਤੇ ਜਿੱਦ ਨੂੰ ਵੇਖ ਕੇ ਉਨ੍ਹਾਂ ਦੇ ਮਾਪੇ ਉਨ੍ਹਾਂ ਨੂੰ ਅੱਗੇ ਪੜ੍ਹਾਉਣ ਲਈ ਰਜ਼ਾਮੰਦ ਹੋ ਗਏ। ਪਰ ਸਵਾਲ ਸੀ - ਪੜ੍ਹਾਈ ਦਾ ਅਗਲਾ ਖਰਚਾ ਕਿਥੋਂ ਲਿਆਂਦਾ ਜਾਵੇ? ਮੁੰਡਿਆਂ ਨੇ ਤਾਂ ਸ਼ਹਿਰ ਦੇ ਸਕੂਲ ਦੇ ਬੋਰਡਿੰਗ ਹੋਸਟਲ ਵਿੱਚ ਹੀ ਰਹਿਣਾ ਸੀ। ਸ਼ੇਰ ਸਿੰਘ ਨੇ ਖੇਤੀਬਾੜੀ ਤੋਂ ਬਿਨਾਂ ਗੁਜ਼ਾਰੇ ਲਈ ਇਕ ਮਾਲੀ (ਝੋਟਾ) ਪਾਲਿਆ ਹੋਇਆ ਸੀ। ਜੋ ਮੱਝਾਂ ਨੂੰ ਨਵੇਂ ਦੁਰਦ ਕਰਵਾਉਣ ਲਈ ਇਕ ਰੁਪਿਆ ਲੈਂਦਾ ਸੀ। ਕੇਸਰ ਸਿੰਘ ਨੇ ਵੀ ਕੁਝ ਜੋੜ-ਤੋੜ ਕਰਕੇ ਮੁੰਡੇ ਦੀ ਪੜ੍ਹਾਈ ਦੇ ਖਰਚੇ ਦਾ ਪ੍ਰਬੰਧ ਕਰ ਲਿਆ ਅਤੇ ਇਨ੍ਹਾਂ ਬਾਰ੍ਹਾਂ-ਤੇਰ੍ਹਾਂ ਸਾਲਾਂ ਦੇ ਮੁੰਡਿਆਂ ਨੂੰ ਅੰਮ੍ਰਿਤਸਰ ਦੇ ਖਾਲਸਾ ਹਾਈ ਸਕੂਲ ਵਿੱਚ ਪੰਜਵੀਂ ਜਮਾਤ ਵਿੱਚ ਦਾਖਲ ਕਰਵਾ ਦਿੱਤਾ ਗਿਆ। ਜੂਨੀਅਰ ਤੇ ਸੀਨੀਅਰ ਸ੍ਪੈਸ਼ਲ ਜਮਾਤਾਂ ਕਰਕੇ ਹਰਨਾਮ ਸਿੰਘ ਤੇ ਤੇਜਾ ਸਿੰਘ ਮਿਡਲ ਦੀ ਪੜ੍ਹਾਈ ਕਰਨ ਲੱਗੇ । ਹਫ਼ਤੇ ਦੇ ਅਖੀਰ ਸ਼ਨੀਚਰਵਾਰ ਨੂੰ ਪਿੰਡ ਚੱਲੇ ਜਾਂਦੇ ਤੇ ਇਕ ਰਾਤ ਪਿੰਡ ਵਿੱਚ ਰਹਿ ਕੇ ਅਗਲੇ ਦਿਨ ਸਕੂਲ ਵਾਪਸ ਆ ਜਾਂਦੇ। ਦੋਹਾਂ ਨੇ ਸੋਲ੍ਹਾਂ-ਸਤਾਰਾਂ ਸਾਲ ਦੀ ਉਮਰ ਤੱਕ ਮੈਟ੍ਰਿਕ ਦਾ ਇਮਤਿਹਾਨ ਪਾਸ ਕਰ ਲਿਆ।

ਪਹਿਲੇ ਮਹਾਂ-ਯੁੱਧ ਦੇ ਸ਼ੁਰੂ ਹੁੰਦਿਆਂ ਹੀ ਤੇਜਾ ਸਿੰਘ ਫੌਜ ਵਿੱਚ ਸਿਪਾਹੀ ਭਰਤੀ ਹੋ ਗਿਆ, ਪਰ ਹਰਨਾਮ ਸਿੰਘ ਥੋੜ੍ਹੇ ਮੱਧਰੇ ਕੱਦ ਦਾ ਹੋਣ ਕਰਕੇ ਫੌਜ਼ ਵਿੱਚ ਭਰਤੀ ਨਾ ਹੋ ਸਕਿਆ। ਪਰ ਸੀ.ਓ. ਚਤਰ ਬੁੱਧ ਸ਼ੇਰ ਸਿੰਘ ਨੇ ਉਸਦਾ ਵਿਆਹ ਕਰਕੇ ਉਸਨੂੰ ਘਰ ਦੇ ਕੰਮ ਵਿੱਚ ਲਾ ਲਿਆ। ਪਰ ਘਰ ਦੇ ਕੰਮ ਵਿੱਚ ਉਸਦਾ ਜੀਅ ਨਹੀਂ ਸੀ ਲੱਗਦਾ। ਇਸ ਦੇ ਦੋ ਕਾਰਨ ਸਨ। ਸ਼ੇਰ ਸਿੰਘ ਦੀ ਪਹਿਲੀ

ਪਤਨੀ ਹਰਨਾਮ ਸਿੰਘ ਤੇ ਹਰਨਾਮੋ ਨੂੰ ਜਨਮ ਦੇ ਕੇ ਪਰਲੋਕ ਸਿਧਾਰ ਗਈ ਸੀ। ਸ਼ੇਰ ਸਿੰਘ ਨੇ ਦੂਜਾ ਵਿਆਹ ਕਰਵਾ ਲਿਆ। ਪਹਿਲਾਂ-ਪਹਿਲ ਤਾਂ ਸ਼ੇਰ ਸਿੰਘ ਦੀ ਦੂਜੀ ਪਤਨੀ ਬੱਚਿਆਂ ਨੂੰ ਪਿਆਰ ਕਰਦੀ ਸੀ ਪਰ ਜਦੋਂ ਉਸਦੇ ਘਰ ਇਕ ਲੜਕਾ ਊਦਮ ਸਿੰਘ ਦਾ ਜਨਮ ਹੋਇਆ ਤਾਂ ਉਹ ਬੱਚਿਆਂ ਨਾਲ ਮਤਰੇਇਆਂ ਵਾਲਾ ਸਲੂਕ ਕਰਨ ਲੱਗ ਪਈ। ਇਸ ਤੋਂ ਦੋਵੇਂ ਭੈਣ-ਭਰਾ ਤੰਗ ਆ ਗਏ। ਦੂਜੀਆਂ ਚਾਚੀਆਂ-ਤਾਈਆਂ ਭਾਵੇਂ ਇਨ੍ਹਾਂ ਮਾਂ-ਮਹਿਟਰ ਬੱਚਿਆਂ ਦਾ ਹਿੱਤ ਦਿਖਾਉਂਦੀਆਂ, ਪਰ ਦਿਆਲੀ ਉਨ੍ਹਾਂ ਦੀ ਕੋਈ ਪੇਸ਼ ਨਾ ਜਾਣ ਦੇਂਦੀ।

2

ਅਗਲਾ ਹਾਲ ਹਰਨਾਮ ਸਿੰਘ ਦੀ ਆਪਣੇ ਹੱਥੀ ਲਿਖੀ ਸਵੈਜੀਵਨੀ 'ਆਪ ਬੀਤੀ ਆਪਣੀ ਹੱਥੀ' ਵਿੱਚੋਂ

ਮੈਂ 1884 ਵਿੱਚ ਪਿੰਡ ਕਸੇਲ ਸ਼ੇਰ ਸਿੰਘ ਦੇ ਘਰ ਪੈਦਾ ਹੋਇਆ। ਜਦ ਛੋਟਾ ਹੀ ਸਾਂ ਤਾਂ ਮੈਨੂੰ ਕਸੇਲ ਪਿੰਡ ਵਿੱਚ ਹੀ ਪੜ੍ਹਨੇ ਪਾ ਦਿੱਤਾ ਗਿਆ। ਥੋੜ੍ਹੇ ਚਿਰ ਪਿਛੋਂ ਮੇਰੀ ਮਾਂ ਮਰ ਗਈ ਅਤੇ ਮੈਨੂੰ ਤੇ ਮੇਰੀ ਭੈਣ ਨੂੰ ਰੋਂਦਿਆਂ ਹੀ ਛੱਡ ਗਈ। ਸਾਨੂੰ ਪਾਲਣ ਪੋਸਣ ਵਾਲਾ ਕੋਈ ਠੀਕ ਪ੍ਰਬੰਧ ਨਾ ਵੇਖ ਕੇ ਮੇਰੇ ਬਾਪ ਨੇ ਦੂਜੀ ਔਰਤ ਵਿਆਹ ਲਿਆਂਦੀ। ਜਿਹੜੀ ਕੁਝ ਚਿਰ ਜਦ ਤਾਈਂ ਉਸ ਨੂੰ ਕੋਈ ਬੱਚਾ ਨਾ ਹੋਇਆ, ਸਾਨੂੰ ਪਾਲਦੀ ਰਹੀ ਪਰ ਜਦ ਉਸ ਦੇ ਘਰ ਇਕ ਲੜਕਾ ਪੈਦਾ ਹੋ ਗਿਆ ਤਾਂ ਉਹ ਸਾਨੂੰ ਭੈਣ ਭਰਾਵਾਂ ਨੂੰ ਅੱਖੀਂ ਵੀ ਵੇਖਣਾ ਨਹੀਂ ਚਾਹੁੰਦੀ ਸੀ। ਮੈਂ ਦਸਵੀਂ ਜਮਾਤ ਤੱਕ ਖ਼ਾਲਸਾ ਕਾਲਜ ਸਕੂਲ ਅੰਮ੍ਰਿਤਸਰ ਵਿੱਚ ਪੜ੍ਹਿਆ, ਜਦ ਮੈਂ ਦਸਵੀਂ ਜਮਾਤ ਰੋਂਦੇ ਧੋਂਦੇ ਪਾਸ ਕਰ ਲਈ ਤਾਂ ਉਸ ਨੇ ਮੇਰੇ ਬਾਪ ਨੂੰ ਕਹਿ ਕੇ ਮੈਨੂੰ ਅੱਗੇ ਪੜ੍ਹਨ ਤੋਂ ਰੋਕ ਦਿੱਤਾ। ਮੈਨੂੰ ਪੜ੍ਹਨ ਦਾ ਬਹੁਤ ਸ਼ੌਂਕ ਸੀ ਪਰ ਕੀ ਕਰਦਾ, ਮੈਂ ਬਹੁਤ ਦੁਖੀ ਹੋਇਆ। ਕੁਝ ਚਿਰ ਮੈਂ ਵਿਹਲਾ ਬੈਠਾ ਰਿਹਾ ਪਰ ਆਖਰ ਆਪਣੀ ਮਤਰੇਈ ਮਾਂ ਦੀਆਂ ਗੱਲਾਂ ਤੋਂ ਬਹੁਤ ਤੰਗ ਆ ਗਿਆ। ਮੇਰੀਆਂ ਚਾਚੀਆਂ-ਤਾਈਆਂ ਮੇਰੇ ਨਾਲ ਪਿਆਰ ਤਾਂ ਬਹੁਤ ਕਰਦੀਆਂ ਸਨ ਪਰ ਉਹ ਮੇਰੀ ਮਾਂ ਨੂੰ ਮੈਨੂੰ ਗਾਲ੍ਹਾਂ ਕਢਣੋਂ ਨਾ ਰੋਕ ਸਕੀਆਂ।

ਇਹਨਾਂ ਸਾਲਾਂ ਵਿੱਚ ਮੇਰਾ ਵਿਆਹ ਵੀ ਹੋ ਗਿਆ ਸੀ ਤੇ ਮੇਰੀ ਪਤਨੀ ਵੀ ਕਸੇਲ ਆ ਗਈ ਸੀ। ਮੇਰੀ ਮਾਂ ਮੈਨੂੰ, ਮੇਰੀ ਭੈਣ ਤੇ ਮੇਰੀ ਪਤਨੀ ਨੂੰ ਵੀ ਹਰ

ਵੇਲੇ ਗਾਲਾਂ ਕੱਢਦੀ ਹੀ ਰਹਿੰਦੀ ਸੀ। ਮੇਰੀ ਪਤਨੀ ਨੂੰ ਉਸ ਦੇ ਭਰਾ ਨੇ ਗਾਂ ਦਿੱਤੀ ਸੀ, ਉਹ ਵੇਚ ਕੇ ਮੇਰੀ ਪਤਨੀ ਉਸ ਦੇ 60 ਰੁਪੈ ਲਿਆਈ, ਜਿਹੜੇ ਦਾਣਿਆਂ ਵਾਲੀ ਕੋਠੀ ਵਿੱਚ ਟਾਕੀ ਵਿੱਚ ਬੰਨ ਕੇ ਰੱਖੇ ਹੋਏ ਸਨ, ਉਨ੍ਹਾਂ ਦਾ ਮੈਨੂੰ ਪਤਾ ਲੱਗ ਗਿਆ। ਉਹ ਮੈਂ ਉਥੋਂ ਚੁਰਾ ਕੇ ਲਾਂਭੇ ਰੱਖ ਦਿੱਤੇ। ਇਕ ਬ੍ਰਾਹਮਣਾਂ ਦੇ ਮੁੰਡੇ ਨੇ ਮਲਾਈ ਟਾਪੂ ਵਿੱਚ ਆਪਣੇ ਭਣਵਈਏ ਪਾਸ ਜਾਣਾ ਸੀ। ਮੈਂ ਉਸ ਦੇ ਨਾਲ ਜਾਣ ਦੀ ਸਲਾਹ ਕਰ ਲਈ। ਇਕ ਦਿਨ ਰਾਤ ਦੇ ਗਿਆਰਾਂ ਵਜੇ ਜਦ ਸਾਡੇ ਘਰ ਦੇ ਸਭ ਸੌਂ ਗਏ ਤਾਂ ਮੈਂ ਉਹ ਸੱਠ ਰੁਪੈ ਲੈ ਕੇ ਕੰਧ ਟੱਪ ਕੇ ਉਸ ਮੁੰਡੇ ਨਾਲ ਤੁਰ ਪਿਆ। ਸਾਰੀ ਰਾਤ ਅਸੀਂ ਦੋਵੇਂ ਤੁਰਦੇ ਰਹੇ ਤੇ ਸੂਰਜ ਚੜ੍ਹਦੇ ਨੂੰ ਅਸੀਂ ਉਸ ਮੁੰਡੇ ਦੀ ਭੈਣ ਦੇ ਘਰ ਜਾ ਪਹੁੰਚੇ ਅਤੇ ਅਗਲੇ ਦਿਨ ਅਸੀਂ ਅੰਮ੍ਰਿਤਸਰ ਪੁੱਜ ਗਏ। ਅੰਮ੍ਰਿਤਸਰ ਤੋਂ ਰੇਲ ਗੱਡੀ ਰਾਹੀਂ ਅਸੀਂ ਕਲਕੱਤੇ ਪੁੱਜ ਗਏ।

3

ਸ਼ੰਘਾਈ ਪਹੁੰਚਣਾ

ਤਿੰਨ ਚਾਰ ਦਿਨ ਕਲਕੱਤੇ ਰਹਿ ਕੇ ਮੈਂ ਜਹਾਜ਼ ਰਾਹੀਂ ਰੰਗੂਨ ਚਲਾ ਗਿਆ। ਉਥੇ ਮੈਨੂੰ ਇਕ ਫੌਜੀ ਮਿਲ ਗਿਆ, ਜਿਸ ਨੇ ਮਲਾਈ ਟਾਪੂ ਦੇ ਸ਼ਹਿਰ 'ਤੇਪਨ' ਜਾਣਾ ਸੀ। ਉਸ ਨੇ ਮੈਨੂੰ ਪੁੱਛਿਆ ਕਿ 'ਲੜਕੇ ਤੂੰ ਕਿੱਥੇ ਜਾਣਾ ਹੈ?' ਮੈਂ ਕਿਹਾ ਕਿ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਮੇਰਾ ਪਿੰਡ ਕਸੇਲ ਹੈ ਤੇ ਮੈਂ ਕੋਈ ਨੌਕਰੀ ਭਾਲਦਾ ਫਿਰਦਾ ਹਾਂ। ਉਸ ਨੇ ਕਿਹਾ ਕਿ 'ਤੇਪਨ ਸ਼ਹਿਰ ਵਿੱਚ ਸਾਡੀ ਫੌਜ਼ ਵਿੱਚ ਮੱਸਾ ਸਿੰਘ ਨਾਮ ਦਾ ਸਿਪਾਹੀ ਕਸੇਲ ਦਾ ਹੈ। ਤੂੰ ਮੇਰੇ ਨਾਲ ਤੇਪਨ ਸ਼ਹਿਰ ਚਲ, ਉਥੇ ਤੈਨੂੰ ਕੋਈ ਨੌਕਰੀ ਮਿਲ ਜਾਵੇਗੀ।' ਬਸ ਫੇਰ ਮੈਂ ਉਸ ਦੇ ਨਾਲ ਰੰਗੂਨ ਸ਼ਹਿਰ ਬਰਮਾ ਵਿਚੋਂ ਜਹਾਜ਼ ਦਾ ਟਿਕਟ ਲੈ ਕੇ ਜਹਾਜ਼ ਵਿੱਚ ਬੈਠ ਕੇ ਪਲਾਂਗ ਮਲਾਇਆ ਸ਼ਹਿਰ ਵਿੱਚ ਆ ਗਿਆ ਤੇ ਪਲਾਂਗ ਤੋਂ ਉਸ ਦੇ ਨਾਲ ਤੇਪਨ ਆ ਗਿਆ। ਉਥੇ ਸਾਡੇ ਪਿੰਡ ਦਾ ਮੱਸਾ ਸਿੰਘ ਵੀ ਮੈਨੂੰ ਮਿਲ ਗਿਆ। ਉਸ ਨੇ ਮੇਰਾ ਬੜਾ ਆਦਰ-ਮਾਣ ਕੀਤਾ। ਕੁਝ ਦਿਨਾਂ ਪਿਛੋਂ ਤੇਪਨ ਸ਼ਹਿਰ ਦੇ ਡਾਕਖਾਨੇ ਵਿੱਚ ਨੌਕਰੀ ਮਿਲ ਗਈ। ਮੈਂ ਡਾਕਖਾਨੇ ਨੌਕਰ ਹੋ ਕੇ ਤਾਰ ਦਾ ਕੰਮ ਸਿੱਖਣ ਲੱਗ ਗਿਆ।

ਮੈਨੂੰ ਡਾਕਖਾਨੇ ਵਿੱਚ ਨੌਕਰੀ ਕਰਦੇ ਨੂੰ ਅਜੇ ਤਿੰਨ ਚਾਰ ਹੀ ਮਹੀਨੇ ਹੋਏ ਸਨ ਕਿ ਮੈਨੂੰ ਪਿਛੋਂ ਚਿੱਠੀ ਆਈ ਜਿਸ ਵਿੱਚ ਲਿਖਿਆ ਸੀ ਕਿ ਤੇਰੀ ਮਤਰੇਈ

ਮਾਂ, ਤੇਰਾ ਚਾਚਾ ਮਾਨ ਸਿੰਘ ਤੇ ਤੇਰੇ ਤਾਏ ਦਾ ਲੜਕਾ ਉਜਾਗਰ ਸਿੰਘ ਤੇ ਤੇਰਾ ਛੋਟਾ ਭਰਾ ਊਦਮ ਸਿੰਘ ਮਰ ਗਏ ਹਨ। ਇਹ ਚਿੱਠੀ ਪੜ੍ਹਦੇ ਸਾਰੇ ਹੀ ਮੇਰਾ ਦਿਲ ਉਖੜ ਗਿਆ ਤੇ ਮੈਂ ਨੌਕਰੀ ਛੱਡ ਦਿੱਤੀ। ਮੈਂ ਬੜਾ ਉਦਾਸ ਰਹਿਣ ਲੱਗਾ। ਉਹਨੀ ਦਿਨੀਂ ਮੇਰਾ ਖਾਲਸਾ ਕਾਲਜ, ਅੰਮ੍ਰਿਤਸਰ ਦਾ ਜਮਾਤੀ ਨਰੈਣ ਸਿੰਘ ਮੈਨੂੰ ਮਿਲ ਪਿਆ। ਉਹ ਸ਼ੰਘਾਈ ਨੂੰ ਜਾਣ ਵਾਲਾ ਸੀ। ਉਸ ਨੇ ਕਿਹਾ, "ਮੈਂ ਸ਼ੰਘਾਈ ਜਾਣ ਵਾਲਾ ਹਾਂ ਤੂੰ ਮੇਰੇ ਨਾਲ ਚੱਲ, ਉਥੇ ਨੌਕਰੀ ਕਰ ਲਵਾਂਗੇ। ਬਸ ਦੋਵੇਂ ਤੇਪਨ ਤੋਂ ਪਲਾਂਗ ਤੇ ਫੇਰ ਸ਼ੰਘਾਈ ਆ ਗਏ। ਉਥੇ ਸਾਡੇ ਪਿੰਡ ਦਾ ਕਾਲਾ ਸਿੰਘ ਸ਼ੰਘਾਈ ਪੁਲਿਸ ਵਿੱਚ ਨੌਕਰ ਸੀ। ਜੋ ਮੈਨੂੰ ਮਿਲ ਪਿਆ, ਸ਼ੰਘਾਈ ਸਰਦੀ ਬਹੁਤ ਸੀ। ਉਸ ਨੇ ਮੈਨੂੰ ਗਰਮ ਕੱਪੜੇ ਦਿੱਤੇ ਤੇ ਮੇਰਾ ਬੜਾ ਆਦਰ ਮਾਣ ਕੀਤਾ।"

ਸ਼ੰਘਾਈ ਸ਼ਹਿਰ ਵਿੱਚ ਸੁਰਸਿੰਗ ਪਿੰਡ ਵਾਲਿਆਂ ਦਾ ਬੜਾ ਜ਼ੋਰ ਸੀ ਕਿਉਂਕਿ ਸੁਰ ਸਿੰਘ ਦੇ ਆਦਮੀ ਸ਼ੰਘਾਈ ਵਿੱਚ ਉਸ ਵੇਲੇ ਬਹੁਤ ਸਨ ਤੇ ਕਾਲਾ ਸਿੰਘ ਨਾਲ ਸੁਰਸਿੰਗੀਆਂ ਦਾ ਬੜਾ ਵੈਰ ਸੀ, ਇਸ ਦਾ ਕਾਰਨ ਇਹ ਸੀ ਕਿ ਸੁਰਸਿੰਗ ਪਿੰਡ ਦਾ ਪੁਲਿਸ ਵਿੱਚ ਜਮਾਂਦਾਰ ਹੁੰਦਾ ਸੀ ਤੇ ਕਾਲਾ ਸਿੰਘ ਨੇ ਉਸ ਦੇ ਖਿਲਾਫ ਗਵਾਈ ਦੇ ਕੇ ਉਸਨੂੰ ਪੁਲਿਸ ਵਿੱਚੋਂ ਕਢਵਾ ਦਿੱਤਾ ਸੀ। ਇਸ ਲਈ ਉਹ ਕਾਲਾ ਸਿੰਘ ਤੋਂ ਬਦਲਾ ਲੈਣਾ ਚਾਹੁੰਦੇ ਸਨ, ਪਰ ਕੁਝ ਕਰ ਨਹੀਂ ਸਕਦੇ ਸਨ। ਉਨ੍ਹਾਂ ਇਹ ਇਰਾਦਾ ਕਰ ਲਿਆ ਕਿ ਕਾਲਾ ਸਿੰਘ ਦੇ ਪਿੰਡ ਵਾਲੇ ਨੂੰ ਕਿਤੇ ਨੌਕਰ ਨਾ ਹੋਣ ਦਿੱਤਾ ਜਾਵੇ। ਮਾੜੀ ਨੌਕਰੀ ਮੈਂ ਚਾਹੁੰਦਾ ਨਹੀਂ ਸਾਂ ਤੇ ਕਿਤੇ ਚੰਗੀ ਜਗ੍ਹਾ ਉਹ ਮੈਨੂੰ ਹੋਣ ਨਹੀਂ ਸੀ ਦਿੰਦੇ। ਇਸ ਲਈ ਤਿੰਨ ਚਾਰ ਮਹੀਨੇ ਸ਼ੰਘਾਈ ਵਿਹਲਾ ਬੈਠਾ ਰਿਹਾ। ਇਕ ਦਿਨ ਕਾਲਾ ਸਿੰਘ ਨੇ ਮੈਨੂੰ ਕਿਹਾ ਕਿ ਕਸੇਲੋਂ ਤੇਰੀ ਚਿੱਠੀ ਆਈ ਹੈ ਜਿਹੜੀ ਮੇਰੇ ਪਾਸ ਲੋਂਜੇ ਥਾਣੇ ਪਈ ਹੈ, ਕਿਉਂਕਿ ਕਾਲਾ ਸਿੰਘ ਲੋਂਜੇ ਪੁਲਿਸ ਸਟੇਸ਼ਨ ਵਿੱਚ ਰਹਿੰਦਾ ਸੀ। ਮੈਂ ਉਸ ਪਾਸੋਂ ਆਪਣੀ ਚਿੱਠੀ ਲੈਣ ਨੂੰ ਲੋਂਜੇ ਥਾਣੇ ਗਿਆ। ਉਥੇ ਢੋਟੀਆਂ ਦਾ ਪਹਿਲਵਾਨ ਸੁਰੈਣ ਸਿੰਘ ਵੀ ਸੀ। ਉਸ ਨੇ ਮੈਨੂੰ ਪੁੱਛਿਆ, "ਕਾਕਾ ਅਜੇ ਤੈਨੂੰ ਕਿਤੇ ਨੌਕਰੀ ਮਿਲੀ ਜਾਂ ਨਹੀਂ? ਮੈਂ ਕਿਹਾ, "ਜੀ ਨਹੀਂ।" ਉਸਨੇ ਮੈਨੂੰ ਕਿਹਾ ਕਿ ਕਲ ਦਸ ਵਜੇ ਸੰਤਰ ਥਾਣੇ ਵਿੱਚ ਕੁਝ ਆਦਮੀਆਂ ਦੀ ਭਰਤੀ ਹੋਣੀ ਹੈ, ਕਿਉਂਕਿ ਪੁਰਾਣੇ ਜੇਲ੍ਹ ਦੇ ਸਿਪਾਹੀ ਨਵੀਂ ਬਣੀ ਜੇਲ੍ਹ ਵਿੱਚ ਚਲੇ ਜਾਣੇ ਨੇ, ਉਹਨਾਂ ਦੀ ਜਗ੍ਹਾ ਪੁਰਾਣੀ ਜੇਲ੍ਹ ਲਈ ਕੁਝ ਆਦਮੀ ਰਖਣੇ ਹਨ, ਤੂੰ ਕਲ ਦਸ ਵਜੇ ਉਥੇ ਜਾਵੀਂ, ਹੋ ਸਕਦਾ ਹੈ ਤੈਨੂੰ ਵੀ ਨੌਕਰੀ ਮਿਲ ਜਾਵੇ।

ਅਗਲੇ ਦਿਨ ਮੈਂ ਸੰਤਰ ਥਾਣੇ ਪਹੁੰਚ ਗਿਆ। ਉਥੇ ਬੜੇ ਉੱਚੇ ਕੱਦ ਵਾਲੇ ਸੌ ਦੇ ਕਰੀਬ ਆਦਮੀ ਖੜ੍ਹੇ ਸਨ। ਮੈਂ ਵੀ ਉਨ੍ਹਾਂ ਵਿੱਚ ਜਾ ਖੜੋਤਾ। ਭਰਤੀ ਰੱਖਣ ਵਾਲੇ ਪੰਜ ਗੋਰੇ ਸਨ। ਉਹ ਜਿਸ ਆਦਮੀ ਨੂੰ ਸੋਟੀ ਲੌਣ, ਉਹ ਲਾਂਭੇ ਖੜ੍ਹਾ ਹੋ ਜਾਵੇ ਭਾਵ ਉਹ ਮਨਜ਼ੂਰ ਹੋ ਜਾਵੇ। ਜਦ ਉਨ੍ਹਾਂ ਮੈਨੂੰ ਛੱਡ ਕੇ ਮੈਥੋਂ ਅੱਗੇ ਇਕ ਆਦਮੀ ਨੂੰ ਜਾ ਚੁਣਿਆ ਤਾਂ ਮੈਂ ਰੌਲਾ ਪਾ ਦਿੱਤਾ। ਉਹ ਫੇਰ ਪਿੱਛੇ ਮੁੜੇ ਤੇ ਮੈਨੂੰ ਪੁੱਛਣ ਲੱਗੇ, "ਕਿਆ ਬਾਤ ਹੈ?" ਮੈਂ ਉਹਨਾਂ ਨੂੰ ਕਿਹਾ, "ਮੈਂ ਪੰਜਾਬੋਂ ਦਸ ਜਮਾਤਾਂ ਪਾਸ ਕਰਕੇ ਆਇਆ ਹਾਂ, ਮੈਨੂੰ ਏਥੇ ਆਏ ਨੂੰ ਚਾਰ ਮਹੀਨੇ ਹੋ ਗਏ ਹਨ। ਵਿਹਲਾ ਬੈਠਾ ਹੋਇਆ ਹਾਂ, ਕੀ ਮੈਨੂੰ ਅੱਜ ਜੇਲ੍ਹ ਦੇ ਸਿਪਾਹੀਆਂ ਵਿੱਚ ਵੀ ਭਰਤੀ ਨਹੀਂ ਕੀਤਾ ਜਾਵੇਗਾ।" ਮੇਰਾ ਇਤਨਾ ਕਹਿਣਾ ਹੀ ਸੀ ਕਿ ਮੈਨੂੰ ਵੀ ਮਨਜ਼ੂਰ ਕਰ ਲਿਆ ਗਿਆ ਤੇ ਨਵੇਂ ਭਰਤੀ ਹੋਇਆਂ ਤੇ ਅਫਸਰ ਬਣਾ ਦਿੱਤਾ ਅਤੇ ਮੈਨੂੰ ਕਿਹਾ ਗਿਆ ਕਿ ਅੱਜ ਦੋ ਵਜੇ ਇਨ੍ਹਾਂ ਨਵੇਂ ਆਦਮੀਆਂ ਨੂੰ ਬਰਦੀਆਂ ਤੇ ਕੰਬਲ ਦਵਾ ਕੇ ਇਨ੍ਹਾਂ ਨੂੰ ਪੁਰਾਣੀ ਜੇਲ੍ਹ ਵਿੱਚ ਲੈ ਜਾਣਾ ਪੁਰਾਣੇ ਆਦਮੀ ਨਵੀਂ ਜੇਲ੍ਹ ਵਿੱਚ ਚੱਲੇ ਗਏ ਅਤੇ ਅਸੀਂ ਉਨ੍ਹਾਂ ਦੀ ਜਗ੍ਹਾ ਲੈ ਲਈ ਅਤੇ ਕੁਝ ਪੁਰਾਣੇ ਆਦਮੀ ਵੀ ਸਾਡੇ ਨਾਲ ਰਹਿ ਗਏ, ਜਿਨ੍ਹਾਂ ਵਿੱਚ ਇਕ 'ਸੁਰ ਸਿੰਗ' ਦਾ ਵੀ ਸੀ।

ਸ਼ਾਮ ਦੇ ਛੇ ਵਜੇ ਕੈਦੀਆਂ ਨੂੰ ਕੰਮ ਤੋਂ ਹਟਾ ਕੇ ਖਾਣਾ ਖਵਾਇਆ ਜਾਂਦਾ ਅਤੇ ਬਾਅਦ ਉਨ੍ਹਾਂ ਨੂੰ ਕੋਠੜੀਆਂ ਵਿੱਚ ਬੰਦ ਕਰ ਦਿੱਤਾ ਜਾਂਦਾ ਤਾਂ ਮੈਂ ਵਿਹਲਾ ਹੋ ਕੇ ਸ਼ਹਿਰ ਵਿੱਚ ਸੈਰ ਕਰਨ ਚਲਿਆ ਜਾਂਦਾ ਅਤੇ ਇਕ ਅੰਗਰੇਜ਼ੀ ਅਖਬਾਰ ਮੁੱਲ ਲੈ ਕੇ ਸ਼ਾਮ ਨੂੰ ਪਹਿਲਾਂ ਆਪ ਪੜ੍ਹਦਾ ਤੇ ਫੇਰ ਉਹੀ ਅਖਬਾਰ ਨਵੇਂ ਜੇਲਰ ਨੂੰ ਦੇ ਦਿੰਦਾ। ਇਸ ਤਰ੍ਹਾਂ ਕਰਨ ਨਾਲ ਜੇਲਰ ਮੈਨੂੰ ਬਹੁਤ ਚੰਗਾ ਸਮਝਣ ਲੱਗ ਪਿਆ। ਸੁਰਸਿੰਗ ਪਿੰਡ ਦੇ ਮੇਰੇ ਖਿਲਾਫ ਜੇਲਰ ਨੂੰ ਬਹੁਤ ਕੁਝ ਕਹਿੰਦੇ ਰਹੇ ਕਿ ਇਸ ਆਦਮੀ ਨੂੰ ਕੰਮ ਤੋਂ ਹਟਾ ਦਿਓ, ਪਰ ਜਿਉਂ-ਜਿਉਂ ਮੇਰੇ ਖਿਲਾਫ ਜੇਲਰ ਨੂੰ ਕਹਿੰਦੇ ਰਹੇ, ਤਿਉਂ-ਤਿਉਂ ਜੇਲਰ ਮੇਰੇ ਹੱਕ ਵਿੱਚ ਹੁੰਦਾ ਗਿਆ।

ਇਕ ਦਿਨ ਚੰਗਾ ਮੌਕਾ ਦੇਖ ਕੇ ਮੈਂ ਜੇਲਰ ਪਾਸ ਗਿਆ ਤੇ ਜਾ ਕੇ ਕਿਹਾ ਕਿ, "ਜੇਲ੍ਹ ਦੀ ਨੌਕਰੀ ਅਨਪੜ੍ਹ ਆਦਮੀਆਂ ਲਈ ਹੈ ਅਤੇ ਮੈਂ ਪੜ੍ਹਿਆ ਹੋਇਆ ਹਾਂ, ਇਸ ਲਈ ਤੁਸੀਂ ਮੈਨੂੰ ਜੇਲ੍ਹੋਂ ਬਾਹਰ ਕਿਸੇ ਮਹਿਕਮੇ ਵਿੱਚ ਕੋਈ ਚੰਗੀ ਨੌਕਰੀ ਦਿਲਾਓ।" ਤਾਂ ਉਸ ਨੇ ਮੈਨੂੰ ਕਿਹਾ ਕਿ ਹਰ ਰੋਜ਼ ਸਵੇਰੇ ਜਦ ਕੈਦੀ ਖਾਣਾ ਖਾ ਕੇ ਆਪੋ ਆਪਣੇ ਕੰਮ ਤੇ ਲੱਗ ਜਾਇਆ ਕਰਨ ਤਾਂ ਤੂੰ ਬਾਹਰ ਜਾ ਕੇ ਕਿਸੇ ਨੌਕਰੀ ਦੀ ਤਲਾਸ਼ ਕਰਿਆ ਕਰ।

ਮੈਂ ਹੁਣ ਜੇਲ੍ਹੋਂ ਬਾਹਰ ਜਾ ਕੇ ਕਿਸੇ ਚੰਗੀ ਨੌਕਰੀ ਦੀ ਤਲਾਸ਼ ਕਰਨ ਲੱਗ ਪਿਆ। ਇਸ ਤਰ੍ਹਾਂ ਕਰਦੇ ਨੂੰ ਮੈਨੂੰ ਇਕ ਦਿਨ ਪਤਾ ਲੱਗਾ ਕਿ ਸ਼ਹਿਰ ਦੀ ਸਫ਼ਾਈ ਦੇ ਮਹਿਕਮੇ ਵਿੱਚ ਇਕ ਪੰਜਾਬੀ ਅਨਫਿਟ ਹੋ ਗਿਆ ਹੈ, ਜਿਸ ਨੂੰ ਪਹਿਲੀ ਮਾਰਚ 1903 ਨੂੰ ਕੰਮ ਤੋਂ ਹਟਾਇਆ ਜਾਣਾ ਹੈ। ਮੈਂ ਆਣ ਕੇ ਜੇਲਰ ਨੂੰ ਇਹ ਗੱਲ ਦੱਸੀ ਤਾਂ ਉਸ ਨੇ ਮੈਨੂੰ ਪੁੱਛਿਆ ਕਿ ਉਸ ਮਹਿਕਮੇ ਦੇ ਅਫ਼ਸਰ ਦਾ ਕੀ ਨਾਮ ਹੈ? ਮੈਂ ਕਿਹਾ ਉਸ ਦਾ ਨਾਮ ਮਿਸਟਰ ਸੌਨਡਨ ਹੈ। ਉਸ ਨੇ ਕਿਹਾ ਕਿ ਮੈਂ ਸੌਨਡਨ ਨੂੰ ਜਾਣਦਾ ਹਾਂ, ਮੈਂ ਉਸ ਨੂੰ ਮਿਲਾਂਗਾ। ਸ਼ਾਮ ਨੂੰ ਜੇਲਰ ਸੌਨਡਨ ਨੂੰ ਮਿਲਿਆ ਤੇ ਉਸ ਨੂੰ ਮੇਰੀ ਬਾਬਤ ਕਿਹਾ ਕਿ ਮੇਰੇ ਪਾਸ ਜੇਲ੍ਹ ਵਿੱਚ ਇਕ ਆਦਮੀ ਪੜ੍ਹਿਆ ਹੋਇਆ ਹੈ। ਜਿਸ ਆਦਮੀ ਨੇ ਪਹਿਲੀ ਮਾਰਚ ਨੂੰ ਅਨਫਿਟ ਹੋਣਾ ਹੈ, ਉਸ ਦੀ ਜਗ੍ਹਾ ਉਸ ਮੇਰੇ ਆਦਮੀ ਨੂੰ ਰੱਖ ਲਵੋ। ਸੌਨਡਨ ਮਨ ਗਿਆ ਤੇ ਕਹਿਣ ਲੱਗਾ ਕਿ ਕੱਲ ਉਸ ਆਦਮੀ ਨੂੰ ਮੇਰੇ ਪਾਸ ਭੇਜਣਾ ਤਾਂ ਕਿ ਮੈਂ ਉਸ ਨੂੰ ਰੱਖ ਲਵਾਂ।

ਅਗਲੇ ਦਿਨ ਸਵੇਰੇ ਨੌਂ ਵਜੇ ਜੇਲਰ ਨੇ ਮੈਨੂੰ ਬੁਲਾਇਆ ਤੇ ਕਿਹਾ ਕਿ ਮੈਂ ਸੌਨਡਨ ਨਾਲ ਤੁਮਹਾਰੀ ਬਾਬਤ ਬਾਤ ਕੀਤੀ ਸੀ। ਇਸ ਲਈ ਇਹ ਮੇਰੀ ਚਿੱਠੀ ਉਸ ਪਾਸ ਲੈ ਜਾ ਤਾਂ ਕਿ ਉਹ ਤੇਰੇ ਨਾਲ ਬਾਤ-ਚੀਤ ਕਰ ਲਵੇ। ਜਦ ਮੈਂ ਜੇਲਰ ਦੀ ਚਿੱਠੀ ਲੈ ਕੇ ਸੌਨਡਨ ਪਾਸ ਗਿਆ ਤਾਂ ਸੌਨਡਨ ਨੇ ਮੈਨੂੰ ਕਿਹਾ ਕਿ 30 ਮਾਰਚ ਨੂੰ ਮੇਰੇ ਪਾਸ ਆਓ, ਮੈਂ ਤੁੰਮ ਕੋ ਡਾਕਟਰ ਦੇ ਪਾਸ ਭੇਜਾਂਗਾ। ਜੇ ਤੁੰਮ ਡਾਕਟਰੀ ਮੇਂ ਪਾਸ ਹੋ ਗਏ ਤਾਂ ਪਹਿਲੀ ਅਪ੍ਰੈਲ ਨੂੰ ਮੈਂ ਤੁੰਮ ਕੋ ਕਾਮ ਪਰ ਭੇਜ ਦੂੰਗਾ। ਮੈਂ ਉਸ ਦੇ ਕਹੇ ਮੁਤਾਬਕ 30 ਮਾਰਚ ਨੂੰ ਉਸ ਦੇ ਦਫ਼ਤਰ ਵਿੱਚ ਉਸ ਨੂੰ ਮਿਲਿਆ ਤਾਂ ਉਸ ਨੇ ਡਾਕਟਰ ਵੱਲ ਚਿਟ ਲਿਖਦੇ ਹੋਏ ਮੈਨੂੰ ਪੁੱਛਿਆ, "Are you Sikh (Are you sick)" ਮੈਂ ਸਮਝਿਆ ਕਿ ਇਹ ਪੁੱਛਦਾ ਹੈ Are you Sikh? ਮੈਂ ਜਵਾਬ ਦਿੱਤਾ ਹਾਂ ਤਾਂ ਉਸ ਨੇ ਕਲਮ ਰੱਖ ਦਿੱਤੀ ਅਤੇ ਕਹਿਣ ਲੱਗਾ, "ਮੈਂ ਤੁੰਮ ਕੋ ਡਾਕਟਰ ਕੇ ਨਹੀਂ ਭੇਜਾਂਗਾ। ਮੈਂ ਸਮਝ ਗਿਆ ਕਿ ਇਸਨੇ ਮੈਨੂੰ ਬੀਮਾਰ ਸਮਝਿਆ ਹੈ। ਇਸ ਲਈ ਮੈਂ ਉਸ ਨੂੰ ਅੰਗਰੇਜ਼ੀ ਵਿੱਚ ਕਿਹਾ, "I am not sick, I am Sikh by caste" ਤਾਂ ਉਹ ਹੱਸਣ ਲੱਗ ਪਿਆ ਤੇ ਮੈਨੂੰ ਡਾਕਟਰ ਦੇ ਭੇਜ ਦਿੱਤਾ। ਮੈਂ ਡਾਕਟਰੀ ਤੋਂ ਪਾਸ ਹੋ ਗਿਆ ਤੇ 1 ਅਪ੍ਰੈਲ, 1903 ਸਵੇਰ ਤੋਂ ਸਿਟੀ ਔਵਰਸੀਅਰ ਔਹਦੇ ਤੇ ਹੋ ਕੇ ਕੰਮ ਤੇ ਲੱਗ ਪਿਆ।

4

ਚੀਨੀ ਜ਼ੁਬਾਨ

ਮੈਂ ਜਦ ਤੋਂ ਸ਼ੰਘਾਈ ਗਿਆ, ਮੈਨੂੰ ਚੀਨੀ ਜ਼ੁਬਾਨ ਸਿੱਖਣ ਦਾ ਬੜਾ ਸ਼ੌਂਕ ਸੀ। ਮੈਂ ਹਰ ਇਕ ਚੀਨੇ ਨਾਲ ਚੀਨੀ ਜ਼ੁਬਾਨ ਵਿੱਚ ਗੱਲਬਾਤ ਕਰਨ ਦੀ ਕੋਸ਼ਿਸ਼ ਕਰਦਾ। ਛੋਟੇ-ਛੋਟੇ ਚੀਨੀ ਬੱਚਿਆਂ ਨਾਲ ਚੀਨੀ ਬੋਲਣ ਦੀ ਕੋਸ਼ਿਸ਼ ਕਰਦਾ। ਉਹਨਾਂ ਬੱਚਿਆਂ ਨੂੰ ਦੋ-ਦੋ ਤਿੰਨ-ਤਿੰਨ ਪੈਸਿਆਂ ਦੀਆਂ ਚੀਜ਼ਾਂ ਖਾਣ ਨੂੰ ਲੈ ਦੇਂਦਾ। ਜਿਸ ਕਰਕੇ ਮੇਰੇ ਘਰ ਬੱਚਿਆਂ ਦਾ ਝੁਰਮਟ ਪਿਆ ਰਹਿੰਦਾ। ਜਦ ਮੇਰੀ ਜ਼ੁਬਾਨ ਚੀਨੀ ਵਿੱਚ ਤੁਰ ਪਈ ਤਾਂ ਮੈਂ ਦੋ-ਤਿੰਨ ਚੀਨੀ ਬੱਚਿਆਂ ਨੂੰ ਅੰਗਰੇਜ਼ੀ ਪੜ੍ਹਾਉਣੀ ਸ਼ੁਰੂ ਕਰ ਦਿੱਤੀ। ਬਿਨਾਂ ਕੋਈ ਫੀਸ ਲਏ ਦਏ। ਜਦ ਉਹ ਮੁੰਡੇ ਆਪਸ ਵਿੱਚ ਚੀਨੀ ਵਿੱਚ ਬਾਤਾਂ ਕਰਦੇ ਤਾਂ ਮੈਂ ਸਮਝਣ ਦੀ ਕੋਸ਼ਿਸ਼ ਕਰਦਾ ਅਤੇ ਲਿਖ-ਲਿਖ ਕੇ ਉਹਨਾਂ ਤੋਂ ਮਤਲਬ ਪੁੱਛਦਾ। ਇਸ ਤਰ੍ਹਾਂ ਕਰਕੇ ਮੈਂ ਇਕ ਸਾਲ ਵਿੱਚ ਚੀਨੀ ਚੰਗੀ ਬੋਲਣਾ ਸਿੱਖ ਗਿਆ ਤਾਂ ਫਿਰ ਮੈਂ ਚੀਨੀ ਪੜ੍ਹਣੀ ਸ਼ੁਰੂ ਕਰ ਦਿੱਤੀ ਅਤੇ ਸਾਲ ਦੇ ਅੰਦਰ ਹੀ ਮੈਨੂੰ ਥੋੜ੍ਹੀ ਚੀਨੀ ਲਿਖਣੀ ਵੀ ਆ ਗਈ।

ਹੌਲੀ-ਹੌਲੀ ਮੈਂ ਚੀਨੀਆਂ ਨੂੰ ਅੰਗਰੇਜ਼ੀ ਪੜ੍ਹਾਉਣ ਦਾ ਸਕੂਲ ਖੋਲ੍ਹ ਲਿਆ ਤੇ ਹਰ ਇਕ ਮੁੰਡੇ ਪਾਸੋਂ ਜਿਹੜਾ ਪੜ੍ਹਨ ਆਉਂਦਾ ਦੋ ਡਾਲੇ ਮਹਾਵਾਰ ਫੀਸ ਲੈਣ ਲੱਗ ਪਿਆ। ਥੋੜ੍ਹੇ ਹੀ ਚਿਰ ਵਿੱਚ ਮੇਰੇ ਪਾਸ ਕਾਫ਼ੀ ਮੁੰਡੇ ਪੜ੍ਹਨ ਲੱਗ ਪਏ। ਮੈਂ ਸਵੇਰ ਦੇ 6 ਵਜੇ ਤੋਂ 10 ਵਜੇ ਤੱਕ ਸ਼ਹਿਰ ਦੀ ਸਫ਼ਾਈ ਦੇ ਮਹਿਕਮੇ ਵਿੱਚ ਕੰਮ ਕਰਦਾ, 10 ਵਜੇ ਤੋਂ 12 ਵਜੇ ਤੱਕ ਲੜਕਿਆਂ ਨੂੰ ਅੰਗਰੇਜ਼ੀ ਪੜ੍ਹਾਉਂਦਾ। 12 ਵਜੇ ਤੋਂ 1.30 ਵਜੇ ਤੱਕ ਰੋਟੀ ਪਾਣੀ ਖਾਂਦਾ ਅਤੇ ਥੋੜ੍ਹਾ ਆਰਾਮ ਕਰਕੇ 2 ਵਜੇ ਤੋਂ ਫਿਰ ਚਾਰ ਵਜੇ ਤਾਈਂ ਸ਼ਹਿਰ ਦੀ ਸਫ਼ਾਈ ਦਾ ਕੰਮ ਵੇਖਦਾ ਅਤੇ 4 ਵਜੇ ਸ਼ਾਮ ਤੋਂ 6.30 ਤਾਈਂ ਲੜਕਿਆਂ ਨੂੰ ਪੜ੍ਹਾਉਂਦਾ। ਬਸ ਇਹ ਮੇਰਾ ਰੋਜ਼ ਦਾ ਕੰਮ ਸੀ।

ਸ਼ੰਘਾਈ ਬਹੁਤ ਵੱਡਾ ਸ਼ਹਿਰ ਹੋਣ ਕਰਕੇ ਅਸੀਂ ਬਾਰ੍ਹਾਂ ਪੰਜਾਬੀ ਔਵਰਸੀਅਰਾਂ ਦੇ ਔਹਦਿਆਂ 'ਤੇ ਸਾਂ ਅਤੇ ਸਾਡੇ ਕੰਮ ਵੰਡੇ ਹੋਏ ਸਨ। ਨੌਕਰੀਆਂ ਬੜੇ ਆਰਾਮ ਦੀਆਂ ਸਨ। ਕੁਝ ਪੜ੍ਹੇ-ਲਿਖੇ ਪੰਜਾਬੀ ਕਸਟਮ ਵਿੱਚ ਵੀ ਸਨ ਅਤੇ ਸਾਡਾ ਸਾਰਿਆਂ ਦਾ ਆਪਸ ਵਿੱਚ ਬੜਾ ਪ੍ਰੇਮ ਸੀ। ਅਸੀਂ ਦਸਾਂ ਕੁ ਪੜ੍ਹੇ-ਲਿਖੇ ਆਦਮੀਆਂ ਨੇ ਇਕ ਧਾਰਮਿਕ ਕਮੇਟੀ ਬਣਾਈ ਅਤੇ ਇਕ ਘਰ ਕਿਰਾਏ 'ਤੇ ਲਿਆ ਜਿਸ ਵਿੱਚ ਹਰ ਐਤਵਾਰ ਨੂੰ ਇਕੱਠੇ ਹੋ ਕੇ ਸ਼ਬਦ ਕੀਰਤਨ ਕਰਿਆ

ਕਰਦੇ। ਇਸ ਤਰ੍ਹਾਂ ਕਰਦੇ-ਕਰਦੇ ਸਾਡਾ ਕੰਮ ਬਹੁਤ ਵੱਧ ਗਿਆ। ਬਹੁਤ ਆਦਮੀ ਇਕੱਠੇ ਹੋ ਜਾਂਦੇ। ਕੜਾਹ-ਪ੍ਰਸ਼ਾਦ ਹੁੰਦੇ ਅਤੇ ਬੜੀ ਰੌਣਕ ਹੁੰਦੀ ਅਤੇ ਸਾਰਿਆਂ ਕਿਹਾ ਕਿ ਇਕ ਸਿੱਖ ਗੁਰਦੁਆਰਾ ਬਣਾਇਆ ਜਾਵੇ। ਬਸ ਗੁਰਦੁਆਰੇ ਲਈ ਭਾਸ਼ਣ ਕਰਕੇ ਉਗਰਾਹੀ ਹੋਣੀ ਸ਼ੁਰੂ ਹੋ ਗਈ। ਸ਼ੰਘਾਈ ਵਿੱਚ ਇਸ ਕੰਮ ਲਈ ਬੜਾ ਰੁਪਿਆ ਇਕੱਠਾ ਹੋ ਗਿਆ। ਕੁਝ ਰੁਪਏ ਹਾਂਗਕਾਂਗ ਤੋਂ ਇਸ ਕੰਮ ਲਈ ਆ ਗਏ। ਮਿਉਂਸਪਲ ਕਮੇਟੀ ਨੇ ਗੁਰਦੁਆਰੇ ਲਈ ਜ਼ਮੀਨ ਮੁਫ਼ਤ ਦੇ ਦਿੱਤੀ। ਇਸ ਤਰ੍ਹਾਂ ਸ਼ੰਘਾਈ ਵਿੱਚ ਇਕ ਬੜਾ ਆਲੀਸ਼ਾਨ ਗੁਰਦੁਆਰਾ ਬਣਾਇਆ ਗਿਆ ਅਤੇ ਬਕਾਇਦਾ ਗ੍ਰੰਥੀ ਗੁਰਦੁਆਰੇ ਵਿੱਚ ਰੱਖਿਆ ਅਤੇ ਹਰ ਐਤਵਾਰ ਨੂੰ ਗੁਰਦੁਆਰੇ ਵਿੱਚ ਜੋੜ ਮੇਲੇ ਹੋਣ ਲੱਗ ਪਏ।

ਸ਼ੰਘਾਈ ਵਿੱਚ ਮਿਉਂਸਪਲ ਕਮੇਟੀ ਬਣੀ ਹੋਈ ਸੀ, ਜਿਸ ਵਿੱਚ ਜਰਮਨ, ਅਮਰੀਕਨ ਅਤੇ ਅੰਗਰੇਜ਼ ਸਨ, ਪਰ ਸਾਡਾ ਕੰਮ ਕਮੇਟੀ ਦਾ ਅੰਗਰੇਜ਼ਾਂ ਦੇ ਹੱਥਾਂ ਵਿੱਚ ਸੀ। ਜਦੋਂ ਤੋਂ ਸ਼ੰਘਾਈ ਮਿਉਂਸਪਲ ਕਮੇਟੀ ਦੀ ਪੁਲਿਸ ਵਿੱਚ ਪੰਜਾਬੀ ਭਰਤੀ ਕੀਤੇ ਸਨ, ਉਨ੍ਹਾਂ ਦੀ ਤਨਖਾਹ ਸੌਲਾਂ ਡਾਲੇ ਮਹਾਵਾਰ ਮੁਕੱਰਰ ਹੋਈ ਅਤੇ ਚੀਨੀ ਪੁਲਿਸ ਵਿੱਚ ਅੱਠ ਡਾਲੇ ਮਹਾਵਾਰ ਤੇ ਭਰਤੀ ਹੋਈ ਅਤੇ ਅੰਗਰੇਜ਼ ਅੱਸੀ ਡਾਲੇ ਮਹਾਵਾਰ ਤੇ। ਚੀਨੀਆਂ ਦੀ ਤਨਖਾਹ ਅੱਠ ਡਾਲੇ ਮਹਾਵਾਰ ਤੋਂ ਬਾਰ੍ਹਾਂ ਡਾਲੇ ਮਹਾਵਾਰ ਹੋ ਗਈ ਅਤੇ ਗੋਰਿਆਂ ਦੀ ਅੱਸੀ ਡਾਲੇ ਮਹਾਵਾਰ ਤੋਂ ਇਕ ਸੌ ਡਾਲੇ ਮਹਾਵਾਰ ਹੋ ਗਈ ਅਤੇ ਪੰਜਾਬੀਆਂ ਦੀ ਸੌਲਾਂ ਡਾਲੇ ਮਹਾਵਾਰ ਹੀ ਰਹੀ। ਇਸ ਲਈ ਅਸੀਂ ਗੁਰਦੁਆਰਾ ਕਮੇਟੀ ਨੇ ਪੁਲਿਸ ਵਿੱਚ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਪੰਜਾਬੀ ਪੁਲਸੀਓ ਤੁਹਾਡੀ ਤਨਖਾਹ ਕਿਉਂ ਨਹੀਂ ਵਧੀ। ਆਪਣੀ ਤਨਖਾਹ ਵਧਾਉਣ ਦੀ ਕੋਸ਼ਿਸ਼ ਕਰੋ। ਸਾਡੇ ਪ੍ਰਚਾਰ ਦਾ ਇਹ ਅਸਰ ਹੋਇਆ ਕਿ ਪੰਜਾਬੀ ਪੁਲਿਸ ਵਾਲਿਆਂ ਨੇ ਤਨਖਾਹ ਵਧਾਉਣ ਲਈ ਹੜਤਾਲ ਕਰ ਦਿੱਤੀ, ਪਰ ਹੜਤਾਲ ਕਰਨ ਵਾਲਿਆਂ ਵਿੱਚੋਂ ਕੁਝ ਆਦਮੀ ਦੂਜੇ ਪਾਸੇ ਹੋ ਗਏ। ਇਸ ਲਈ ਹੜਤਾਲ ਕਾਮਯਾਬ ਨਾ ਹੋਈ, ਸਗੋਂ ਬੁਰੀ ਤਰ੍ਹਾਂ ਫੇਲ੍ਹ ਹੋਈ। ਇਸ ਲਈ ਕਈ ਸਿਰਕੱਢ ਹੜਤਾਲੀਆਂ ਨੂੰ ਸ਼ੰਘਾਈ ਵਿੱਚੋਂ ਡੀਪੋਰਟ ਕਰ ਦਿੱਤਾ ਗਿਆ ਅਤੇ ਸਾਡੇ ਮਹਿਕਮਾ ਸਫ਼ਾਈ ਦੇ ਆਦਮੀਆਂ ਨੂੰ ਦੋਸ਼ ਲਗਾਇਆ ਗਿਆ ਕਿ ਪੁਲਿਸ ਦੀ ਹੜਤਾਲ ਮਹਿਕਮੇ ਦੇ ਆਦਮੀਆਂ ਨੇ ਕਰਵਾਈ ਹੈ। ਇਸ ਲਈ 26.12.1909 ਨੂੰ ਸਾਨੂੰ ਸਾਰਿਆਂ ਨੂੰ ਨੋਟਿਸ ਮਿਲ ਗਿਆ ਕਿ 30.06.1910 ਦੇ ਪਿਛੋਂ ਮਿਉਂਸਪਲ ਕਮੇਟੀ ਨੂੰ ਤੁਹਾਡੇ ਕੰਮ ਦੀ ਲੋੜ ਨਹੀਂ। ਇਸ ਲਈ ਤੁਹਾਨੂੰ ਛੇ ਮਹੀਨੇ ਪਹਿਲਾਂ ਨੋਟਿਸ

ਦਿੱਤਾ ਜਾਂਦਾ ਹੈ ਕਿ ਤੁਸੀਂ ਆਪਣੀ ਨੌਕਰੀ ਦਾ ਬੰਦੋਬਸਤ ਕਰ ਲਵੋ।

ਅਸੀਂ ਸਾਰੇ ਹੀ ਬੜੇ ਖਰਾਂਟ ਸਾਂ। ਨੋਟਿਸ ਦੇ ਮਿਲਦਿਆਂ ਹੀ ਅਸਾਂ ਮੀਟਿੰਗ ਕੀਤੀ ਅਤੇ ਸਾਡੀ ਮੀਟਿੰਗ ਦਾ ਇਹ ਫੈਸਲਾ ਹੋਇਆ ਕਿ ਅਸੀਂ ਛੇ ਮਹੀਨੇ ਕੀ ਅਸੀਂ ਹੁਣ ਹੀ ਸਾਰੇ ਨੌਕਰੀ ਛੱਡਣ ਨੂੰ ਤਿਆਰ ਹਾਂ। ਮਿਊਂਸਪਲ ਕਮੇਟੀ ਨੇ ਇਸ ਦਾ ਸਾਨੂੰ ਕੋਈ ਜਵਾਬ ਨਾ ਦਿੱਤਾ, ਅਸਾਂ ਫਿਰ ਦੁਬਾਰਾ ਨੋਟਿਸ ਦੇ ਦਿੱਤਾ ਕਿ ਜੂਨ ਦਾ ਮਹੀਨਾ ਕੀ ਅਸੀਂ ਪਹਿਲੀ ਫਰਵਰੀ 1910 ਤੋਂ ਹੀ ਨੌਕਰੀ ਤੇ ਨਹੀਂ ਜਾਵਾਂਗੇ, ਆਖਰ ਸਾਡੇ ਨੋਟਿਸ ਦਾ ਸਾਨੂੰ ਜਵਾਬ ਆਇਆ ਕਿ ਪਹਿਲੀ ਮਾਰਚ 1910 ਤੱਕ ਤੁਹਾਨੂੰ ਜ਼ਰੂਰ ਹੀ ਨੌਕਰੀ ਕਰਨੀ ਪਵੇਗੀ। ਇਸ ਤਰ੍ਹਾਂ ਕਰਕੇ ਸਫ਼ਾਈ ਦੇ ਮਹਿਕਮੇ ਵਿੱਚ ਪੰਜਾਬੀ ਔਵਰਸੀਅਰਾਂ 1.3.1910 ਤੋਂ ਕੰਮ ਖਤਮ ਹੋਇਆ ਅਤੇ ਸਾਡੀ ਜਗ੍ਹਾ ਇਸ ਮਹਿਕਮੇ ਵਿੱਚ ਗੋਰੇ ਭਰਤੀ ਕੀਤੇ ਗਏ।

5

ਅਮਰੀਕਾ ਨੂੰ ਰਵਾਨਗੀ

ਸਾਡੇ ਮਹਿਕਮੇ ਦੇ ਕਈ ਆਦਮੀ ਪੰਜਾਬ ਨੂੰ ਚਲੇ ਗਏ। ਕਈ ਹਾਂਗਕਾਂਗ ਨੂੰ, ਜਿਥੇ ਵੀ ਕਿਸੇ ਦਾ ਬਰ ਮਿਚਿਆ, ਚਲਿਆ ਗਿਆ। ਮੇਰਾ ਇਰਾਦਾ ਅਮਰੀਕਾ ਨੂੰ ਜਾਣ ਦਾ ਹੋ ਗਿਆ। ਇਸ ਲਈ ਮੈਂ ਇਕ ਅਮਰੀਕਨ ਡਾਕਟਰ ਤੋਂ ਅਮਰੀਕਾ ਜਾਣ ਬਾਬਤ ਕਾਨੂੰਨ ਪੁੱਛਿਆ। ਉਸ ਨੇ ਕਿਹਾ ਕਿ ਜਦ ਕੋਈ ਆਦਮੀ ਅਮਰੀਕਾ ਦੀ ਜ਼ਮੀਨ ਤੇ ਪੈਰ ਧਰਦਾ ਹੈ ਤਾਂ ਉਸ ਦੀ ਡਾਕਟਰੀ ਹੁੰਦੀ ਹੈ, ਜੇ ਆਦਮੀ ਡਾਕਟਰੀ ਵਿੱਚੋਂ ਪਾਸ ਹੋ ਜਾਵੇ ਤਾਂ ਉਤਰਨ ਦੇ ਵੇਲੇ ਉਸ ਦੇ ਪਾਸ ਪੰਜਾਹ ਅਮਰੀਕਨ ਡਾਲੇ ਹੋਣੇ ਚਾਹੀਦੇ ਹਨ। ਮੇਰੇ ਪਾਸ ਜਹਾਜ਼ ਦਾ ਕਿਰਾਇਆ ਤੇ ਪੰਜਾਹ-ਸੱਠ ਡਾਲੇ ਸਨ।

ਇਸ ਲਈ ਮੈਂ ਅਮਰੀਕਾ ਜਾਣ ਵਾਲੇ ਜਹਾਜ਼ ਜਿਸ ਦਾ ਨਾਮ ਐਸ.ਐਸ. ਚਾਇਨਾ ਸੀ, ਟਿਕਟ ਲੈ ਲਿਆ ਤੇ 15.03.1910 ਨੂੰ ਸ਼ੰਘਾਈ ਤੋਂ ਅਮਰੀਕਾ ਦੇ ਸ਼ਹਿਰ ਸਾਨਫਰਾਂਸਿਸਕੋ ਨੂੰ ਤੁਰ ਪਿਆ। ਰਾਹ ਵਿੱਚ ਜਾਪਾਨ ਦੇ ਸ਼ਹਿਰ ਨਾਗਾਸਾਕੀ ਤੇ ਟੋਕੀਓ ਆਏ। ਸਾਡਾ ਜਹਾਜ਼ ਇਨ੍ਹਾਂ ਸ਼ਹਿਰਾਂ ਵਿੱਚ ਖੜ੍ਹੋ-ਖੜ੍ਹੋ ਕੇ ਗਿਆ। ਆਖਰ ਅਪ੍ਰੈਲ ਦੇ ਮਹੀਨੇ ਸਾਡਾ ਜਹਾਜ਼ ਸਾਨਫਰਾਂਸਿਸਕੋ ਪਹੁੰਚ ਗਿਆ। ਮੈਂ ਉਤਰ ਕੇ ਓਕਲੈਂਡ ਤੇ ਬਰਕਲੇ ਸ਼ਹਿਰਾਂ ਵਿੱਚ ਜਿਹੜੇ ਸਾਨਫਰਾਂਸਿਸਕੋ ਦੇ

ਨਜ਼ਦੀਕ ਹੀ ਸਨ, ਕੁਝ ਦਿਨ ਰਿਹਾ ਅਤੇ ਫਿਰ ਸਟਾਕਟਨ ਸ਼ਹਿਰ ਵਿੱਚ ਚਲਿਆ ਗਿਆ ਅਤੇ ਕੰਮ ਤੇ ਲੱਗ ਗਿਆ। ਉਨ੍ਹੀਂ ਦਿਨੀਂ 1910 ਵਿੱਚ ਜਿਤਨੇ ਵੀ ਆਦਮੀ ਭਾਵ ਪੰਜਾਬੀ ਅਮਰੀਕਾ ਵਿੱਚ ਪੁਰਾਣੇ ਰਹਿੰਦੇ ਸਨ, ਉਹ ਨਵੇਂ ਉਤਰਨ ਵਾਲੇ ਪੰਜਾਬੀ ਭਰਾਵਾਂ ਦੀ ਬਹੁਤ ਮਦਦ ਕਰਦੇ ਹੁੰਦੇ ਸਨ। ਖਾਸ ਕਰਕੇ ਪੜ੍ਹਨ ਵਾਲਿਆਂ ਨੂੰ ਤਾਂ ਰੁਪੈ ਦੀ ਵੀ ਮਦਦ ਕਰਦੇ ਸਨ, ਜਿਸ ਕਰਕੇ ਮੈਂ ਉਨ੍ਹਾਂ ਦੀ ਮਦਦ ਨਾਲ ਉਥੇ ਬੀ.ਏ. ਦਾ ਇਮਤਿਹਾਨ ਪਾਸ ਕਰ ਲਿਆ। ਮੈਂ ਹੋਰਟੀਕਲਚਰ ਲਿਆ ਸੀ ਤੇ ਫਰੂਟ ਫੈਕਲਟੀ ਵਿੱਚ ਮੈਂ ਫਸਟ ਆਇਆ। ਮੈਂ ਕੈਨੇਡਾ ਵੀ ਗਿਆ ਪਰ ਫਿਰ ਅਮਰੀਕਾ ਵਾਪਸ ਆ ਗਿਆ ਅਤੇ ਕੁਝ ਪੈਸੇ ਵਾਲੇ ਆਦਮੀਆਂ ਨਾਲ ਰੱਲ ਕੇ ਝੋਨੇ ਦੀ ਕਾਸ਼ਤ ਵੀ ਕੀਤੀ ਪਰ ਝੋਨੇ ਵਿੱਚੋਂ ਕੁਝ ਪੈਸਾ ਨਾ ਬਚਿਆ। ਫਿਰ ਕੁਝ ਫਲਾਂ ਦੇ ਬਗੀਚੇ ਠੇਕੇ 'ਤੇ ਲਏ, ਜਿਨ੍ਹਾਂ ਵਿੱਚੋਂ ਸਾਨੂੰ ਕਾਫ਼ੀ ਰੁਪਿਆ ਬਚਿਆ।

ਉਨ੍ਹੀਂ ਦਿਨੀਂ ਲਾਲਾ ਹਰਦਿਆਲ ਅਮਰੀਕਾ ਵਿੱਚ ਆ ਗਿਆ ਤੇ ਉਸ ਨੇ ਅੰਗਰੇਜ਼ੀ ਹਕੂਮਤ ਦੇ ਖਿਲਾਫ ਪ੍ਰਚਾਰ ਕਰਨਾ ਸ਼ੁਰੂ ਕੀਤਾ। ਜਿਸ ਦਾ ਨਤੀਜਾ ਇਹ ਹੋਇਆ ਕਿ ਹਿੰਦੁਸਤਾਨ ਗ਼ਦਰ ਪਾਰਟੀ ਦੀ ਬੁਨਿਆਦ ਰੱਖੀ ਗਈ ਅਤੇ ਹਫਤੇਵਾਰ ਗ਼ਦਰ ਪਾਰਟੀ ਵੱਲੋਂ ਅਖਬਾਰ ਜਾਰੀ ਕੀਤਾ ਗਿਆ ਅਤੇ ਬਾਬਾ ਸੋਹਨ ਸਿੰਘ ਭਕਨਾ ਗ਼ਦਰ ਪਾਰਟੀ ਦਾ ਪਹਿਲਾ ਪ੍ਰਧਾਨ ਚੁਣਿਆ ਗਿਆ ਅਤੇ ਅਸੀਂ ਕੁਝ ਆਦਮੀ ਪਾਰਟੀ ਦੇ ਲਾਈਫ ਮੈਂਬਰ ਚੁਣੇ ਗਏ, ਭਾਵ ਇਨ੍ਹਾਂ ਲਾਈਫ ਮੈਂਬਰਾਂ ਵਿੱਚੋਂ ਜਦ ਵੀ ਪਾਰਟੀ ਨੂੰ ਕਿਸੇ ਮੈਂਬਰ ਦੀ ਲੋੜ ਪਵੇ, ਉਹ ਫੌਰਨ ਪਾਰਟੀ ਦੇ ਕੰਮ ਲਈ ਤਿਆਰ ਹੋ ਜਾਵੇ।

ਹਿੰਦੁਸਤਾਨ ਗ਼ਦਰ ਪਾਰਟੀ ਦਾ ਕੰਮ ਬੜੇ ਜ਼ੋਰ-ਸ਼ੋਰ ਨਾਲ ਚਲਿਆ ਅਤੇ 1914 ਵਾਲੀ ਲੜਾਈ ਸ਼ੁਰੂ ਹੋ ਗਈ। ਪਾਰਟੀ ਅਜੇ ਨਵੀਂ ਹੀ ਸੀ, ਪਰ ਫਿਰ ਵੀ ਬਾਬਾ ਸੋਹਨ ਸਿੰਘ, ਬਾਬਾ ਕੇਸਰ ਸਿੰਘ, ਬਾਬਾ ਜਵਾਲਾ ਸਿੰਘ, ਬਾਬਾ ਵਸਾਖਾ ਸਿੰਘ ਅਤੇ ਹੋਰ ਵੀ ਬਹੁਤ ਸਾਰੇ ਆਦਮੀ ਜੋਸ਼ ਵਿੱਚ ਆ ਕੇ ਅੰਗਰੇਜ਼ੀ ਹਕੂਮਤ ਦੇ ਵਿਰੁੱਧ ਹਿੰਦੁਸਤਾਨ ਵਿੱਚ ਗ਼ਦਰ ਕਰਨ ਨੂੰ ਅਮਰੀਕਾ ਤੋਂ ਤੁਰ ਪਏ ਅਤੇ ਕਲਕੱਤੇ ਆਉਂਦੇ ਹੀ ਪਕੜੇ ਗਏ ਅਤੇ ਜੇਲ੍ਹਾਂ ਵਿੱਚ ਡੱਕ ਦਿੱਤੇ ਗਏ, ਪਰ ਪਾਰਟੀ ਦੇ ਕੰਮ ਵਿੱਚ ਕੋਈ ਕਮੀ ਨਾ ਹੋਈ। ਪਾਰਟੀ ਦਾ ਕੰਮ ਵਧਦਾ ਹੀ ਗਿਆ।

ਰਾਮਚੰਦ ਬ੍ਰਾਹਮਣ ਗ਼ਦਰ ਅਖਬਾਰ ਦਾ ਐਡੀਟਰ ਸੀ, ਉਹ ਅੰਦਰ ਹੀ ਅੰਦਰ ਗ਼ਦਰ ਪਾਰਟੀ ਦਾ ਪੈਸੇ ਦਾ ਫੰਡ ਆਪਣੇ ਨਾਮ 'ਤੇ ਗੁਪਤ ਰੱਖਦਾ ਗਿਆ ਅਤੇ ਆਖਰ ਗ਼ਦਰ ਪਾਰਟੀ ਦਾ ਆਪਣੇ ਆਪ ਖੁਦ ਮੁਖਤਿਆਰ ਬਣ ਬੈਠਾ।

ਪੈਸੇ ਤਾਂ ਉਹ ਦਬਾ ਬੈਠਾ, ਪਰ ਅਸਾਂ ਲਾਈਫ ਮੈਂਬਰਾਂ ਨੇ ਉਸ ਨੂੰ ਦਫਤਰੋਂ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਅਤੇ ਅਖਬਾਰ ਦਾ ਕੰਮ ਆਪਣੇ ਹੱਥ ਵਿੱਚ ਲੈ ਲਿਆ।

6

ਗ਼ਦਰ ਪਾਰਟੀ ਨਵੇਂ ਦੌਰ ਵਿੱਚ

1917 ਵਿੱਚ ਅਮਰੀਕਾ ਦੀ ਹਕੂਮਤ 1914 ਦੇ ਦੁਨੀਆਂ ਦੀ ਲੜਾਈ (ਪਹਿਲੇ ਸੰਸਾਰ ਯੁੱਧ) ਵਿੱਚ ਅੰਗਰੇਜ਼ੀ ਹਕੂਮਤ ਵੱਲ ਹੋ ਕੇ ਲੜਾਈ ਵਿੱਚ ਸ਼ਾਮਲ ਹੋ ਗਈ। ਇਸ ਲਈ ਅੰਗਰੇਜ਼ੀ ਹਕੂਮਤ ਨੇ ਅਮਰੀਕੀ ਹਕੂਮਤ ਨੂੰ ਉਕਸਾ ਕੇ ਪਾਰਟੀ ਦੇ ਦਫ਼ਤਰ ਵਿੱਚ ਸਾਰੇ ਕੰਮ ਕਰਨ ਵਾਲੇ ਆਦਮੀਆਂ ਨੂੰ ਪਕੜ ਲਿਆ ਅਤੇ ਉਨ੍ਹਾਂ 'ਤੇ ਮੁਕੱਦਮਾ ਚਲਾਉਣਾ ਸ਼ੁਰੂ ਕਰ ਦਿੱਤਾ ਅਤੇ ਰਾਮ ਚੰਦ ਬ੍ਰਾਹਮਣ ਜਿਹੜਾ ਕਦੀ ਅਖਬਾਰ ਦਾ ਐਡੀਟਰ ਹੁੰਦਾ ਸੀ, ਹਿੰਦੁਸਤਾਨ ਗ਼ਦਰ ਪਾਰਟੀ ਦਾ ਭੇਦ ਕੋਰਟ ਵਿੱਚ ਦੱਸਣ ਨੂੰ ਵਾਹਦੇਮਾਫ਼ ਗਵਾਹ ਬਣ ਬੈਠਾ।

ਜਿਸ ਦਿਨ ਰਾਮ ਚੰਦ ਨੇ ਕੋਰਟ ਵਿੱਚ ਭੇਦ ਦੱਸਣਾ ਸ਼ੁਰੂ ਕਰਨਾ ਸੀ, ਕਚਹਿਰੀ ਖਚਾਖਚ ਭਰੀ ਪਈ ਸੀ। ਜਦ ਉਹ ਉਠ ਕੇ ਕੋਰਟ ਜੱਜ ਦੇ ਸਾਹਮਣੇ ਪਾਰਟੀ ਦਾ ਭੇਦ ਦੱਸਣ ਨੂੰ ਤਿਆਰ ਹੋਇਆ ਤਾਂ ਪਾਰਟੀ ਦੇ ਆਦਮੀ ਰਾਮ ਸਿੰਘ ਧਲੇਟੇ ਨੇ ਉਸ ਨੂੰ ਉਠਦਿਆਂ ਹੀ ਗੋਲੀ ਮਾਰ ਕੇ ਮਾਰ ਦਿੱਤਾ ਅਤੇ ਰਾਮ ਸਿੰਘ ਨੂੰ ਮਾਰਸ਼ਲ ਨੇ ਗੋਲੀ ਦਾ ਨਿਸ਼ਾਨਾ ਕਰਕੇ ਮਾਰ ਦਿੱਤਾ ਅਤੇ ਕਚਹਿਰੀ ਵਿੱਚ ਹਿਲ-ਜੁਲ ਮਚ ਗਈ, ਹਫੜਾ-ਦਫੜੀ ਪੈ ਗਈ।

ਜਦ ਗ਼ਦਰ ਪਾਰਟੀ ਦੇ ਦਫ਼ਤਰ ਵਿੱਚ ਕੰਮ ਕਰਨ ਵਾਲੇ ਸਾਰੇ ਆਦਮੀ ਪਕੜ ਕੇ ਜੇਲ੍ਹਾਂ ਵਿੱਚ ਡਕੇ ਗਏ ਤਾਂ ਅਸਾਂ ਲਾਈਫ ਮੈਂਬਰਾਂ ਨੇ ਆ ਕੇ ਦਫ਼ਤਰ ਦਾ ਸਾਰਾ ਕੰਮ ਸੰਭਾਲ ਲਿਆ ਅਤੇ ਹਫਤਾਵਾਰ ਅਖ਼ਬਾਰ ਪਹਿਲੇ ਤਰ੍ਹਾਂ ਹੀ ਚੱਲਦਾ ਰਿਹਾ ਅਤੇ ਮੈਂ ਗ਼ਦਰ ਪਾਰਟੀ ਦਾ ਪ੍ਰਧਾਨ ਚੁਣਿਆ ਗਿਆ। ਪਾਰਟੀ ਦੇ ਕਿਸੇ ਕੰਮ ਵਿੱਚ ਵੀ ਢਿਲ ਨਾ ਹੋਣ ਦਿੱਤੀ। ਅਸਾਂ ਬਾਹਰ ਆਪਣੇ ਆਦਮੀਆਂ ਪਾਸ ਜਾ ਕੇ ਪਾਰਟੀ ਦਾ ਫੰਡ ਜਮ੍ਹਾਂ ਕਰਨਾ ਸ਼ੁਰੂ ਕਰ ਦਿੱਤਾ ਅਤੇ ਪਾਰਟੀ ਪਹਿਲੋਂ ਨਾਲੋਂ ਵੀ ਜ਼ੋਰਾਂ 'ਤੇ ਕੰਮ ਕਰਨ ਲੱਗ ਪਈ।

ਗੁਰਦੁਆਰਾ

ਸਿੱਖ ਜਿਸ ਮੁਲਕ ਵਿੱਚ ਵੀ ਗਏ ਹਨ, ਇਨ੍ਹਾਂ ਨੇ ਉਸੇ ਮੁਲਕ ਵਿੱਚ ਸਿੱਖ ਗੁਰਦੁਆਰੇ ਬਣਾਏ ਹਨ। ਵੈਨਕੋਵਰ, ਵਿਕਟੋਰੀਆ, ਕੈਨੇਡਾ ਵਿੱਚ ਸਿੱਖਾਂ ਨੇ ਬੜੇ-ਬੜੇ ਆਲੀਸ਼ਾਨ ਗੁਰਦੁਆਰੇ ਬਣਾਏ। ਇਸੇ ਤਰ੍ਹਾਂ ਸਟਾਕਟਨ ਸ਼ਹਿਰ ਅਮਰੀਕਾ ਵਿੱਚ ਵੀ ਪਹਿਲੇ ਇਕ ਛੋਟਾ ਜਿਹਾ ਗੁਰਦੁਆਰਾ ਬਣਾਇਆ, ਫਿਰ ਕੁਝ ਸਾਲਾਂ ਪਿਛੋਂ ਰੁਪਿਆ ਜਮ੍ਹਾਂ ਕਰਕੇ ਇਕ ਬਹੁਤ ਵੱਡਾ ਸੀਮੇਂਟ ਦਾ ਗੁਰਦੁਆਰਾ ਬਣਾਇਆ। ਉਸ ਗੁਰਦੁਆਰੇ ਵਿੱਚ ਵੀ ਮੈਨੂੰ ਦੋ ਦਫਾ ਪ੍ਰਧਾਨ ਚੁਣਿਆ ਗਿਆ ਭਾਵ 1921 ਵਿੱਚ ਤੇ ਦੁਬਾਰਾ 1922 ਵਿੱਚ ਵੀ ਗੁਰਦੁਆਰਾ ਕਮੇਟੀ ਦਾ ਪ੍ਰਧਾਨ ਮੈਂ ਹੀ ਰਿਹਾ ਤਾਂ ਮੈਂ ਗੁਰਦੁਆਰੇ ਲਈ ਇਕ ਨਵਾਂ ਕਾਨੂੰਨ ਬਣਾ ਦਿੱਤਾ ਕਿ ਅੱਜ ਤੋਂ ਜੋ ਵੀ ਗੁਰਦੁਆਰੇ ਦੀ ਕਮੇਟੀ ਚੁਣੀ ਜਾਵੇ, ਉਹ ਇਕ ਸਾਲ ਵਿੱਚ 2500 ਡਾਲਾ ਗੁਰਦੁਆਰਾ ਫੰਡ ਵਿੱਚ ਜਮ੍ਹਾਂ ਕਰਕੇ ਜਾਵੇ ਅਤੇ ਗੁਰਦੁਆਰੇ ਵਿੱਚ ਗੁਰੂ ਨਾਨਕ ਲੰਗਰ ਚਲਾ ਦਿੱਤਾ ਕਿ ਕੋਈ ਵੀ ਮੁਸਾਫ਼ਰ ਆਵੇ ਉਹ ਲੰਗਰ ਵਿੱਚੋਂ ਮੁਫ਼ਤ ਰੋਟੀ ਖਾਵੇ।

ਬਰਕਲੇ ਸ਼ਹਿਰ

ਸਿੱਖਾਂ ਨੇ ਬਰਕਲੇ ਸ਼ਹਿਰ ਵਿੱਚ ਵਿਦਿਆਰਥੀਆਂ ਦੇ ਰਹਿਣ ਲਈ ਇਕ ਕਲੱਬ ਬਣਵਾਇਆ ਤਾਂ ਕਿ ਜਿਹੜੇ ਲੜਕੇ ਬਰਕਲੇ ਆ ਕੇ ਕੈਲੀਫੋਰਨੀਆ ਯੂਨੀਵਰਸਿਟੀ ਵਿੱਚ ਪੜ੍ਹਨ, ਉਹ ਉਸ ਕਲੱਬ ਵਿੱਚ ਮੁਫ਼ਤ ਰਹਿਣ। ਉਨ੍ਹਾਂ ਨੂੰ ਘਰ ਰਹਿਣ ਵਾਸਤੇ ਕਿਰਾਏ 'ਤੇ ਨਾ ਲੈਣਾ ਪਵੇ ਅਤੇ ਆਰਾਮ ਨਾਲ ਇਸ ਕਲੱਬ ਵਿੱਚ ਰਹਿਣ। ਕਈ ਸੱਜਣ ਉਨ੍ਹਾਂ ਲਈ ਬਾਹਰੋਂ ਆਲੂ ਅਤੇ ਹੋਰ ਸਬਜ਼ੀਆਂ ਵੀ ਭੇਜ ਦਿੰਦੇ।

7

ਗ਼ਦਰ ਪਾਰਟੀ ਵੱਲੋਂ ਸੰਦੇਸ਼

1923 ਵਿੱਚ ਮੈਂ ਇਮਪੀਰੀਅਲ ਵੈਲੀ ਮੈਕਸੀਕੋ ਦੀ ਹੱਦ ਲਾਗੇ ਚੱਲਿਆ ਗਿਆ ਅਤੇ ਉੱਥੇ ਕਪਾਹ ਦੀ ਕਾਸ਼ਤ ਕਰਨੀ ਸ਼ੁਰੂ ਕਰ ਦਿੱਤੀ, ਜਿਸ ਵਿੱਚ ਕਾਫ਼ੀ ਆਮਦਨੀ ਹੋਈ। 1925 ਵਿੱਚ ਮੈਂ ਆਪਣੇ ਨਾਲ ਚਾਰ ਸਾਂਝੀ ਰਲਾ ਲਏ ਤੇ 1300

ਏਕੜ ਕਪਾਹ ਬੀਜੀ, ਜਿਹੜੀ ਬੜੀ ਚੰਗੀ ਹੋਈ। ਨਵੰਬਰ ਦੇ ਮਹੀਨੇ ਕਪਾਹ ਦੀ ਚੁਣਾਈ ਹੋ ਰਹੀ ਸੀ ਕਿ ਗ਼ਦਰ ਪਾਰਟੀ ਨੇ ਇਕ ਆਦਮੀ ਨੂੰ ਮੇਰੇ ਕੋਲ ਭੇਜਿਆ, ਜਿਸ ਨੇ ਮੈਨੂੰ ਅਲੱਗ ਜਾ ਕੇ ਪਾਰਟੀ ਦਾ ਸ਼ੰਦੇਸ਼ਾ ਦਿੱਤਾ ਕਿ ਪਾਰਟੀ ਤੈਨੂੰ ਕਿਸੇ ਕੰਮ ਲਈ ਅਮਰੀਕਾ ਤੋਂ ਬਾਹਰ ਭੇਜਣਾ ਚਾਹੁੰਦੀ ਹੈ। ਮੈਂ ਉਸ ਨੂੰ ਜਵਾਬ ਵਿੱਚ ਕਿਹਾ ਕਿ ਪਾਰਟੀ ਦਾ ਲਾਈਫ ਮੈਂਬਰ ਹੁੰਦਾ ਹੋਇਆ ਪਾਰਟੀ ਦਾ ਹੁਕਮ ਹਰ ਵਕਤ ਮੰਨਣ ਨੂੰ ਤਿਆਰ ਹਾਂ, ਬਸ ਫਿਰ ਕੀ ਸੀ, ਮੈਨੂੰ ਖੁਫੀਆ ਤੌਰ ਤੇ 15 ਦਸੰਬਰ, 1925 ਨੂੰ ਸਾਨਫਰਾਂਸਿਸਕੋ ਸਦਿਆ ਗਿਆ ਅਤੇ ਪੰਜ ਦਿਨ ਕਈ ਖੁਫੀਆ ਗੱਲਾਂ 'ਤੇ ਵਿਚਾਰ ਹੋਈ ਅਤੇ ਫਿਰ ਮੈਨੂੰ ਸ਼ਿਕਾਗੋ ਸ਼ਹਿਰ ਭੇਜਿਆ ਗਿਆ ਅਤੇ ਨਾਲ ਹੀ ਕਹਿ ਵੀ ਦਿੱਤਾ ਕਿ ਪਿੱਛੇ ਨਹੀਂ ਮੁੜਨਾ ਭਾਵੇਂ ਪੱਗੜੀ ਕਿਉਂ ਨਾ ਉਤਾਰਨੀ ਪਵੇ।

ਪਾਰਟੀ ਨੇ ਸ਼ਿਕਾਗੋ ਨੂੰ ਟੈਲੀਗਰਾਫ ਕਰ ਦਿੱਤਾ ਕਿ ਫਲਾਣੇ ਦਿਨ ਫਲਾਣੇ ਵਜੇ ਦੀ ਗੱਡੀ 'ਤੇ ਸਾਡਾ ਆਦਮੀ ਆਵੇਗਾ। ਇਸ ਲਈ ਜਦ ਮੈਂ ਗੱਡੀ ਤੋਂ ਉਤਰਿਆ ਤਾਂ ਆਦਮੀ ਮੈਨੂੰ ਲੈਣ ਨੂੰ ਅੱਗੇ ਖੜ੍ਹਾ ਸੀ। ਨਾਲ ਹੀ ਉਸ ਨੇ ਕਿਹਾ ਕਿ ਹੁਣ ਪੱਗੜੀ ਉਤਾਰ ਦਿਉ, ਕਿਉਂਕਿ ਏਥੇ ਅੰਗਰੇਜ਼ਾਂ ਦੇ ਖੁਫੀਏ ਬਹੁਤ ਹਨ, ਉਸਨੇ ਮੈਨੂੰ ਟੋਪੀ ਲਿਆ ਦਿੱਤੀ ਅਤੇ ਮੇਰੇ ਕੇਸ ਕਟਵਾ ਦਿੱਤੇ।

8

ਰੂਸ ਨੂੰ ਜਾਣਾ

ਦੋ ਦਿਨ ਮੈਂ ਸ਼ਿਕਾਗੋ ਰਿਹਾ, ਫਿਰ ਨਿਊਯਾਰਕ ਸ਼ਹਿਰ ਆਇਆ, ਜਿਥੇ ਇਕ ਹਫ਼ਤਾ ਰਿਹਾ ਅਤੇ ਫੇਰ ਉਥੋਂ ਪ੍ਰਾਈਵੇਟ ਡਾਕੂਮੈਂਟ ਲੈ ਕੇ ਫਰਾਂਸੀਸੀ ਜਹਾਜ਼ ਪੈਟਰੀਆ ਵਿੱਚ ਸਵਾਰ ਹੋ ਗਿਆ। ਇਹ ਜਹਾਜ਼ ਕਈ ਦਿਨਾਂ ਪਿਛੋਂ ਦਰਾਦਾਨੀਅਲ ਵਿੱਚੋਂ ਦੀ ਲੰਘ ਕੇ ਕੁਸਤੁਨਤੁਨੀਆ ਸ਼ਹਿਰ ਦੇ ਨਜ਼ਦੀਕ ਸਮੁੰਦਰ ਵਿੱਚ ਖੜ੍ਹਾ ਹੋ ਗਿਆ। ਮੈਂ ਉਹ ਸ਼ਹਿਰ ਦੇਖਣ ਲਈ ਪੰਜੀ ਡਾਲੇ ਦੇ ਰਿਹਾ, ਪਰ ਮੈਨੂੰ ਕਮਿਊਨਿਸਟ ਸਮਝ ਕੇ ਸ਼ਹਿਰ ਵਿੱਚ ਜਾਣ ਦੀ ਇਜ਼ਾਜ਼ਤ ਨਾ ਮਿਲੀ। ਉਹ ਜਹਾਜ਼ ਉਥੇ ਦੋ-ਤਿੰਨ ਦਿਨ ਠਹਿਰ ਕੇ ਚਲਿਆ ਗਿਆ ਤੇ ਮੈਂ ਇਕ ਰੂਸੀ ਜਹਾਜ਼ ਜਿਸ ਦਾ ਨਾਮ ਸੌਰੀਆ ਸੀ, ਵਿੱਚ ਆ ਗਿਆ। ਇਹ ਜਹਾਜ਼ ਕਾਲੇ ਸਮੁੰਦਰ ਵਿੱਚ ਚੱਲਦਾ ਰਿਹਾ ਤੇ ਆਖਰ ਰੂਸ ਦੀ ਬੰਦਰਗਾਹ ਉਡੀਸਾ ਆ ਖੜ੍ਹਾ ਹੋਇਆ। ਇਕ

ਰੂਸੀ ਮੈਨੂੰ ਜਹਾਜ਼ ਵਿੱਚੋਂ ਉਤਾਰ ਕੇ ਸ਼ਹਿਰ ਲੈ ਗਿਆ। ਉਥੇ ਅਸਾਂ ਦੋਹਾਂ ਖਾਣਾ ਖਾਧਾ ਤੇ ਫਿਰ ਥੋੜ੍ਹਾ ਆਰਾਮ ਕਰਨ ਦੇ ਪਿਛੋਂ ਉਸ ਨੇ ਮੈਨੂੰ ਕਾਰ ਵਿੱਚ ਬਿਠਾ ਕੇ ਸ਼ਹਿਰ ਦੀ ਸੈਰ ਕਰਵਾਈ। ਇਹ ਸ਼ਹਿਰ ਕਾਲੇ ਸਮੁੰਦਰ ਦੇ ਕੰਢੇ ਬਹੁਤ ਦੂਰ ਤੱਕ ਫੈਲਿਆ ਹੋਇਆ ਹੈ ਤੇ ਬਹੁਤ ਹੀ ਸੋਹਣਾ ਸ਼ਹਿਰ ਹੈ। ਸ਼ਾਮ ਨੂੰ ਉਸ ਨੇ ਮੈਨੂੰ ਮਾਸਕੋ ਜਾਣ ਲਈ ਰੇਲ ਗੱਡੀ ਵਿੱਚ ਬਿਠਾ ਦਿੱਤਾ। ਉਥੇ ਡੱਬੇ ਵਿੱਚ ਮੈਨੂੰ ਹਰ ਤਿੰਨ ਘੰਟੇ ਪਿਛੋਂ ਚਾਹ ਪੀਣ ਲਈ ਮਿਲਦੀ ਰਹੀ ਅਤੇ ਆਖਰ ਮੈਂ ਮਾਸਕੋ ਪਹੁੰਚ ਗਿਆ ਤੇ ਉਥੇ ਮੇਰੀ ਬੜੀ ਆਓ ਭਗਤ ਕੀਤੀ ਗਈ।

9

ਪੋਲੀਟੀਕਲ ਯੂਨੀਵਰਸਿਟੀ ਵਿੱਚ ਦਾਖਲ ਹੋਣਾ

ਤਿੰਨ-ਚਾਰ ਦਿਨ ਆਰਾਮ ਕਰਨ ਦੇ ਪਿਛੋਂ ਮੈਨੂੰ ਪੋਲੀਟੀਕਲ ਯੂਨੀਵਰਸਿਟੀ ਵਿੱਚ ਪੋਲੀਟੀਕਲ ਵਿੱਦਿਆ ਪ੍ਰਾਪਤ ਕਰਨ ਲਈ ਦਾਖਲ ਕਰਵਾ ਦਿੱਤਾ ਗਿਆ।

ਮਾਸਕੋ ਵਿੱਚ ਸਰਦੀ ਬਹੁਤ ਪੈਂਦੀ ਹੈ। ਸਿਆਲ ਵਿੱਚ ਹਰ ਵੇਲੇ ਬਰਫ ਪੈਂਦੀ ਰਹਿੰਦੀ ਹੈ ਤੇ ਵੱਡੇ-ਵੱਡੇ ਟਰੱਕਾਂ ਰਾਹੀਂ ਉਸ ਨੂੰ ਉਠਵਾ ਕੇ ਮਾਸਕੋ ਦਰਿਆ ਵਿੱਚ ਸੁਟਿਆ ਜਾਂਦਾ ਹੈ। ਮਈ ਮਹੀਨੇ ਦੀ ਪਹਿਲੀ ਤਰੀਕ ਨੂੰ ਬਰਫ਼ ਖੁਰ ਜਾਂਦੀ ਹੈ ਤੇ ਮਈ ਦਿਵਸ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਲਾਲ ਚੌਂਕ ਵਿੱਚ ਟੈਂਕਾਂ ਦੀ ਪਰੇਡ ਹੁੰਦੀ ਹੈ ਤੇ ਅਸਮਾਨ ਹਵਾਈ ਜਹਾਜ਼ਾਂ ਨਾਲ ਭਰ ਜਾਂਦਾ ਹੈ, ਜਿਨ੍ਹਾਂ ਦੀਆਂ ਅਸਮਾਨ ਵਿੱਚ ਬਹੁਤ ਕਲਾਬਾਜੀਆਂ ਹੁੰਦੀਆਂ ਹਨ। ਲੈਨਨ ਦੇ ਮਕਬਰੇ ਤੇ ਹਕੂਮਤੀ ਆਦਮੀ ਯਾਤਰੂਆਂ ਨੂੰ ਵਧਾਈਆਂ ਦਿੰਦੇ ਹਨ। ਮਈ ਦਾ ਦਿਹਾੜਾ ਤਾਂ ਦੁਨੀਆਂ ਵਿੱਚ ਇਕ ਬਹਿਸ਼ਤੀ ਦਿਨ ਹੁੰਦਾ ਹੈ। ਦੂਰ-ਦੂਰ ਤੋਂ ਲੋਕੀ ਆਣ ਕੇ ਇਸ ਰੌਣਕ ਵਿੱਚ ਹਿੱਸਾ ਲੈਂਦੇ ਹਨ।

ਜੂਨ ਵਿੱਚ ਪੋਲੀਟੀਕਲ ਯੂਨੀਵਰਸਿਟੀ ਬੰਦ ਹੋ ਜਾਂਦੀ ਹੈ ਤੇ ਸਾਰੇ ਪੋਲੀਟੀਕਲ ਵਿੱਦਿਆ ਪ੍ਰਾਪਤ ਕਰਨ ਵਾਲੇ ਦੂਰ-ਦੂਰ ਦਾਰਿਆਂ (ਗਰਮੀ ਕੱਟਣ ਵਾਲੇ ਮਕਾਨ) ਵਿੱਚ ਗਰਮੀਆਂ ਕਟਣ ਚੱਲੇ ਜਾਂਦੇ ਹਨ। 15/9 ਨੂੰ ਫੇਰ ਪੜ੍ਹਾਈ ਸ਼ੁਰੂ ਹੋ ਜਾਂਦੀ ਹੈ। ਐਸਾ ਹੀ ਮੇਰੇ ਨਾਲ ਵੀ ਹੋਇਆ।

10

ਚੀਨ ਵਿੱਚ ਇਨਕਲਾਬ

ਉਨ੍ਹੀਂ ਦਿਨੀ 1926 ਦੇ ਅਖੀਰ ਵਿੱਚ ਚੀਨ ਵਿੱਚ ਇਕ ਬੜਾ ਭਾਰਾ ਇਨਕਲਾਬ ਆ ਰਿਹਾ ਸੀ। ਚੀਨ ਵਿੱਚ ਆਪੋ ਧਾਪੀ ਪਈ ਹੋਈ ਸੀ। ਹਰ ਸੂਬੇ ਦਾ ਗਵਰਨਰ ਆਪਣੇ ਸੂਬੇ ਵਿੱਚ ਖੁਦਮੁਖਤਾਰ ਬਣ ਬੈਠਾ। ਨਾਨਕਿੰਗ ਸ਼ਹਿਰ ਵਿੱਚ ਚਾਕੇਂਸ਼ੀਕ ਨੇ ਨੈਸ਼ਨਲ ਹਕੂਮਤ ਕਾਇਮ ਕਰ ਲਈ। ਹੰਕਾਓ ਸ਼ਹਿਰ ਵਿੱਚ ਨਾਮਧਰੀਕ ਕਮਿਊਨਿਸਟਾਂ ਨੇ ਕੁਝ ਧਨੀ ਆਪਣੇ ਨਾਲ ਲੈ ਕੇ ਵੂਹਨ ਗਵਰਨਮੈਂਟ ਬਣਾ ਲਈ। ਚੀਨ ਵਿੱਚ ਬੜੀ ਅਬਤਰੀ ਫੈਲ ਗਈ। ਬਰਤਾਨਵੀ ਹਕੂਮਤ ਨੇ ਚਾਕੇਂਸ਼ੀਕ ਦੀ ਮਦਦ ਲਈ ਬਹੁਤ ਸਾਰੀ ਹਿੰਦੁਸਤਾਨੀ ਫੌਜ਼ ਚੀਨ ਵਿੱਚ ਲਿਆ ਸੁੱਟੀ ਆਪਣੇ ਹੱਥ ਰੰਗਣ ਲਈ।

ਰੂਸੀ ਹਕੂਮਤ ਨੇ ਵੂਹਨ ਗਵਰਨਮੈਂਟ ਨੂੰ ਜਿਹੜੀ ਹੰਕਾਓ ਵਿੱਚ ਚਾਂਕੇਸ਼ੀਕ ਦੇ ਵਿਰੁੱਧ ਸੀ, ਮਦਦ ਦੇਣ ਲਈ ਬਹੁਤ ਸਾਰੇ ਰੂਸੀ ਚੀਨ ਵਿੱਚ ਭੇਜ ਦਿੱਤੇ। ਜਨਵਰੀ 1927 ਵਿੱਚ ਇਕ ਮੀਟਿੰਗ ਵਿੱਚ ਮੈਨੂੰ ਪੁੱਛਿਆ ਗਿਆ ਕਿ ਦਸੋ ਕੋਈ ਆਦਮੀ ਐਸਾ ਹੈ ਜਿਹੜਾ ਚੀਨ ਵਿੱਚ ਜਾ ਕੇ ਹਿੰਦੁਸਤਾਨ ਵਿੱਚੋਂ ਆਈ ਫੌਜ਼ ਵਿੱਚ ਪ੍ਰਚਾਰ ਕਰਕੇ ਉਸ ਨੂੰ ਵਾਪਸ ਹਿੰਦੁਸਤਾਨ ਭੇਜ ਸਕੇ ਤਾਂ ਕਿ ਉਹ ਚੀਨਿਆਂ ਤੇ ਗੋਲੀ ਨਾ ਚਲਾਵਣ। ਇਸ ਦੇ ਜਵਾਬ ਵਿੱਚ ਮੈਂ ਕਿਹਾ ਕਿ ਮੈਂ ਚੀਨੀ ਜ਼ੁਬਾਨ ਬਹੁਤ ਅੱਛੀ ਤਰ੍ਹਾਂ ਬੋਲ ਸਕਦਾ ਹਾਂ। ਜੇ ਆਪ ਮੈਨੂੰ ਚੀਨ ਵਿੱਚ ਇਸ ਕੰਮ ਲਈ ਭੇਜਣਾ ਚਾਹੁੰਦੇ ਹੋ ਤਾਂ ਮੈਂ ਬੜੀ ਖੁਸ਼ੀ ਨਾਲ ਜਾ ਕੇ ਇਹ ਕੰਮ ਕਰਨ ਨੂੰ ਤਿਆਰ ਹਾਂ। ਮੈਂ ਆਪਣੀ ਸਾਰੀ ਕੋਸ਼ਿਸ਼ ਕਰਾਂਗਾ ਤੇ ਵਾਹ ਲੱਗਦੀ ਮੈਂ ਚੀਨੇ ਆਦਮੀਆਂ 'ਤੇ ਗੋਲੀ ਨਹੀਂ ਚਲਣ ਦਿਆਂਗਾ ਸਗੋਂ ਉਸ ਫੌਜ਼ ਨੂੰ ਅੰਗਰੇਜ਼ੀ ਹਕੂਮਤ ਦੇ ਖਿਲਾਫ ਕਰ ਦਿਆਂਗਾ। ਕੁਝ ਦਿਨ ਇਸ ਫੈਸਲੇ 'ਤੇ ਵਿਚਾਰ ਹੋਈ ਅਤੇ ਆਖਰ ਇਸ ਕੰਮ ਲਈ ਮੈਨੂੰ ਚੀਨ ਵਿੱਚ ਭੇਜਣ ਦਾ ਫੈਸਲਾ ਹੋ ਗਿਆ।

11

ਚੀਨ ਨੂੰ ਜਾਣਾ

1927 ਦੇ ਫਰਵਰੀ ਦੇ ਮਹੀਨੇ ਵਿੱਚ ਸ਼ਾਮ ਦੇ ਛੇ ਵਜੇ ਜਦ ਮੈਂ ਬੋਰਡਿੰਗ

ਹਾਊਸ ਤੋਂ ਸ਼ਾਮ ਦਾ ਖਾਣਾ ਖਾਣ ਲਈ ਜਾ ਰਿਹਾ ਸਾਂ ਤਾਂ ਇਕ ਸਾਥੀ ਨੇ ਮੈਨੂੰ ਆ ਕੇ ਕਿਹਾ ਕਿ ਮੈਂ ਆਪ ਨਾਲ ਇਕ ਗੱਲ ਕਰਨੀ ਹੈ। ਇਸ ਲਈ ਮੇਰੀ ਗੱਲ ਸੁਣ ਕੇ ਖਾਣਾ ਖਾਣ ਜਾਓ। ਮੈਂ ਕਿਹਾ 'ਅੱਛਾ'। ਉਹ ਮੈਨੂੰ ਆਪਣੇ ਨਾਲ ਲੈ ਗਿਆ। ਅਸੀਂ ਇਕ ਹੋਟਲ ਵਿੱਚ ਚਲੇ ਗਏ, ਉਥੇ ਮੇਰੇ ਲਈ ਪਹਿਲੋਂ ਹੀ ਇਕ ਕਮਰਾ ਤਿਆਰ ਸੀ। ਅਸੀਂ ਉਸ ਕਮਰੇ ਵਿੱਚ ਜਾ ਕੇ ਬੈਠ ਗਏ ਅਤੇ ਉਸ ਨੇ ਕਿਹਾ ਕਿ ਤੈਨੂੰ ਚੀਨ ਵਿੱਚ ਭੇਜਣ ਲਈ ਫੈਸਲਾ ਹੋ ਗਿਆ ਹੈ ਅਤੇ ਅੱਜ ਹੀ ਸ਼ਾਮ ਨੂੰ ਤੈਨੂੰ ਰੇਲ ਗੱਡੀ 'ਤੇ ਚੜ੍ਹਾਇਆ ਜਾਣਾ ਹੈ। ਮੈਂ ਕਿਹਾ ਕਿ ਮੈਨੂੰ ਜਾ ਕੇ ਆਪਣਾ ਸਮਾਨ ਠੀਕ ਕਰ ਆਉਣ ਦਿੱਤਾ ਜਾਵੇ। ਉਸ ਨੇ ਜਵਾਬ ਵਿੱਚ ਕਿਹਾ ਕਿ ਸਮਾਨ ਦੀ ਬਾਬਤ ਕੋਈ ਫਿਕਰ ਨਾ ਕਰੋ, ਉਹ ਸਭ ਸਾਂਭ ਲਿਆ ਜਾਵੇਗਾ। ਨਤੀਜਾ ਇਹ ਹੋਇਆ ਕਿ ਉਸੀ ਸ਼ਾਮ ਦੇ ਨੌਂ ਵਜੇ ਕਿਸੇ ਨਾਲ ਮਿਲਣ ਤੋਂ ਬਿਨਾਂ ਹੀ ਮੈਨੂੰ ਰੇਲ ਗੱਡੀ ਵਿੱਚ ਬਿਠਾ ਦਿੱਤਾ ਗਿਆ ਤਾਂ ਕਿ ਕਿਸੇ ਅੰਗਰੇਜ਼ੀ ਜਾਸੂਸ ਨੂੰ ਇਸ ਗੱਲ ਦੀ ਭਿਣਕ ਨਾ ਲੱਗੇ। ਇਹ ਗੱਡੀ ਚੀਨ ਵੱਲ ਤੁਰੀ ਜਾਂਦੀ ਰਹੀ, ਬਾਰ੍ਹਾਂ ਦਿਨ ਅਤੇ ਬਾਰ੍ਹਾਂ ਰਾਤਾਂ ਚੱਲ ਕੇ ਇਹ ਰੇਲ ਗੱਡੀ ਤੇਰ੍ਹਵੀਂ ਸ਼ਾਮ ਨੂੰ ਵਲਾਡੀਵਸਟਕ ਸ਼ਹਿਰ ਦੇ ਸਟੇਸ਼ਨ 'ਤੇ ਅਪੜੀ। ਜਦ ਮੈਂ ਗੱਡੀ ਤੋਂ ਉਤਰਿਆ ਤਾਂ ਇਕ ਆਦਮੀ ਜਿਹੜਾ ਮੇਰੇ ਇੰਤਜ਼ਾਰ ਵਿੱਚ ਸੀ, ਮੈਨੂੰ ਆ ਮਿਲਿਆ ਤੇ ਮੈਨੂੰ ਇਕ ਹੋਟਲ ਵਿੱਚ ਲੈ ਗਿਆ। ਉਥੇ ਮੇਰੇ ਰਹਿਣ ਲਈ ਇਕ ਕਮਰਾ ਨੀਯਤ ਕੀਤਾ ਹੋਇਆ ਸੀ। ਅਸੀਂ ਉਸ ਕਮਰੇ ਵਿੱਚ ਬੈਠ ਗਏ। ਉਸਨੇ ਹੋਟਲ ਵਾਲੇ ਨੂੰ ਕਮਰੇ ਵਿੱਚ ਸੱਦ ਕੇ ਕਿਹਾ ਕਿ ਇਹ ਜੈਂਟਲਮੈਨ ਏਥੇ ਰਹੇਗਾ, ਇਸ ਦੀ ਹਰ ਤਰ੍ਹਾਂ ਦੀ ਖਾਤਰਦਾਰੀ ਕਰਨੀ ਅਤੇ ਖਾਣਾ ਵੀ ਹੋਟਲ ਵਿੱਚੋਂ ਹੀ ਦੇਣਾ। ਵਲਾਡੀਵਾਸਟਕ ਸਮੁੰਦਰ ਦੇ ਕੰਢੇ 'ਤੇ ਸ਼ਹਿਰ ਹੈ ਤੇ ਸਮੁੰਦਰ ਕੰਢੇ ਤੋਂ ਪੰਜ-ਛੇ ਮੀਲ ਤੱਕ ਜਮਿਆ ਹੋਇਆ ਸੀ। ਇਸ ਲਈ ਕੋਈ ਆ ਜਾ ਨਹੀਂ ਸਕਦਾ ਸੀ। ਮੈਂ ਕਰੀਬਨ ਇਕ ਮਹੀਨਾ ਵਲਾਡੀਵਸਟਕ ਸ਼ਹਿਰ ਵਿੱਚ ਰਿਹਾ। ਬੜਾ ਸੁੰਦਰ ਸ਼ਹਿਰ ਹੈ। ਸਮੁੰਦਰ ਦੇ ਕੰਢੇ ਦੂਰ ਤੱਕ ਵਸ ਰਿਹਾ ਹੈ। ਇਸ ਸ਼ਹਿਰ ਦੀ ਸੀਨਰੀ ਬੜੀ ਹੀ ਸੋਹਣੀ ਹੈ। 15 ਮਾਰਚ, 1927 ਨੂੰ ਸਮੁੰਦਰ ਦਾ ਪਾਣੀ ਘਟਣਾ ਸ਼ੁਰੂ ਹੋਇਆ ਤੇ ਵੀਹ ਮਾਰਚ ਨੂੰ ਇਕ ਜਹਾਜ਼ ਚੀਨ ਜਾਣ ਲਈ ਤਿਆਰ ਹੋਇਆ ਤੇ ਮੈਂ ਉਸ ਵਿੱਚ ਬੈਠ ਕੇ ਚੀਨ ਨੂੰ ਚਾਲੇ ਪਾਏ। ਅੱਗੇ-ਅੱਗੇ ਸਾਡੇ ਜਹਾਜ਼ ਦੇ ਇਕ ਬਰਫ਼ ਤੋੜ ਜਹਾਜ਼ ਬਰਫ਼ ਤੋੜਦਾ ਗਿਆ ਤੇ ਪਿੱਛੇ ਸਾਡਾ ਜਹਾਜ਼ ਚਲਦਾ ਗਿਆ। ਜਦ ਸਾਡਾ ਜਹਾਜ਼ ਗਹਿਰੇ ਪਾਣੀ ਵਿੱਚ ਵੜ ਗਿਆ ਤਾਂ ਬਰਫ਼ ਤੋੜ ਜਹਾਜ਼ ਪਿੱਛੇ ਨੂੰ ਮੁੜ ਗਿਆ। ਉਸ ਜਹਾਜ਼ ਵਿੱਚ 25

ਰੂਸੀ ਆਦਮੀ ਵੀ ਮੇਰੇ ਨਾਲ ਸਨ, ਜਿਹੜੇ ਚੀਨ ਵਿੱਚ ਕਮਿਊਨਿਸਟ ਪ੍ਰਚਾਰ ਲਈ ਜਾ ਰਹੇ ਸਨ। ਜਦ ਜਹਾਜ਼ ਹਾਂਗਕਾਂਗ ਦੇ ਨਜ਼ਦੀਕ ਪਹੁੰਚਿਆ, ਤਾਂ ਬਹੁਤ ਜ਼ੋਰ ਦੀ ਧੁੰਦ ਪੈ ਗਈ। ਇਕ ਫੁੱਟ ਦੂਰ ਦੀ ਕੋਈ ਚੀਜ਼ ਨਜ਼ਰ ਨਾ ਆਵੇ। ਇਸ ਲਈ ਸਾਡਾ ਜਹਾਜ਼ ਉਥੇ ਖੜ੍ਹੋ ਗਿਆ ਤੇ ਕਪਤਾਨ ਨੇ ਕਿਹਾ, "ਅਸੀਂ ਅੰਗਰੇਜ਼ਾਂ ਦੇ ਪਾਣੀ ਵਿੱਚ ਹਾਂ, ਕਿਉਂਕਿ ਹਾਂਗਕਾਂਗ ਅੰਗਰੇਜ਼ਾਂ ਦੇ ਕਬਜੇ ਵਿੱਚ ਸੀ।" ਜਹਾਜ਼ ਦੇ ਕਪਤਾਨ ਨੇ ਕਿਹਾ ਕਿ ਜੇ ਕਿਸੇ ਪਾਸ ਕੋਈ ਅੰਗਰੇਜ਼ਾਂ ਦੇ ਖਿਲਾਫ ਕਾਗਜ਼ ਪੱਤਰ ਹੈ ਤਾਂ ਸਾਂਭ ਲਵੋ। ਇਸ ਕਰਕੇ ਮੇਰੇ ਪਾਸ ਜਿਹੜੇ ਕਾਗਜ ਪੱਤਰ ਸਨ, ਉਹ ਮੈਂ ਕਪਤਾਨ ਦੀ ਕੈਬਨ ਵਿੱਚ ਰੱਖ ਦਿੱਤੇ ਤਾਂ ਕਿ ਅਗਰ ਕੋਈ ਅੰਗਰੇਜ਼ ਅਫ਼ਸਰ ਆ ਕੇ ਮੇਰੀ ਤਲਾਸ਼ੀ ਲਵੇ ਤਾਂ ਮੇਰੇ ਪਾਸੋਂ ਕੁਛ ਨਾ ਨਿਕਲੇ। ਕਪਤਾਨ ਦੇ ਕੈਬਨ ਦੀ ਕੋਈ ਤਲਾਸ਼ੀ ਨਹੀਂ ਲੈ ਸਕਦਾ।

12

ਚੀਨ ਦੇ ਕੈਂਨਟਨ ਸ਼ਹਿਰ ਵਿੱਚ

ਜਹਾਜ਼ ਸਾਰੀ ਰਾਤ ਉਥੇ ਖੜ੍ਹਾ ਰਿਹਾ, ਕੋਈ ਅੰਗਰੇਜ਼ ਅਫ਼ਸਰ ਨਾ ਆਇਆ। ਸਵੇਰਾ ਹੋ ਗਿਆ, ਧੁੰਦ ਹੱਟ ਗਈ ਤੇ ਸਾਡਾ ਜਹਾਜ਼ ਅੱਗੇ ਨੂੰ ਤੁਰ ਪਿਆ ਤਾਂ ਮੇਰੀ ਜਾਨ ਵਿੱਚ ਜਾਨ ਆਈ। ਅਸੀਂ ਸਾਰੇ ਹੀ ਮੁਸਾਫਰ ਖੁਸ਼ੀ-ਖੁਸ਼ੀ ਚੀਨ ਦੇ ਕੈਨਟਨ ਸ਼ਹਿਰ ਤੋਂ ਛੇ ਮੀਲ ਦੂਰ ਰਹਿ ਗਏ । ਸਾਡਾ ਜਹਾਜ ਉਥੇ ਖੜ੍ਹੋ ਗਿਆ, ਕਿਉਂਕਿ ਅੱਗੇ ਛੋਟੀ ਖਾੜੀ ਵਿੱਚ ਦੀ ਜਹਾਜ਼ ਨਹੀਂ ਜਾ ਸਕਦਾ ਸੀ। ਪਾਣੀ ਛੋਟਾ ਸੀ ਗਹਿਰਾ ਨਹੀਂ ਸੀ।

ਉਸ ਵਕਤ ਕੈਨਟਨ ਕਮਿਊਨਿਸਟਾਂ ਦੇ ਕਬਜ਼ੇ ਵਿੱਚ ਸੀ। ਮੈਂ ਕੈਨਟਨ ਜਾਣ ਲਈ ਬੇੜੀ ਵਾਲੇ ਨੂੰ ਸੱਦਿਆ ਤੇ ਉਸ ਬੇੜੀ ਵਿੱਚ ਬੈਠ ਕੇ ਸ਼ਾਮ ਦੇ ਕਰੀਬਨ ਚਾਰ ਵਜੇ ਸ਼ਹਿਰ ਵਿੱਚ ਪਹੁੰਚਿਆ ਤੇ ਉੱਤਰ ਕੇ ਇਕ ਚੀਨੇ ਹੋਟਲ ਵਿੱਚ ਜਿਹੜਾ ਘਾਟ ਦੇ ਨੇੜੇ ਹੀ ਸੀ, ਚਲਾ ਗਿਆ। ਅੱਛੀ ਤਰ੍ਹਾਂ ਨਹਾ ਧੋ ਕੇ ਖਾਣਾ ਖਾਧਾ ਤੇ ਸੌਂ ਗਿਆ। ਅਗਲੇ ਦਿਨ ਅੱਠ ਵਜੇ ਜਾਗ ਕੇ ਮੂੰਹ ਹੱਥ ਧੋ ਕੇ ਨਾਸ਼ਤਾ ਕੀਤਾ ਤੇ ਕੱਪੜੇ ਪਹਿਨ ਕੇ ਸ਼ਹਿਰ ਵਿੱਚ ਜਾਣ ਦੀ ਤਿਆਰੀ ਕੀਤੀ।

ਜਦ ਮੈਂ ਹੋਟਲ ਤੋਂ ਬਾਹਰ ਜਾਣ ਲੱਗਾ ਤਾਂ ਹੋਟਲ ਦੇ ਪਰੋਪਰਾਈਟਰ (ਹੋਟਲ ਮੈਨੇਜਰ) ਨੇ ਮੈਨੂੰ ਰੋਕ ਲਿਆ ਤੇ ਪੁੱਛਿਆ, "ਕਿੱਥੇ ਜਾ ਰਹੇ ਹੋ?" ਮੈਂ ਜਵਾਬ

ਵਿੱਚ ਕਿਹਾ ਕਿ ਸ਼ਹਿਰ ਵਿੱਚ ਘੁੰਮਣ ਲਈ ਜਾ ਰਿਹਾ ਹਾਂ ਤਾਂ ਉਸ ਨੇ ਕਿਹਾ ਕਿ ਸਾਰੀ ਰਾਤ ਸ਼ਹਿਰ ਵਿੱਚ ਲੜਾਈ ਹੁੰਦੀ ਰਹੀ ਹੈ, ਕੱਲ੍ਹ ਇਹ ਸ਼ਹਿਰ ਕਮਿਊਨਿਸਟਾਂ ਦੇ ਹੱਥ ਵਿੱਚ ਸੀ, ਰਾਤ ਦੀ ਲੜਾਈ ਵਿੱਚ ਕਮਿਊਨਿਸਟਾਂ ਨੂੰ ਹਾਰ ਹੋ ਗਈ ਹੈ ਤੇ ਹੁਣ ਇਥੇ ਚਾਕੇਂਸ਼ੀਕ ਦੀਆਂ ਫੌਜਾਂ ਦਾ ਕਬਜ਼ਾ ਹੈ। ਏਥੇ ਹੁਣ ਸ਼ਹਿਰ ਵਿੱਚ ਕਰਫੂ ਆਰਡਰ ਲੱਗਾ ਹੋਇਆ ਹੈ, ਕੋਈ ਆਦਮੀ ਇਧਰ-ਉਧਰ ਫਿਰ ਨਹੀਂ ਸਕਦਾ। ਇਸ ਲਈ ਤੁਸੀਂ ਜਦ ਤੱਕ ਕਰਫੂ ਆਰਡਰ ਹੈ, ਬਾਹਰ ਨਾ ਜਾਓ, ਹੋਟਲ ਵਿੱਚ ਹੀ ਰਹੋ।

ਅਗਲੇ ਦਿਨ ਕਰਫੂ ਆਰਡਰ ਹੱਟ ਗਿਆ ਤਾਂ ਮੈਂ ਫਿਰਦੇ ਤੁਰਦੇ ਸੋਵੀਅਤ ਕੌਂਸਲ ਖਾਨੇ ਜਾ ਅਪੜਿਆ ਤੇ ਸੋਵੀਅਤ ਕੌਂਸਲ ਨੂੰ ਕਿਹਾ ਕਿ ਮੈਂ ਏਥੇ ਹੰਕਾਓ ਸ਼ਹਿਰ ਨੂੰ ਜਾਣਾ ਹੈ। ਇਸ ਲਈ ਉਥੇ ਜਾਣ ਲਈ ਮੇਰੀ ਕੁਝ ਮੱਦਦ ਕੀਤੀ ਜਾਵੇ। ਉਸ ਨੇ ਕਿਹਾ ਕਿ ਹੁਣ ਮੈਂ ਅਸਮਰੱਥ ਹਾਂ ਤੇ ਇਸ ਵੇਲੇ ਮੈਂ ਕਿਸੇ ਕਿਸਮ ਦੀ ਮਦਦ ਨਹੀਂ ਕਰ ਸਕਦਾ, ਸਗੋਂ ਤੁਸੀਂ ਛੇਤੀ ਕੌਂਸਲ ਦੇ ਇ-ਹਾਤੇ ਤੋਂ ਬਾਹਰ ਨਿਕਲ ਜਾਵੋ, ਸ਼ਹਿਰ ਵਿੱਚ ਗੜਬੜ ਤੇ ਫਸਾਦ ਬਹੁਤ ਹੈ, ਐਸਾ ਨਾ ਹੋਵੇ ਕਿ ਤੁਸੀਂ ਵੀ ਇਸ ਗੜਬੜ ਵਿੱਚ ਪਕੜੇ ਜਾਓ, ਕਿ ਤੁਸੀਂ ਸੋਵੀਅਤ ਸਫਾਰਤ ਖਾਨੇ ਵਿੱਚ ਕਿਉਂ ਆਏ।

ਥੋੜ੍ਹੇ ਦਿਨਾਂ ਪਿਛੋਂ ਚਾਕੇਂਸ਼ੀਕ ਦੀਆਂ ਫੌਜਾਂ ਨੇ ਸਫਾਰਤ ਖਾਨਾ ਸਾੜ ਦਿੱਤਾ ਅਤੇ ਸੋਵੀਅਤ ਕੌਂਸਲ ਨੂੰ ਮਾਰ ਦਿੱਤਾ।

ਮੈਂ ਪੰਜ-ਛੇ ਦਿਨ ਹੋਰ ਉਸ ਹੋਟਲ ਵਿੱਚ ਠਹਿਰਿਆ। ਹੋਟਲ ਵਿੱਚ ਕਮਰੇ ਅਤੇ ਖੁਰਾਕ ਦਾ ਰੋਜ਼ਾਨਾ ਬਿਲ ਪੰਜ ਰੁਪਏ ਤੋਂ ਉੱਤੇ ਆ ਜਾਂਦਾ ਸੀ ਜਿਹੜਾ ਮੈਂ ਸਮਝਦਾ ਸਾਂ ਕਿ ਮੇਰੇ ਲਈ ਬਹੁਤ ਜ਼ਿਆਦਾ ਸੀ। ਇਸ ਲਈ ਮੈਂ ਹੋਟਲ ਕੀਪਰ ਨੂੰ ਪੁੱਛਿਆ ਕਿ "ਕੀ ਇਸ ਸ਼ਹਿਰ ਵਿੱਚ ਕਿਤੇ ਹਿੰਦੁਸਤਾਨ ਦੇ ਆਦਮੀ ਵੀ ਕੰਮ ਕਰਦੇ ਹਨ।" ਉਸ ਨੇ ਜਵਾਬ ਦਿੱਤਾ ਕਿ ਇਥੋਂ ਥੋੜ੍ਹੀ ਹੀ ਦੂਰ ਤੁਹਾਡੇ ਮੁਲਕ ਦੇ ਪੰਜ-ਛੇ ਆਦਮੀ ਰੇਲ ਦੇ ਸਟੇਸ਼ਨ 'ਤੇ ਕੰਮ ਕਰਦੇ ਹਨ।

13

ਇਨਕਲਾਬੀਆਂ ਦਾ ਸਹਾਇਕ ਸੱਜਣ

ਸ਼ਾਮ ਨੂੰ ਮੈਂ ਉਸ ਦੇ ਦੱਸੇ ਹੋਏ ਸਟੇਸ਼ਨ 'ਤੇ ਗਿਆ ਅਤੇ ਉਥੇ ਇਕ

ਆਦਮੀ ਨੂੰ ਪੁੱਛਿਆ ਕਿ ਤੁਹਾਡੇ ਵਿੱਚੋਂ ਨੰਬਰ ਵਨ ਕਿਹੜਾ ਹੈ, ਉਸਨੇ ਕਿਹਾ ਕਿਤੇ ਬਾਹਰ ਗਿਆ ਹੈ। ਮੈਂ ਉਸ ਨੂੰ ਕਿਹਾ ਕਿ ਮੈਂ ਰੂਸ ਵਿੱਚੋਂ ਆਇਆ ਹਾਂ ਤੇ ਹੰਕਾਓ ਜਾਣਾ ਚਾਹੁੰਦਾ ਹਾਂ ਤੇ ਇਸ ਵੇਲੇ ਮੈਂ ਫਲਾਣੇ ਹੋਟਲ ਵਿੱਚ ਠਹਿਰਿਆ ਹੋਇਆ ਹਾਂ। ਇਹ ਕਹਿ ਕੇ ਮੈਂ ਵਾਪਸ ਹੋਟਲ ਵਿੱਚ ਆ ਗਿਆ, ਜਦ ਉਨ੍ਹਾਂ ਦਾ ਨੰਬਰ ਵਨ ਆਇਆ ਤਾਂ ਉਸ ਆਦਮੀ ਨੇ ਜਿਸ ਨੂੰ ਮੈਂ ਮਿਲ ਕੇ ਆਇਆ ਹਾਂ ਮੇਰੀ ਬਾਬਤ ਨੰਬਰ ਵਨ ਨੂੰ ਕਹਿ ਦਿੱਤਾ ਤਾਂ ਉਹ ਨੰਬਰ ਵਨ ਉਸੇ ਵੇਲੇ ਇਕ ਕੁਲੀ ਨੂੰ ਨਾਲ ਲੈ ਕੇ ਮੇਰੇ ਕਮਰੇ ਵਿੱਚ ਆ ਗਿਆ ਤੇ ਕਹਿਣ ਲੱਗਾ ਕਿ ਏਥੇ ਚੀਨਿਆਂ ਦਾ ਆਪਸ ਵਿੱਚ ਬੜਾ ਫਸਾਦ ਹੈ ਤੇ ਪਤਾ ਨਹੀਂ ਇਹ ਗੜਬੜ ਕਿਤਨਾ ਚਿਰ ਹੋਰ ਰਹੇ, ਤੁਸੀਂ ਮੇਰੇ ਨਾਲ ਚਲੇ ਚਲੋ। ਮੇਰੇ ਪਾਸ ਜਾ ਕੇ ਰਹੋ। ਏਥੇ ਹੋਟਲ ਵਿੱਚ ਪੈਸਾ ਖਰਚਣ ਦੀ ਕੀ ਲੋੜ ਹੈ। ਮੁੱਕਦੀ ਗੱਲ ਉਸ ਨੇ ਮੇਰਾ ਅਸਬਾਬ ਉਸ ਕੁਲੀ ਨੂੰ ਚੁਕਵਾ ਲਿਆ ਤੇ ਮੈਨੂੰ ਆਪਣੇ ਕੋਲ ਕੋਈ ਇਕ ਮਹੀਨਾ ਰੱਖਿਆ। ਮੇਰੀ ਹਰ ਤਰ੍ਹਾਂ ਨਾਲ ਚੰਗੀ ਟਹਿਲ ਕੀਤੀ ਤੇ ਆਪਣੇ ਕੋਲ ਮੈਨੂੰ ਡਿਊਟੀ ਤੇ ਬਿਠਾ ਛੱਡਿਆ ਕਰੇ ਤਾਂ ਕਿ ਕੋਈ ਇਹ ਨਾ ਕਹੇ ਕਿ ਇਹ ਆਦਮੀ ਕੌਣ ਹੈ। ਇਕ ਮਹੀਨੇ ਪਿਛੋਂ ਕੁਝ ਆਰਾਮ ਹੋਇਆ। ਰੇਲ ਚੱਲ ਪਈ ਜਿਹੜੀ ਕੈਨਟਨ ਸ਼ਹਿਰ ਤੋਂ ਚੱਲ ਕੇ ਬਾਰਾਂ ਘੰਟੇ ਤੱਕ ਇਕ ਦੂਸਰੇ ਸ਼ਹਿਰ ਤੱਕ ਜਾਂਦੀ ਸੀ। ਉਸ ਸ਼ਹਿਰ ਤੱਕ ਰੇਲ ਦਾ ਟਿਕਟ ਮੁਫ਼ਤ ਦੇ ਦਿੱਤਾ। ਟਿਕਟ ਹੀ ਨਹੀਂ ਸਗੋਂ ਤੁਰਦੇ ਨੂੰ ਤੀਹ ਡਾਲੇ ਆਪਣੇ ਕੋਲੋਂ ਹੋਰ ਦਿੱਤੇ ਅਤੇ ਇਕ ਆਦਮੀ ਹੰਕਾਓ ਤੱਕ ਮੇਰੇ ਨਾਲ ਭੇਜਿਆ ਤਾਂ ਕਿ ਰਸਤੇ ਵਿੱਚ ਮੈਨੂੰ ਕਿਸੇ ਕਿਸਮ ਦੀ ਤਕਲੀਫ਼ ਨਾ ਹੋਵੇ। ਇਹ ਨੰਬਰ ਵਨ ਬ੍ਰਹਿਮਣ ਸੀ, ਪਰ ਵੱਡਾ ਪੱਕਾ-ਮਿਲਣਸਾਰ ਸੀ ਤੇ ਇਨਕਲਾਬੀਆਂ ਦਾ ਹਮਾਇਤੀ ਸੀ।

14

ਰੇਲ ਦੀ ਯਾਤਰਾ

ਮਈ ਦਾ ਮਹੀਨਾ ਸੀ। ਮੈਨੂੰ ਲੋਹੇ ਦੇ ਡੱਬੇ ਵਿੱਚ ਬਿਠਾਇਆ ਕਿਉਂਕਿ ਬਾਰਿਸ਼ ਬਹੁਤ ਪੈਂਦੀ ਸੀ ਤੇ ਰੇਲ ਦੇ ਲੱਕੜ ਦੇ ਡੱਬੇ ਸਾਰੇ ਫੌਜਾਂ ਦੀਆਂ ਗੋਲੀਆਂ ਨਾਲ ਛੇਕਦਾਰ ਹੋਏ ਹੋਏ ਸਨ, ਜਿਨ੍ਹਾਂ ਵਿੱਚ ਚੜੇ ਹੋਏ ਮੁਸਾਫਰ ਭਿਜ ਰਹੇ ਸਨ । ਜਦ ਰੇਲ ਸਟੇਸ਼ਨ ਤੇ ਖੜ੍ਹੀ ਹੋਈ ਤਾਂ ਮੈਂ ਆਪਣੇ ਡੱਬੇ ਵਿਚੋਂ ਉਤਰਿਆ ਤਾਂ ਦੇਖਿਆ

ਕਿ ਰੇਲ ਦੇ ਸਟੇਸ਼ਨ ਅਤੇ ਸ਼ਹਿਰ ਦੇ ਵਿਚਾਲੇ ਇਕ ਬੜਾ ਦਰਿਆ ਵਹਿ ਰਿਹਾ ਸੀ, ਜਿਹੜਾ ਮੀਂਹ ਪੈਣ ਕਰਕੇ ਬਹੁਤ ਜ਼ੋਰਾਂ ਨਾਲ ਚੱਲ ਰਿਹਾ ਸੀ। ਮੈਂ ਖੜ੍ਹਾ ਸੋਚ ਰਿਹਾ ਸਾਂ ਕਿ ਹੁਣ ਕੀ ਕਰਾਂ। ਰਾਤ ਮੂੰਹ ਆਈ ਹੋਈ ਹੈ। ਕਿਧਰ ਨੂੰ ਜਾਵਾਂ। ਇਤਨੇ ਨੂੰ ਤਿੰਨ ਨੌਜਵਾਨ ਚੀਨੇ ਚੰਗੇ ਪੜ੍ਹੇ ਲਿਖੇ ਹੋਏ ਹੱਥਾਂ ਵਿੱਚ ਲਾਲਟੇਨਾਂ ਫੜੀ ਮੇਰੇ ਵੱਲ ਆਏ ਤੇ ਪੁੱਛਣ ਲੱਗੇ ਕਿ ਆਪਨੇ ਕਿਥੇ ਜਾਨਾ ਹੈ, ਉਨ੍ਹਾਂ ਨੂੰ ਸ਼ਾਇਦ ਮੇਰੀ ਬਾਬਤ ਟੈਲੀਗਰਾਮ ਆਈ ਹੋਈ ਸੀ। ਮੈਂ ਉਨ੍ਹਾਂ ਨੂੰ ਕਿਹਾ ਕਿ ਮੈਂ ਕਿਸੇ ਹੀਲੇ ਹੰਕਾਓ ਨੂੰ ਜਾਣਾ ਹੈ ਤਾਂ ਉਨ੍ਹਾਂ ਨੇ ਆਪਸ ਵਿੱਚ ਸਲਾਹ ਕੀਤੀ ਤੇ ਇਕ ਮੇਰੇ ਕੋਲ ਆ ਕੇ ਕਹਿਣ ਲੱਗਾ ਕਿ ਮੈਂ ਆਪ ਦੀ ਹਰ ਤਰ੍ਹਾਂ ਦੀ ਮਦਦ ਕਰਾਂਗਾ। ਇਹ ਕਹਿ ਕੇ ਉਹ ਮੇਰੇ ਨਾਲ ਤੁਰ ਪਿਆ। ਦਰਿਆ ਵਿੱਚ ਵੱਡੇ-ਵੱਡੇ ਹੋੜੇ ਸਨ। ਜਿਨ੍ਹਾਂ ਵਿੱਚ ਮੁਸਾਫਰਾਂ ਲਈ ਰਾਤ ਕੱਟਣ ਲਈ ਬਿਸਤਰੇ ਵਿਛੇ ਹੋਏ ਸਨ। ਉਸ ਨੌਜਵਾਨ ਚੀਨੇ ਨੇ ਉਹ ਸਭ ਮੈਨੂੰ ਦਿਖਾਏ, ਪਰ ਉਹ ਬਿਸਤਰੇ ਮੇਰੇ ਪਸੰਦ ਨਾ ਆਏ ਤਾਂ ਉਸ ਨੇ ਇਕ ਬੇੜੀ ਮੰਗਵਾਈ ਤਾਂ ਅਸਾਂ ਉਸ ਵਿੱਚ ਬੈਠ ਕੇ ਦਰਿਆ ਪਾਰ ਕੀਤਾ ਤੇ ਉਹ ਨੌਜਵਾਨ ਸ਼ਹਿਰ ਵਿੱਚ ਮੈਨੂੰ ਇਕ ਹੋਟਲ ਵਿੱਚ ਲੈ ਵੜਿਆ ਤੇ ਇਕ ਬੜਾ ਚੰਗਾ ਕਮਰਾ ਮੇਰੇ ਸੋਣ ਲਈ ਦਿਵਾਇਆ ਤੇ ਹੋਟਲ ਵਾਲੇ ਨੂੰ ਕਹਿਣ ਲੱਗਾ ਕਿ ਇਸ ਨੂੰ ਚੰਗਾ ਭੋਜਨ ਤਿਆਰ ਕਰਕੇ ਖਿਲਾਓ ਅਤੇ ਇਸ ਦੀ ਹਰ ਪ੍ਰਕਾਰ ਦੀ ਮਦਦ ਕਰਨੀ ਤੇ ਜਾਂਦਾ ਹੋਇਆ, ਮੈਨੂੰ ਕਹਿ ਗਿਆ ਕਿ ਮੈਂ ਕਲ ਦਸ ਵਜੇ ਤੁਹਾਨੂੰ ਆਣ ਕੇ ਮਿਲਾਂਗਾ।

15

ਹੰਕਾਓ ਲਈ ਅਗਲਾ ਸਫ਼ਰ

ਅਗਲੀ ਸਵੇਰ ਉਹ ਆ ਕੇ ਮੈਨੂੰ ਇਕ ਚੰਗੇ ਦਫ਼ਤਰ ਵਿੱਚ ਲੈ ਗਿਆ, ਜਿਥੇ ਤਿੰਨ ਅਫ਼ਸਰ ਮੇਰੀ ਉਡੀਕ ਵਿੱਚ ਬੈਠੇ ਸਨ। ਇਕ ਕਮਿਊਨਿਸਟ ਪਾਰਟੀ ਦਾ ਸਕੱਤਰ, ਇਕ ਗੈਰੀਜਨ ਕਮਾਂਡਰ ਤੇ ਇਕ ਹੋਰ ਕਿਸੇ ਬਾਹਰਲੀ ਫੌਜ ਦਾ ਕਮਾਂਡਰ। ਗੱਲ ਸ਼ੁਰੂ ਹੋਈ ਤੇ ਮੈਨੂੰ ਫੌਜੀ ਕਮਾਂਡਰ ਨੇ ਕਿਹਾ ਕਿ ਦੋਸਤ ਵਾਪਸ ਕੈਨਟਨ ਸ਼ਹਿਰ ਜਾ ਕੇ ਜਹਾਜ਼ ਦੀ ਰਾਹੀਂ ਸ਼ੰਘਾਈ ਚਲੇ ਜਾਓ ਤੇ ਉਥੋਂ ਹੰਕਾਓ ਚਲੇ ਜਾਣਾ। ਮੈਂ ਉੱਤਰ ਵਿੱਚ ਕਿਹਾ ਕਿ ਆਪ ਠੀਕ ਕਹਿੰਦੇ ਹੋ, ਮੇਰਾ ਕੰਮ ਤਾਂ ਹਿੰਦੁਸਤਾਨ ਵਿੱਚ ਹਿੰਦੁਸਤਾਨੀ ਫੌਜਾਂ ਜਿਹੜੀਆਂ ਅੰਗਰੇਜ਼ੀ ਹਕੂਮਤ ਨੇ ਲਿਆ ਕੇ ਸ਼ੰਘਾਈ ਉਤਾਰੀਆਂ ਹੋਈਆਂ ਸਨ, ਉਨ੍ਹਾਂ ਵਿੱਚ ਹੀ ਹੈ ਕਿ ਉਹ ਨਿਹੱਥੇ ਚੀਨਿਆਂ

ਤੇ ਗੋਲੀ ਨਾ ਚਲਾਉਣ ਤੇ ਚੀਨ ਵਿੱਚੋਂ ਵਾਪਸ ਹਿੰਦੁਸਤਾਨ ਮੁੜ ਜਾਣ ਪਰ ਮੈਨੂੰ ਸ਼ੰਘਾਈ ਵਿੱਚ ਸਾਰੇ ਆਦਮੀ ਜਾਣਦੇ ਹਨ ਤੇ ਅੰਗਰੇਜ਼ੀ ਹਕੂਮਤ ਮੈਨੂੰ ਪਕੜਨ ਦੀ ਹਰ ਤਰ੍ਹਾਂ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਲਈ ਜੇ ਮੈਂ ਜਹਾਜ਼ ਰਾਹੀਂ ਸ਼ੰਘਾਈ ਜਾਵਾਂ ਤਾਂ ਮੈਂ ਤਾਂ ਜ਼ਰੂਰ ਹੀ ਪਕੜਿਆ ਜਾਵਾਂਗਾ ਤੇ ਮੇਰਾ ਕੰਮ ਸਿਰੇ ਨਹੀਂ ਚੜੇਗਾ ਤਾਂ ਮੈਂ ਹੰਕਾਓ ਪਹੁੰਚ ਕੇ ਕਿਸੇ ਹੀਲੇ ਸ਼ੰਘਾਈ ਚਲਿਆ ਹੀ ਜਾਵਾਂਗਾ। ਇਸ ਲਈ ਮੈਂ ਤੁਹਾਡੇ ਪਾਸ ਪੁੱਜਾ ਹਾਂ ਕਿ ਤੁਸੀਂ ਕਿਸੇ ਨਾ ਕਿਸੇ ਤਰੀਕੇ ਮੇਰੀ ਹੰਕਾਓ ਪਹੁੰਚਣ ਵਿੱਚ ਮਦਦ ਕਰੋ।

ਜਦ ਉਨ੍ਹਾਂ ਨੇ ਮੇਰਾ ਦ੍ਰਿੜ੍ਹ ਇਰਾਦਾ ਦੇਖਿਆ ਤਾਂ ਕਹਿਣ ਲੱਗੇ ਕਿ ਅੱਛਾ ਸੋਚਿਆ ਜਾਵੇਗਾ। ਹਮਾਰੇ ਸਾਥ ਚੱਲ ਕੇ ਖਾਨਾ ਖਾਓ ਤੇ ਫਿਰ ਅੱਜ ਖਾਨੇ ਪਿਛੋਂ ਤੁਹਾਨੂੰ ਸਨੀਮਾ ਦਿਖਾਇਆ ਜਾਵੇਗਾ। ਮੈਂ ਉੱਤਰ ਦਿੱਤਾ ਕਿ ਜਦ ਤੱਕ ਮੈਂ ਆਪਣੇ ਕੰਮ ਵਿੱਚ ਸਫਲ ਨਾ ਹੋ ਜਾਵਾਂ, ਮੈਨੂੰ ਸਨੀਮਾ ਅੱਛਾ ਨਹੀਂ ਲੱਗੇਗਾ। ਫਿਰ ਉਨ੍ਹਾਂ ਜ਼ੋਰੋ-ਜ਼ੋਰੀ ਮੈਨੂੰ ਕੁਛ ਬੰਦ ਫ਼ਲਾਂ ਦੇ ਡੱਬੇ ਲੈ ਦਿੱਤੇ ਤੇ ਕਿਹਾ ਕਿ ਫੈਸਲਾ ਕਰਕੇ ਕੱਲ ਤੁਹਾਡੇ ਰਹਿਣ ਵਾਲੇ ਹੋਟਲ ਵਿੱਚ ਕੋਈ ਆਦਮੀ ਭੇਜਿਆ ਜਾਵੇਗਾ।

ਅਗਲੀ ਸਵੇਰ ਉਹੀ ਨੌਜਵਾਨ ਚੀਨਾ ਹੋਟਲ ਵਿੱਚ ਮੇਰੇ ਪਾਸ ਆਇਆ ਤੇ ਕਹਿਣ ਲੱਗਾ ਕਿ ਸਭ ਕੁਝ ਠੀਕ ਹੋ ਗਿਆ ਹੈ। ਤੁਹਾਡੇ ਵਾਸਤੇ ਇਕ ਚੰਗੀ ਬੇੜੀ ਤਿਆਰ ਕੀਤੀ ਗਈ ਹੈ ਤੇ ਚਾਰ ਫੌਜੀ ਆਦਮੀ ਤੁਹਾਡੀ ਹਿਫਾਜ਼ਤ ਵਾਸਤੇ ਤਿਆਰ ਕੀਤੇ ਗਏ ਹਨ। ਇਸ ਲਈ ਹੁਣ ਤੁਸੀਂ ਮੇਰੇ ਨਾਲ ਚੱਲੋ, ਉਹ ਬੇੜੀ ਤੁਹਾਨੂੰ ਦਰਿਆ ਰਾਹੀਂ ਅਗਲੇ ਸੂਬੇ ਤੱਕ ਛੱਡ ਆਵੇਗੀ ਤੇ ਉਸ ਸੂਬੇ ਤੋਂ ਉਸ ਸੂਬੇ ਦਾ ਹਾਕਮ ਤੁਹਾਨੂੰ ਹਿਫਾਜ਼ਤ ਨਾਲ ਅੱਗੇ ਛੋੜ ਆਵੇਗਾ। ਇਸ ਲਈ ਤੁਸੀਂ ਮੇਰੇ ਨਾਲ ਚਲੋ ਤਾਂ ਕਿ ਮੈਂ ਤੁਹਾਨੂੰ ਉਸ ਬੇੜੀ ਵਿੱਚ ਬਠਾ ਆਵਾਂ। ਮੈਂ ਤੇ ਮੇਰੇ ਨਾਲ ਦੂਜਾ ਪੰਜਾਬੀ ਜਿਹੜਾ ਕੈਨਟਨ ਤੋਂ ਨੰਬਰ ਵਨ ਨੇ ਮੇਰੀ ਹਿਫਾਜ਼ਤ ਲਈ ਮੇਰੇ ਨਾਲ ਭੇਜਿਆ ਸੀ। ਉਸ ਨੌਜਵਾਨ ਚੀਨੇ ਸਟੂਡੈਂਟ ਨਾਲ ਤੁਰ ਪਏ ਤੇ ਉਹ ਸਾਨੂੰ ਉਸ ਬੇੜੀ ਵਿੱਚ ਬਿਠਾ ਆਇਆ। ਚਾਰੇ ਫੌਜੀ ਸਿਪਾਹੀ ਤੇ ਦੋਹਾਂ ਨੂੰ ਸਾਨੂੰ ਲੈ ਕੇ ਬੇੜੀ ਦਰਿਆ ਵਿੱਚ ਠਿਲ ਪਈ, ਰਾਤ ਨੂੰ ਕਿਸੇ ਪਿੰਡ ਦੇ ਨੇੜੇ ਉਹ ਬੇੜੀ ਖਲੋ ਜਾਂਦੀ ਤੇ ਦਿਨ ਨੂੰ ਫਿਰ ਤੁਰ ਪੈਂਦੀ। ਇਸ ਤਰ੍ਹਾਂ ਕਿਸੇ ਨਾ ਕਿਸੇ ਤਰ੍ਹਾਂ ਕੁਝ ਦਿਨਾਂ ਪਿਛੋਂ ਚੀਨ ਦੇ ਅਗਲੇ ਸੂਬੇ ਵਿੱਚ ਪਹੁੰਚ ਗਏ ਤੇ ਉਹ ਚਾਰੇ ਫੌਜੀ ਸਾਨੂੰ ਉਸ ਸੂਬੇ ਦੇ ਸ਼ਹਿਰੀ ਕਮਾਂਡਰ ਦੀ ਹਿਫਾਜ਼ਤ ਵਿੱਚ ਛੱਡ ਕੇ ਵਾਪਸ ਮੁੜ ਗਏ ਤੇ ਉਸ ਹਾਕਮ ਨੇ ਮੈਨੂੰ ਸੋਣ ਵਾਸਤੇ ਇਕ ਹੋਟਲ ਵਿੱਚ ਕਮਰਾ ਲੈ ਦਿੱਤਾ।

16

ਹੰਕਾਓ ਪਹੁੰਚਣਾ

ਅਗਲੇ ਦਿਨ ਦਾ ਰਸਤਾ ਜੰਗਲ ਵਿੱਚੋਂ ਪੈਦਲ ਜਾਣ ਦਾ ਸੀ ਤੇ ਉਹ ਜੰਗਲ ਚੋਰਾਂ, ਡਾਕੂਆਂ ਤੇ ਜੰਗਲੀ ਦਰਿੰਦਿਆਂ ਦਾ ਭਰਿਆ ਹੋਇਆ ਸੀ। ਬੜਾ ਖਤਰਨਾਕ ਸੀ। ਇਸ ਲਈ ਉਸ ਸੂਬੇ ਦੇ ਹਾਕਮ ਨੇ ਮੇਰੇ ਨਾਲ ਦਸ ਫੌਜੀ ਤੇ ਇਕ ਹਵਲਦਾਰ ਦਿੱਤਾ। ਪੰਜ ਫੌਜੀ ਸੌ ਕਦਮ ਮੇਰੇ ਅੱਗੇ ਤੇ ਪੰਜ, ਸੌ ਕਦਮ ਮੇਰੇ ਪਿੱਛੇ ਤੁਰਨ ਲਈ ਤੇ ਹਵਲਦਾਰ ਕਦੇ ਅੱਗੇ ਤੇ ਕਦੇ ਪਿੱਛੇ ਜਾਂਦਾ। ਜਦ ਅਸੀਂ ਤੁਰ ਪਏ ਤਾਂ ਕਈ ਹੋਰ ਵੀ ਰਾਹੀ ਸਾਡੇ ਨਾਲ ਤੁਰ ਪਏ, ਜਿਹੜੇ ਡਰਦੇ ਮਾਰੇ ਇਕੱਲੇ ਨਹੀਂ ਜਾਂਦੇ ਸਨ। ਇਸ ਤਰ੍ਹਾਂ ਕਰਦੇ ਕਰਦੇ ਕਦੀ ਪੈਦਲ ਤੇ ਕਦੀ ਦਰਿਆ ਰਾਹੀਂ ਬੇੜਿਆਂ ਵਿੱਚ ਤੇ ਛੋਟੇ ਦਰਿਆਵਾਂ ਵਿੱਚ ਜਹਾਜ਼ਾਂ ਰਾਹੀਂ ਸਫਰ ਕਰਦੇ ਹੋਏ ਮੈਂ ਤੇ ਮੇਰੇ ਨਾਲ ਮੇਰਾ ਹਫਾਜਤੀ ਅੰਤ ਨੂੰ ਹੰਕਾਓ ਪਹੁੰਚ ਗਏ। ਮੈਂ ਕੈਨਟਨ ਕਿਆਂਗਸੀ, ਕੁਆਰਸੀ ਸੂਬੇ ਵਿੱਚ ਦੀ ਸਫਰ ਕਰਦਾ ਹੋਇਆ ਰੁਪੈ ਸੂਬੇ ਵਿੱਚ ਦੀ ਹੰਕਾਓ ਆਇਆ। ਹਰ ਸੂਬੇ ਦੇ ਗਵਰਨਰ ਨੇ ਭਾਵੇਂ ਚਾਕੇਂਸ਼ੀਕ ਦੇ ਸੂਬੇ ਦਾ ਹੋਵੇ, ਕਮਿਊਨਿਸਟ ਹਕੂਮਤ ਦਾ ਹੋਵੇ, ਮੇਰੀ ਬੜੀ ਹੀ ਇੱਜ਼ਤ ਕੀਤੀ ਤੇ ਆਪਦੇ-ਆਪਣੇ ਸੂਬੇ ਵਿੱਚ ਮੇਰੀ ਹਰ ਪ੍ਰਕਾਰ ਦੀ ਮਦਦ ਕੀਤੀ।

17

ਹੰਕਾਓ ਵਿਖੇ ਸਵਾਗਤ

ਉਨ੍ਹੀ ਦਿਨੀਂ ਹੰਕਾਓ ਵਿੱਚ ਇਹ ਆਮ ਅਫਵਾਹ ਫੈਲੀ ਹੋਈ ਸੀ ਕਿ ਸ਼ੰਘਾਈ ਸ਼ਹਿਰ ਤੋਂ ਕੁਝ ਸੀ.ਆਈ.ਡੀ. ਦੇ ਆਦਮੀ ਆਉਣ ਵਾਲੇ ਹਨ ਜਿਹੜੇ ਹੰਕਾਓ ਸ਼ਹਿਰ ਵਿਚੋਂ ਕੁਝ ਆਦਮੀਆਂ ਨੂੰ ਜਿਨ੍ਹਾਂ ਤੇ ਅੰਗਰੇਜ਼ੀ ਹਕੂਮਤ ਦਾ ਸ਼ੱਕ ਹੋਵੇਗਾ, ਪਕੜ ਕੇ ਸ਼ੰਘਾਈ ਲੈ ਜਾ ਕੇ ਜੇਲ੍ਹ ਵਿੱਚ ਡੱਕ ਦੇਣਗੇ। ਇਸ ਲਈ ਜਦ ਮੈਂ ਤੇ ਮੇਰੇ ਨਾਲ ਦਾ ਪੰਜਾਬੀ ਤੇ ਇਕ ਚੀਨਾ ਆਦਮੀ ਜਿਹੜਾ ਕੁਆਰਾ ਸੂਬੇ ਦੇ ਗਵਰਨਰ ਨੇ ਮੇਰੀ ਰਹਿਨੁਮਾਈ ਲਈ ਮੇਰੇ ਨਾਲ ਤੋਰਿਆ ਸੀ, ਹੰਕਾਓ ਦੇ ਗੁਰਦੁਆਰੇ ਵਿੱਚ ਗਏ ਤਾਂ ਜਿਹੜੇ ਪੰਜਾਬੀ ਸਿੱਖ ਗੁਰਦੁਆਰੇ ਦੀ ਹੇਠਲੀ ਛੱਤੇ ਬੈਠੇ ਹੋਏ ਸਨ, ਸਾਨੂੰ ਵੇਖ ਕੇ ਡਰ ਗਏ ਕਿ ਸ਼ਾਇਦ ਇਹ ਤਾਂ ਉਹੀ

ਸੀ.ਆਈ.ਡੀ. ਦੇ ਬੰਦੇ ਹਨ, ਜਿਹੜੇ ਸ਼ੰਘਾਈ ਤੋਂ ਆਉਣੇ ਸਨ। ਇਕ ਦੂਜੇ ਦੇ ਪਿੱਛੇ ਗਰਦੁਆਰਿਉਂ ਨਸਣੇ ਸ਼ੁਰੂ ਹੋ ਗਏ। ਮੈਂ ਵੀ ਹੈਰਾਨ ਹੋ ਗਿਆ ਕਿ ਸਾਨੂੰ ਵੇਖਦੇ ਹੀ ਕਿਉਂ ਨੱਠ ਤੁਰੇ। ਇਕ ਸਿੱਖ ਉਤਲੀ ਛੱਤੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦਾ ਸੀ। ਉਸ ਨੂੰ ਵੀ ਪੜ੍ਹਦੇ ਨੂੰ ਪਤਾ ਲੱਗ ਗਿਆ, ਉਹ ਛੇਤੀ-ਛੇਤੀ ਹੇਠਾਂ ਆ ਕੇ ਮੇਰੇ ਵੱਲ ਦੇਖਣ ਲੱਗ ਪਿਆ ਤੇ ਹਰਫਲੇ ਹੋਏ ਨੇ ਮੈਨੂੰ ਪੁੱਛਿਆ, "ਜੀ ਤੁਸੀਂ ਕਿਥੋਂ ਆਏ ਹੋ?" ਮੈਂ ਜਵਾਬ ਵਿੱਚ ਕਿਹਾ ਕਿ ਅਸੀਂ ਕੈਨਟਨ ਤੋਂ ਆਏ ਹਾਂ ਤਾਂ ਫਿਰ ਉਸ ਨੇ ਕਿਹਾ ਕਿ ਕੀ ਤੁਹਾਡਾ ਨਾਮ ਪ੍ਰੀਤਮ ਸਿੰਘ ਹੈ, ਜਿਸ ਦੀ ਸਾਨੂੰ ਚਿਰਾਂ ਤੋਂ ਉਡੀਕ ਹੈ। ਮੈਂ ਜਵਾਬ ਵਿੱਚ ਕਿਹਾ ਕਿ ਹਾਂ ਮੇਰਾ ਨਾਮ ਪ੍ਰੀਤਮ ਸਿੰਘ ਹੀ ਹੈ। ਉਸ ਨੇ ਮੈਨੂੰ ਘੁੱਟ ਕੇ ਜਫੀ ਪਾ ਲਈ ਤੇ ਜਿਹੜੇ ਆਦਮੀ ਸਾਨੂੰ ਵੇਖ ਕੇ ਗੁਰਦੁਆਰਿਉਂ ਨਠ ਗਏ ਸਨ, ਉਨ੍ਹਾਂ ਨੂੰ ਵਾਪਸ ਬੁਲਾਇਆ ਕਿ ਆ ਜਾਓ ਇਹ ਤਾਂ ਸਾਡਾ ਹੀ ਆਦਮੀ ਹੈ, ਜਿਹੜਾ ਕੈਨਟਨ ਤੋਂ ਸਾਡੀ ਮਦਦ ਲਈ ਆਇਆ ਹੈ। ਸਭ ਆਦਮੀ ਵਾਪਸ ਆ ਗਏ। ਬੜਾ ਹਾਸਾ ਮੱਚ ਗਿਆ ਤੇ ਕਿਧਰੇ ਸਾਡੇ ਅਸ਼ਨਾਨ ਕਰਨ ਲਈ ਤੱਤੇ ਪਾਣੀ ਹੋਣ ਲੱਗ ਪਏ, ਕਿਧਰੇ ਮੂੰਹ ਧੋਣ ਲਈ ਖੁਸ਼ਬੋਦਾਰ ਸਾਬਣ ਆ ਗਏ ਤੇ ਕਿਧਰੇ ਸਾਡੇ ਲਈ ਖਾਣੇ ਬਣਨੇ ਸ਼ੁਰੂ ਹੋ ਗਏ। ਅੱਧੇ ਘੰਟੇ ਦੇ ਅੰਦਰ ਹੀ ਸਾਰੇ ਹੰਕਾਓ ਨਿਵਾਸੀ ਸਿੱਖਾਂ ਨੂੰ ਮੇਰੇ ਆਉਣ ਦਾ ਪਤਾ ਹੋ ਗਿਆ। ਗੁਰਦੁਆਰੇ ਬੜੀ ਰੌਣਕ ਹੋ ਗਈ ਤੇ ਸਾਰੇ ਲੋਕੀ ਬੜੇ ਹੀ ਖੁਸ਼ ਹੋਏ।

ਦੋ ਦਿਨ ਪਿਛੋਂ ਗੁਰਦੁਆਰੇ ਬੜਾ ਭਾਰਾ ਇਕੱਠ ਹੋਇਆ ਅਤੇ ਬਾਹਰਲੇ ਗੇਟ ਤੇ ਪੁਲਿਸ ਦਾ ਪਹਿਰਾ ਖੜ੍ਹਾ ਕਰ ਦਿੱਤਾ ਗਿਆ ਤਾਂ ਕਿ ਕੋਈ ਐਰ-ਗੈਰ ਆਦਮੀ ਅੰਦਰ ਨਾ ਆਵੇ, ਮੈਂ ਆਪਣੇ ਪ੍ਰਚਾਰ ਰਾਹੀਂ ਸਾਰੇ ਹੰਕਾਓ ਨਿਵਾਸੀ ਸਿੱਖਾਂ ਨੂੰ ਆਪਣੇ ਹੰਕਾਓ ਆਉਣ ਦਾ ਮਤਲਬ ਦੱਸਿਆ ਕਿ ਮੇਰਾ ਤੁਹਾਡੇ ਕੋਲ ਆਉਣ ਦਾ ਇਹ ਮਤਲਬ ਹੈ, ਸਾਰੇ ਹੀ ਮੇਰੀਆਂ ਗੱਲਾਂ ਨਾਲ ਸਹਿਮਤ ਹੋਏ ਤੇ ਬੜੇ ਹੀ ਪ੍ਰਸੰਨ ਹੋਏ।

ਸ਼ੰਘਾਈ ਸ਼ਹਿਰ ਵਿੱਚ ਜਾ ਕੇ ਜਿਥੇ ਬ੍ਰਿਟਿਸ਼ ਹਕੂਮਤ ਨੇ ਹਿੰਦੁਸਤਾਨ ਵਿੱਚੋਂ ਲਿਆ ਕੇ ਫੌਜਾਂ ਉਤਾਰੀਆਂ ਹੋਈਆਂ ਸਨ, ਉਨ੍ਹਾਂ ਵਿੱਚ ਖੁਫੀਆ ਪ੍ਰਚਾਰ ਕਰਨਾ ਤੇ ਉਨ੍ਹਾਂ ਨੂੰ ਚੀਨੀਆਂ 'ਤੇ ਗੋਲੀ ਨਾ ਚਲਾਉਣ ਦੇਣਾ। ਚਾਕੇਂਸ਼ੀਕ ਦੀ ਮਦਦ ਨਾ ਕਰਨਾ ਤੇ ਵਾਪਸ ਹਿੰਦੁਸਤਾਨ ਜਾਣ ਲਈ ਸਮਝਾਉਣਾ ਤੇ ਆਪਣੇ ਹਿੰਦੁਸਤਾਨ ਨੂੰ ਅੰਗਰੇਜ਼ਾਂ ਦੇ ਪੰਜੇ ਵਿੱਚੋਂ ਆਜ਼ਾਦ ਕਰਾਉਣਾ, ਇਹੀ ਸਾਡਾ ਸਾਰਿਆਂ ਦਾ ਫਰਜ਼ ਸੀ।

18

ਚੀਨ ਵਿੱਚ ਇਨਕਲਾਬੀ ਕਾਰਵਾਈਆਂ

ਇਸ ਤਰ੍ਹਾਂ ਦਾ ਪ੍ਰਚਾਰ ਕਰਨ ਲਈ ਖ਼ੁਫ਼ੀਆ ਤੌਰ 'ਤੇ ਮੈਂ ਹੰਕਾਓ ਤੋਂ ਕੁਝ ਆਦਮੀ ਲੈ ਕੇ ਸ਼ੰਘਾਈ ਗਿਆ। ਸਾਡਾ ਕੰਮ ਬੜਾ ਹੀ ਅੱਛੀ ਤਰ੍ਹਾਂ ਕਾਮਯਾਬ ਹੋਇਆ। ਫੌਜਾਂ ਬਾਗੀ ਹੋ ਗਈਆਂ ਤੇ ਉਨ੍ਹਾਂ ਨੇ ਪੁਰਜ਼ੋਰ ਕਹਿਣਾ ਸ਼ੁਰੂ ਕਰ ਦਿੱਤਾ ਕਿ ਸਾਨੂੰ ਚੀਨ ਵਿੱਚ ਕਿਉਂ ਧੋਖੇ ਨਾਲ ਲਿਆਂਦਾ ਗਿਆ। ਸਾਨੂੰ ਚੀਨੇ ਆਦਮੀਆਂ ਨਾਲ ਪੂਰੀ ਤਰ੍ਹਾਂ ਹਮਦਰਦੀ ਹੈ, ਅਸੀਂ ਇਨ੍ਹਾਂ 'ਤੇ ਗੋਲੀ ਨਹੀਂ ਚਲਾਵਾਂਗੇ। ਸਾਨੂੰ ਵਾਪਸ ਸਾਡੇ ਦੇਸ਼ ਨੂੰ ਭੇਜਿਆ ਜਾਵੇ। ਮੁੱਕਦੀ ਗੱਲ ਉਨ੍ਹਾਂ ਫੌਜੀਆਂ ਵਿੱਚੋਂ ਕੁਝ ਬੰਦੇ ਕੋਰਟ ਮਾਰਸ਼ਲ ਰਾਹੀਂ ਸ਼ੂਟ ਕੀਤੇ ਗਏ। ਫੌਜਾਂ ਨੂੰ ਵਾਪਸ ਹਿੰਦੁਸਤਾਨ ਭੇਜਿਆ ਗਿਆ।

ਹੁਣ ਅੰਗਰੇਜ਼ੀ ਹਕੂਮਤ ਨੇ ਮੇਰੇ ਫੜਨ ਲਈ ਜਾਲ ਤਾਣ ਦਿੱਤੇ, ਪਰ ਮੈਂ ਭੇਸ ਵਟਾ ਕੇ ਚੰਗਸ਼ੇ ਸ਼ਹਿਰ ਚਲਿਆ ਗਿਆ। ਦੋ ਮਹੀਨੇ ਉਥੇ ਰਹਿ ਕੇ ਫਿਰ ਹੰਕਾਓ ਆ ਗਿਆ। ਮੇਰੇ ਪ੍ਰਚਾਰਕਾਂ ਵਿੱਚੋਂ ਵੀ ਬਹੁਤ ਸਾਰੇ ਆਦਮੀ ਪੱਕੜੇ ਗਏ ਤੇ ਜੇਲ੍ਹੀ ਡੱਕ ਦਿੱਤੇ ਗਏ।

ਹੰਕਾਓ ਸ਼ਹਿਰ ਵਿੱਚ ਨਾਮਧਰੀਕ ਕਮਿਊਨਿਸਟ ਹਕੂਮਤ ਚਾਕੇਂਸ਼ੀਕ ਦੀ ਨਾਨਕਿੰਗ ਸ਼ਹਿਰ ਵਿੱਚ ਨੈਸ਼ਨਲ ਹਕੂਮਤ (ਧੋਖੇਬਾਜ ਹਕੂਮਤ) ਨਾਲ ਮਿਲ ਗਈ ਤੇ ਮੇਰੇ ਉੱਤੇ ਇਹ ਇਕ ਆਫ਼ਤ ਆ ਬਣੀ। ਇੰਦਰ ਸਿੰਘ ਪਿੰਡ ਟੂਟੋ ਮਾਜਰੇ ਦਾ ਜਿਹੜਾ ਗ਼ਦਰ ਪਾਰਟੀ ਦਾ ਮੈਂਬਰ ਸੀ ਤੇ ਉਨ੍ਹੀਂ ਦਿਨੀਂ ਹੰਕਾਓ ਵਿੱਚ ਸੀ, ਉਹ ਚਾਕੇਂਸ਼ੀਕ ਨਾਲ ਮਿਲੀ ਹੰਕਾਓ ਦੀ ਹਕੂਮਤ ਦਾ ਹੱਥ ਟੋਕਾ ਬਣ ਗਿਆ, ਉਸ ਨੇ ਕਿਹਾ ਕਿ ਪ੍ਰੀਤਮ ਸਿੰਘ ਕਮਿਊਨਿਸਟ ਹੈ ਤੇ ਰੂਸ ਵਿੱਚੋਂ ਆਇਆ ਹੋਇਆ ਹੈ। ਇਸ ਲਈ ਮੈਨੂੰ ਨਾਨਕਿੰਗ ਸੱਦਿਆ ਗਿਆ ਤੇ ਤਿੰਨ ਹਫ਼ਤੇ ਕਸਟਡੀ ਵਿੱਚ ਰੱਖਿਆ ਗਿਆ ਤਾਂ ਹਿੰਦੁਸਤਾਨ ਗ਼ਦਰ ਪਾਰਟੀ ਵੱਲੋਂ ਮੇਰੇ ਨਾਮ 'ਤੇ ਇਕ ਹਜ਼ਾਰ ਡਾਲਰ ਨਾਨਕਿੰਗ ਹਕੂਮਤ ਦੇ ਗਵਰਨਮੈਂਟ ਸੈਕਰੇਟਰੀ ਦੀ ਰਾਹੀਂ ਤਾਰ ਵਿੱਚ ਆ ਗਿਆ ਤੇ ਉਸ ਨੂੰ ਤਾਰ ਵਿੱਚ ਆਇਆ ਕਿ ਇਹ ਪ੍ਰੀਤਮ ਸਿੰਘ ਸਾਡਾ ਆਦਮੀ ਹੈ। ਇਹ ਹਜ਼ਾਰ ਡਾਲਰ ਉਸ ਨੂੰ ਦਿੱਤਾ ਜਾਵੇ ਤੇ ਉਸ ਤੇ ਕੋਈ ਜੁਰਮ ਨਾ ਥੋਪਿਆ ਜਾਵੇ। ਮੈਨੂੰ ਹਕੂਮਤੀ ਦਫਤਰ ਵਿੱਚ ਸਦ ਕੇ ਇਕ ਹਜ਼ਾਰ ਡਾਲਰ ਦਿੱਤਾ ਗਿਆ ਤੇ ਕਿਹਾ ਗਿਆ ਕਿ ਚੀਨ ਛੱਡ ਜਾਓ, ਪਰ ਚੀਨ ਵਿੱਚੋਂ ਬਿਨਾਂ ਪਾਸ ਪੋਰਟ

ਨਿਕਲਣਾ ਬੜਾ ਮੁਸ਼ਕਿਲ ਹੋ ਗਿਆ। ਇਤਫ਼ਾਕ ਨਾਲ ਪਾਰਟੀ ਦਾ ਭੇਜਿਆ ਇਕ ਸਾਥੀ ਭਾਈ ਰਤਨ ਸਿੰਘ ਵੀ ਮੇਰੇ ਕੋਲ ਹੰਕਾਓ ਪਹੁੰਚ ਗਿਆ, ਮੈਂ ਉਸ ਨੂੰ ਇੰਦਰ ਸਿੰਘ ਟੂਟੋ ਮਾਜਰੇ ਨੇ ਜੋ ਮੇਰੇ ਖਿਲਾਫ ਕਮਿਊਨਿਸਟ ਹੋਣ ਦਾ ਇਲਜ਼ਾਮ ਹੋਣ ਦਾ ਨਾਨ-ਕਿੰਗ ਚਾਕੇਂਸ਼ੀਕ ਦੀ ਹਕੂਮਤ ਨੂੰ ਦੱਸਿਆ ਸੀ, ਸਭ ਦੱਸ ਦਿੱਤਾ, ਉਸ ਨੇ ਕਿਹਾ ਕਿ ਇਸ ਵੇਲੇ ਇੰਦਰ ਸਿੰਘ ਕਿੱਥੇ ਹੈ? ਮੈਂ ਕਿਹਾ ਨਾਨਕਿੰਗ ਸ਼ਹਿਰ ਵਿੱਚ ਹੈ ਤੇ ਚੀਨੀ ਹਕੂਮਤ ਵੱਲੋਂ ਜਾਸੂਸੀ ਦਾ ਕੰਮ ਕਰਦਾ ਹੈ ਤੇ ਦੋ ਸੌ ਡਾਲਰ ਮਹੀਨਾ ਖਰਚ ਲੈਂਦਾ ਹੈ, ਉਸ ਨੇ ਬੜਾ ਹੀ ਅਫਸੋਸ ਕੀਤਾ।

ਇਕ ਦਿਨ ਇਕ ਚੀਨਾ ਪ੍ਰੋਫੈਸਰ ਜਿਹੜਾ ਮੇਰਾ ਬੜਾ ਦੋਸਤ ਸੀ, ਮੇਰੇ ਪਾਸ ਆਇਆ ਤਾਂ ਮੈਂ ਉਸ ਨੂੰ ਕਿਹਾ ਕਿ ਚੀਨੀ ਨਾਨਕਿੰਗ ਵਾਲੀ ਹਕੂਮਤ ਨੇ ਮੈਨੂੰ ਕਿਹਾ ਹੈ ਕਿ ਚੀਨ ਵਿੱਚੋਂ ਚੱਲੇ ਜਾਵੋ ਪਰ ਬਗੈਰ ਕਿਸੇ ਡਾਕੂਮੈਂਟ ਦੇ ਚੀਨ ਵਿੱਚੋਂ ਨਿਕਲਣਾ ਬੜਾ ਮੁਸ਼ਕਿਲ ਹੈ ਤਾਂ ਉਸ ਨੇ ਮੈਨੂੰ ਕਿਹਾ ਕਿ ਤੁਸੀਂ ਮੇਰੇ ਪਾਸ ਕਹਿੰਦੇ ਹੁੰਦੇ ਸੀ ਕਿ ਚੀਨਾ ਜਰਨੈਲ ਯੂ.ਯੂ. ਰਿਨ ਜਿਹੜਾ ਤੁਹਾਨੂੰ ਰੂਸ ਵਿੱਚ ਮਿਲਿਆ ਸੀ। ਇਸ ਵੇਲੇ ਨਾਨਕਿੰਗ ਸ਼ਹਿਰ ਵਿੱਚ ਫਲਾਣੀ ਥਾਂ ਹੈ, ਉਸ ਪਾਸ ਜਾਓ, ਉਹ ਸ਼ਾਇਦ ਤੁਹਾਨੂੰ ਇਸ ਕੰਮ ਵਿੱਚ ਕੁਝ ਸਹਾਇਤਾ ਕਰੇ। ਇਸ ਲਈ ਮੇਰੇ ਸਾਥੀ ਰਤਨ ਸਿੰਘ ਨੇ ਕਿਹਾ ਕਿ ਚਲੋ ਉਸ ਪਾਸ ਚਲੀਏ ਤੇ ਤੁਹਾਡੇ ਲਈ ਚੀਨ ਵਿੱਚ ਫਿਰਨ ਦੀ ਉਸ ਪਾਸੋਂ ਕਿਸੇ ਕਿਸਮ ਦੀ ਆਗਿਆ ਮੰਗੀਏ, ਨਾਲੇ ਇੰਦਰ ਸਿੰਘ ਟੂਟੋ ਨੂੰ ਤਾੜਣਾ ਕਰੀਏ ਤੇ ਉਸਨੂੰ ਚਾਕੇਂਸ਼ੀਕ ਪਾਸੋਂ ਕੱਢ ਲਈਏ। ਬਸ ਅਸੀਂ ਦੋਵੇਂ ਨਾਨਕਿੰਗ ਜਾ ਕੇ ਯੂ.ਯੂ. ਰਿਨ ਜਰਨੈਲ ਨੂੰ ਮਿਲੇ ਤੇ ਉਸ ਪਾਸੋਂ ਛੇ ਆਦਮੀਆਂ ਲਈ ਚੀਨ ਵਿੱਚ ਫਿਰਨ ਦੇ ਚੀਨੇ ਪਾਸਪੋਰਟ ਬਣਵਾਏ ਤੇ ਇੰਦਰ ਸਿੰਘ ਟੂਟੋ ਨੂੰ ਬਹੁਤ ਲਾਹਨ-ਤਾਹਨ ਕੀਤੀ ਤੇ ਉਸ ਨੂੰ ਵੀ ਉਥੋਂ ਕੱਢ ਕੇ ਅਸੀਂ ਪੈਕਨ ਸ਼ਹਿਰ ਆ ਗਏ ਤੇ ਇਕ ਇਨਕਲਾਬੀ ਰੂਸੀ ਨੂੰ ਵੀ ਜਿਹੜਾ ਚੀਨੀ ਹਕੂਮਤ ਤੋਂ ਡਰਦਾ ਛੁਪਿਆ ਹੋਇਆ ਸੀ, ਉਸ ਦੇ ਸਿਰ ਤੇ ਪੱਗੜੀ ਬੰਨ ਕੇ ਉਸ ਦਾ ਨਾਮ ਗੋਕਲ ਸਿੰਘ ਰੱਖ ਕੇ ਆਪਣੇ ਨਾਲ ਪੈਕਨ ਲੈ ਆਏ।

ਏਥੇ ਪੈਕਨ ਸ਼ਹਿਰ ਅੱਪੜ ਕੇ ਇੰਦਰ ਸਿੰਘ ਨੇ ਮੈਥੋਂ ਮਾਫ਼ੀ ਮੰਗੀ ਤੇ ਮਿੰਨਤਾਂ ਕੀਤੀਆਂ ਕਿ ਮੈਂ ਅੱਗੇ ਨੂੰ ਐਸੀ ਕੋਈ ਹਰਕਤ ਨਹੀਂ ਕਰਾਂਗਾ ਤਾਂ ਰਤਨ ਸਿੰਘ ਨੇ ਮੈਨੂੰ ਕਿਹਾ ਕਿ ਤੁਸੀਂ ਵਾਪਸ ਰੂਸ ਨੂੰ ਜਾਣ ਵਾਲੇ ਹੋ। ਇਸ ਲਈ ਇਸ ਨੂੰ ਆਪਣੇ ਸਾਥ ਹੀ ਰੂਸ ਨੂੰ ਲੈ ਜਾਵੋ ਤਾਂ ਕਿ ਇਹ ਵੀ ਆਦਮੀ ਬਣ ਜਾਵੇ। ਮੈਂ ਭਾਈ ਰਤਨ ਸਿੰਘ ਨੂੰ ਆਖਿਆ ਕਿ ਏਥੇ ਚੀਨ ਵਿੱਚ ਤਾਂ ਇਸ

ਨੇ ਮੇਰੇ ਤੇ ਚੀਨੀ ਹਕੂਮਤ ਪਾਸ ਕਮਿਊਨਿਸਟ ਹੋਣ ਦਾ ਇਲਜ਼ਾਮ ਲਗਵਾ ਕੇ ਮੈਨੂੰ ਫੜਾਉਣਾ ਚਾਹਿਆ ਹੈ। ਰੂਸ ਵਿੱਚ ਜਾ ਕੇ ਮੇਰੇ ਉੱਤੇ ਕੋਈ ਹੋਰ ਧੱਬਾ ਨਾ ਲਗਾ ਦੇਵੇ। ਪਰ ਇਸ ਦੇ ਉੱਤਰ ਵਿੱਚ ਇੰਦਰ ਸਿੰਘ ਨੇ ਕਿਹਾ ਕਿ ਮੈਂ ਤੇਰਾ ਕੀਤਾ ਕਦੀ ਨਹੀਂ ਭੁਲਾਵਾਂਗਾ ਮੈਨੂੰ ਜ਼ਰੂਰ ਆਪਣੇ ਨਾਲ ਲੈ ਚੱਲ। ਖ਼ੈਰ ਮੈਂ ਉਸ ਨੂੰ ਨਾਲ ਲੈ ਜਾਣ ਦਾ ਫੈਸਲਾ ਕਰ ਲਿਆ ਤੇ ਸਾਥੀ ਰਤਨ ਸਿੰਘ ਜਾਪਾਨ ਵੱਲ ਚਲਿਆ ਗਿਆ।

19

ਸਮੁੰਦਰ ਖਾਂ ਜਾਸੂਸ ਦਾ ਆ ਕੇ ਮਿਲਣਾ

ਇਕ ਦਿਨ ਸ਼ਾਮ ਦੇ ਚਾਰ ਕੁ ਵਜੇ ਇਕ ਅੰਗਰੇਜ਼ਾਂ ਦਾ ਖੂਫੀਆ ਜਿਸ ਨੇ ਮੈਨੂੰ ਆਪਣਾ ਨਾਮ ਸਮੁੰਦਰ ਖਾਂ ਦੱਸਿਆ। ਮੈਨੂੰ ਲੱਭਦਾ ਹੋਇਆ ਚੀਨੇ ਇਲਾਕੇ ਵਿੱਚ ਮੇਰੇ ਘਰ ਆਇਆ ਤੇ ਕਹਿਣ ਲੱਗਾ ਕਿ ਮੈਂ ਪ੍ਰੀਤਮ ਸਿੰਘ ਨੂੰ ਮਿਲਣਾ ਹੈ (ਮੁਲਕੋਂ ਬਾਹਰ ਮੇਰਾ ਨਾਮ ਪ੍ਰੀਤਮ ਸਿੰਘ ਸੀ) ਮੈਂ ਕਿਹਾ ਤੂੰ ਉਸ ਨੂੰ ਕਿਉਂ ਮਿਲਣਾ ਹੈ, ਉਸ ਨੇ ਕਿਹਾ ਕੁਛ ਕੰਮ ਹੈ। ਮੈਂ ਕਿਹਾ ਕੀ ਕੰਮ ਹੈ? ਉਸਨੇ ਕਿਹਾ ਕਿ ਉਹ ਅੰਗਰੇਜ਼ੀ ਹਕੂਮਤ ਦੇ ਵਿਰੁੱਧ ਕੰਮ ਕਰਦਾ ਹੈ ਤੇ ਮੈਂ ਵੀ ਉਸ ਨਾਲ ਮਿਲ ਕੇ ਕੰਮ ਕਰਾਂਗਾ। ਮੈਂ ਪੁੱਛਿਆ ਕਿ ਤੂੰ ਇਕੱਲਾ ਹੀ ਹੈਂ ਕਿ ਹੋਰ ਵੀ ਕੋਈ ਤੇਰੇ ਨਾਲ ਹੈ। ਉਸ ਨੇ ਕਿਹਾ ਕਿ ਇਕ ਗੋਰਾ ਵੀ ਹੈ। ਮੈਂ ਉਸ ਨੂੰ ਕਿਹਾ ਕਿ ਪ੍ਰੀਤਮ ਸਿੰਘ ਚੀਨੇ ਜਰਨੈਲ ਫੰਗਸੂਧਿਆਂ ਪਾਸ ਗਿਆ ਹੋਇਆ ਹੈ। ਤੈਨੂੰ ਪਤਾ ਹੀ ਹੋਣਾ ਹੈ ਕਿ ਉਹ ਜਰਨੈਲ ਵੀ ਅੰਗਰੇਜੀ ਹਕੂਮਤ ਦੇ ਖਿਲਾਫ਼ ਹੈ। ਇਸ ਲਈ ਉਸ ਨਾਲ ਮਿਲ ਕੇ ਉਸ ਨੇ ਅੰਗਰੇਜ਼ਾਂ ਵਿਰੁੱਧ ਅਖਬਾਰ ਕੱਢਣਾ ਸ਼ੁਰੂ ਕਰਨਾ ਹੈ। ਇਸ ਲਈ ਜੇ ਤੂੰ ਪ੍ਰੀਤਮ ਸਿੰਘ ਨੂੰ ਜ਼ਰੂਰ ਮਿਲਣਾ ਹੈ ਤਾਂ ਅੱਜ ਤੋਂ ਚੌਦਵੇਂ ਦਿਨ ਸਵੇਰ ਦੇ ਅੱਠ ਵਜੇ ਏਥੇ ਆਵੀਂ ਤਾਂ ਉਹ ਤੈਨੂੰ ਇਸੇ ਮਕਾਨ ਵਿੱਚ ਹੀ ਮਿਲ ਪਵੇਗਾ। ਪੱਛੜੀ ਨਾ। ਮੈਂ ਵੀ ਪ੍ਰੀਤਮ ਸਿੰਘ ਨੂੰ ਮਿਲਣ ਆਇਆ ਹਾਂ। ਸਮੁੰਦਰ ਖਾਂ ਨੇ ਯਕੀਨ ਕਰ ਲਿਆ ਤੇ ਕਹਿਣ ਲੱਗਾ ਤਾਂ ਫਿਰ ਮੈਂ ਜਾਪਾਨ ਤਾਈਂ ਹੋ ਆਵਾਂ। ਮੈਂ ਕਿਹਾ, ਹਾਂ ਜਾਪਾਨ ਜਾ ਆਓ।

ਉਸ ਦੇ ਮੇਰੀ ਰਿਹਾਇਸ਼ ਵਿੱਚੋਂ ਨਿਕਲਣ ਦੀ ਦੇਰ ਸੀ ਕਿ ਮੈਂ ਫੌਰਨ ਇਕ ਰਿਕਸ਼ਾ ਸਦਿਆ ਤੇ ਝਟਪਟ ਮੈਂ ਤੇ ਇੰਦਰ ਸਿੰਘ ਉਸ ਵਿੱਚ ਬੈਠ ਗਏ ਤੇ ਮੈਂ ਰਿਕਸ਼ੇ ਵਾਲੇ ਨੂੰ ਕਿਹਾ ਕਿ ਸਾਨੂੰ ਉਸ ਰੇਲਵੇ ਸਟੇਸ਼ਨ ਤੇ ਲੈ ਚੱਲ ਜਿਥੇ ਰੇਲ

ਕਾਲਗਨ ਸ਼ਹਿਰ ਨੂੰ ਜਾਂਦੀ ਹੈ, ਉਹ ਸਟੇਸ਼ਨ ਪੇਕਨ ਸ਼ਹਿਰ ਤੋਂ ਬਾਹਰ ਸੀ। ਅਸੀਂ ਉਥੋਂ ਆ ਗਏ ਤੇ ਪੁੱਛਿਆ ਕਿ ਏਥੋਂ ਰੇਲ ਗੱਡੀ ਕਾਲਗੁਨ ਸ਼ਹਿਰ ਵੱਲ ਨੂੰ ਕਦ ਚਲੇਗੀ ਤੇ ਪਤਾ ਲੱਗਿਆ ਕਿ ਹਰ ਰੋਜ਼ ਇਥੋਂ ਕਾਲਗੁਨ ਨੂੰ ਰੇਲ ਸਵੇਰੇ ਚੱਲਦੀ ਹੈ। ਇਸ ਤਰ੍ਹਾਂ ਅਸੀਂ ਰਾਤ ਸਟੇਸ਼ਨ ਵਿੱਚ ਰਹੇ ਤੇ ਅਗਲੇ ਦਿਨ ਸਵੇਰੇ ਗੱਡੀ ਵਿੱਚ ਬੈਠ ਕੇ ਕਾਲਗਨ ਪਹੁੰਚ ਗਏ। ਇਹ ਸ਼ਹਿਰ ਵੱਡਾ ਤਾਂ ਨਹੀਂ ਹੈ, ਪਰ ਬਹੁਤ ਸੋਹਣਾ ਤੇ ਸਫਾਦਾਰ ਹੈ। ਅਗਲੇ ਦਿਨ ਮੈਂ ਰੋਟੀ ਪਾਣੀ ਖਾ ਕੇ ਸ਼ਹਿਰ ਵਿਚੋਂ ਪੁੱਛ ਕੀਤੀ ਕਿ ਏਥੋਂ ਕੋਈ ਮੋਟਰ-ਕਾਰ ਕਿਰਾਏ 'ਤੇ ਮਿਲ ਸਕਦੀ ਹੈ ਕਿ ਨਹੀਂ? ਪਤਾ ਲੱਗਾ ਕਿ ਹਾਂ ਮਿਲ ਸਕਦੀ ਹੈ। ਇਕ ਚੀਨਾ ਮੈਨੂੰ ਮੋਟਰਾਂ ਵਾਲੀ ਜਗ੍ਹਾ ਲੈ ਗਿਆ। ਮੈਂ ਦੋ ਸੌ ਡਾਲਰ ਕਿਰਾਏ 'ਤੇ ਇਕ ਮੋਟਰ ਲਈ ਤੇ ਕਿਹਾ ਕਿ ਸਾਨੂੰ ਦੋ ਆਦਮੀਆਂ ਨੂੰ ਮੰਗੋਲੀਆ ਮੁਲਕ ਦੀ ਰਾਜਧਾਨੀ ਜਿਸ ਦਾ ਨਾਮ ਉਰਗਾ ਹੈ ਤੇ ਉਸ਼ਾਨ ਬਾਤਰ ਵੀ ਉਸ ਨੂੰ ਆਖਦੇ ਹਨ ਵਿੱਚ ਪਹੁੰਚਾ ਆਓ। ਮੋਟਰ ਕਾਰ ਹੌਲੀ-ਹੌਲੀ ਚੱਲਦੀ ਰਹੀ ਕਿਉਂਕਿ ਸੜਕ ਤਾਂ ਉਰਗੇ ਨੂੰ ਕੋਈ ਹੈ ਹੀ ਨਹੀਂ ਸੀ। ਡਾਡੇਂ-ਮੀਂਡੇ ਪਹਾੜਾਂ ਦੇ ਵਿਚਕਾਰ ਦੀ ਜਾਂਦੀ ਰਹੀ। ਰਾਤ ਨੂੰ ਕਿਸੇ ਪਿੰਡ ਖੜੋ ਜਾਂਦੀ ਅਗਲੇ ਦਿਨ ਫਿਰ ਚੱਲ ਪੈਂਦੀ। ਇਸ ਤਰ੍ਹਾਂ ਕਰਦੇ-ਕਰਦੇ ਅਸੀਂ ਮੰਗੋਲੀਆ ਦੀ ਚੁੰਗੀ ਪਾਸ ਉਤਾਰ ਲਏ ਗਏ ਕਿਉਂਕਿ ਮੰਗੋਲੀਆ ਵਿੱਚ ਦਾਖਲ ਹੋਣ ਦਾ ਸਾਡੇ ਪਾਸ ਕੋਈ ਪਾਸਪੋਰਟ ਨਹੀਂ ਸੀ। ਮੈਂ ਇਸ ਬਾਰੇ ਉਰਗੇ ਸੋਵੀਅਤ ਕੌਂਸਲ ਨੂੰ ਤਾਰ ਦਿੱਤੀ ਕਿ ਮੈਂ ਮਾਸਕੋ ਨੂੰ ਜਾਣ ਵਾਲਾ ਫਲਾਣੀ ਥਾਂ ਮੰਗੋਲੀਆ ਦੀ ਚੰਗੀ ਕੋਲ ਰੋਕ ਲਿਆ ਗਿਆ ਹਾਂ। ਸੋਵੀਅਤ ਕੌਂਸਲ ਨੇ ਉਰਗੇ ਦੀ ਹਕੂਮਤ ਨੂੰ ਕਿਹਾ ਤਾਂ ਉਰਗੇ ਤੋਂ ਇਕ ਮੰਗੋਲੀਆ ਹਕੂਮਤ ਦਾ ਅਫਸਰ ਮੇਰੇ ਕੋਲ ਪੁੱਜਿਆ, ਜਿਸ ਨੇ ਸਾਨੂੰ ਉਰਗੇ ਜਾਣ ਦੀ ਰਾਹਦਾਰੀ ਲੰਘਾ ਦਿੱਤੀ ਜਿਸ ਕਰਕੇ ਅਸੀਂ ਉਰਗੇ ਅੱਪੜ ਗਏ।

20

ਮੰਗੋਲੀਆ ਵਿੱਚ ਪ੍ਰਵੇਸ਼

ਉਰਗੇ ਅੱਪੜ ਕੇ ਮੈਂ ਸੋਵੀਅਤ ਕੌਂਸਲ ਦੇ ਸਫ਼ਾਰਤਖਾਨੇ ਗਿਆ ਤਾਂ ਕੋਨਸਲੈਂਟ ਨੇ ਉਸੀ ਵੇਲੇ ਇਕ ਹਵਾਈ ਅਫਸਰ ਨੂੰ ਸਦ ਕੇ ਕਿਹਾ ਕਿ ਕੱਲ ਇਸ ਸਾਥੀ ਨੂੰ ਹਵਾਈ ਜਹਾਜ਼ ਵਿੱਚ ਬਿਠਾ ਕੇ ਵਰਖਨੇ ਉਦੀਨਸਕ ਸ਼ਹਿਰ ਤੱਕ ਲੈ

ਜਾਣਾ। ਉਹ ਸ਼ਹਿਰ ਰੂਸੀ ਹਦ ਤੋਂ ਚਾਰ ਸੌ ਮੀਲ ਅੰਦਰ ਸੀ। ਮੈਂ ਕਿਹਾ ਕਿ ਮੈਂ ਇਕ ਹੋਰ ਆਦਮੀ ਨੂੰ ਵੀ ਆਪਣੇ ਨਾਲ ਲੈ ਜਾਣਾ ਹੈ। ਇਸ ਤੇ ਉਸ ਨੇ ਕਿਹਾ ਕਿ ਮੈਂ ਤੈਨੂੰ ਤਾਂ ਕੱਲ ਹੀ ਭੇਜ ਸਕਦਾ ਹਾਂ, ਪਰ ਦੂਸਰੇ ਆਦਮੀ ਲਈ ਮਾਸਕੋ ਤੋਂ ਇਜ਼ਾਜ਼ਤ ਲੈਣੀ ਪਵੇਗੀ। ਜਦ ਤੱਕ ਉਥੋਂ ਇਜਾਜ਼ਤ ਨਾ ਆਵੇ ਮੈਂ ਉਸ ਨੂੰ ਨਹੀਂ ਭੇਜ ਸਕਦਾ। ਹਾਂ ਮੈਂ ਉਸ ਦੀ ਇਜਾਜ਼ਤ ਬਾਰੇ ਮਾਸਕੋ ਨੂੰ ਹੁਣ ਹੀ ਲਿਖ ਦਿੰਦਾ ਹਾਂ।

ਉਰਗੇ ਪਹੁੰਚ ਕੇ ਮੈਨੂੰ ਇੰਦਰ ਸਿੰਘ ਨੇ ਕਹਿ ਦਿੱਤਾ ਕਿ ਮੇਰੇ ਪਾਸ ਸਿਰਫ ਦੋ ਸੌ ਡਾਲਰ ਹੀ ਰਹਿ ਗਿਆ ਹੈ, ਇਸ ਨਾਲ ਚਾਹੇ ਮਾਸਕੋ ਪਹੁੰਚ ਜਾਓ ਤੇ ਚਾਹੇ ਬੈਠ ਕੇ ਖਾ ਲਵੋ। ਮੈਂ ਉਸ ਨੂੰ ਕਿਹਾ ਕਿ ਕਾਲਗੁਨ ਤੋਂ ਚਲਣ ਲੱਗਿਆਂ ਮੈਂ ਤੈਨੂੰ ਛੇ ਸੌ ਡਾਲਰ ਫੜਾਇਆ ਸੀ ਕਿ ਤੂੰ ਰਸਤੇ ਆਪੇ ਖਰਚ ਕਰੀ ਚਲੀਂ ਤੇ ਹਿਸਾਬ ਲਿਖਦਾ ਜਾਵੀਂ। ਬਾਕੀ ਡਾਲਰ ਕਿੱਥੇ ਗਏ? ਉਸ ਨੇ ਕਿਹਾ ਕਿ ਮੈਨੂੰ ਪਤਾ ਨਹੀਂ। ਇਹ ਹੋਰ ਅੜਿਕਾ ਪੈ ਗਿਆ। ਉਹ ਡਾਲਰ ਤੋਂ ਮੁਕਰ ਗਿਆ। ਇਸ ਸਾਰੀ ਗੱਲ ਬਾਰੇ ਮੈਂ ਹਿੰਦੁਸਤਾਨ ਗ਼ਦਰ ਪਾਰਟੀ ਦੇ ਦਫਤਰ ਸਾਨਫਰਾਂਸਿਸਕੋ ਨੂੰ ਲਿਖਿਆ, ਕਰੀਬਨ ਮਹੀਨਾ ਹੋ ਗਿਆ ਤੇ ਭਾਈ ਰਤਨ ਸਿੰਘ ਜਿਹੜਾ ਜਾਪਾਨ ਨੂੰ ਗਿਆ ਸੀ, ਉਸ ਨੂੰ ਜਾਪਾਨੀ ਹਕੂਮਤ ਨੇ ਵਾਪਸ ਚੀਨ ਨੂੰ ਮੋੜ ਦਿੱਤਾ ਤੇ ਉਹ ਵੀ ਭੌਂਦਾ-ਭੌਂਦਾ ਉਰਗੇ ਪਹੁੰਚਿਆ ਤਾਂ ਕਿਸੇ ਮੰਗੋਲੀਅਨ ਨੇ ਉਸ ਨੂੰ ਕਿਹਾ ਕਿ ਤੁਹਾਡੇ ਦੋ ਆਦਮੀ ਅੱਗੇ ਵੀ ਏਥੇ ਹਨ। ਉਹ ਪੁੱਛਦਾ-ਪੁੱਛਦਾ ਸਾਡੇ ਪਾਸ ਆ ਗਿਆ ਤੇ ਵੇਖ ਕੇ ਹੈਰਾਨ ਹੋ ਗਿਆ ਕਿ ਕੀ ਤੁਸੀਂ ਅਜੇ ਏਥੇ ਹੀ ਹੋ, ਮੈਂ ਉਸ ਨੂੰ ਇੰਦਰ ਸਿੰਘ ਬਾਰੇ ਕਹਿ ਦਿੱਤਾ ਕਿ ਇਹ ਕਹਿੰਦਾ ਹੈ ਮੇਰੇ ਪਾਸੋਂ ਡਾਲੇ ਮੁੱਕ ਗਏ ਹਨ ਤੇ ਦੂਜੀ ਗੱਲ ਇਹ ਹੈ ਕਿ ਇਸ ਦੇ ਰੂਸ ਵਿੱਚ ਦਾਖਲੇ ਬਾਰੇ ਮਾਸਕੋ ਤੋਂ ਇਜਾਜ਼ਤ ਲੈਣ ਲਈ ਲਿਖਿਆ ਹੋਇਆ ਹੈ। ਉਸ ਨੇ ਫਿਰ ਉਸ ਨੂੰ ਲਾਹਨ-ਤਾਹਨ ਕੀਤੀ ਤੇ ਛੇ ਸੌ ਡਾਲਾ ਉਸ ਪਾਸੋਂ ਲੈ ਲਿਆ।

ਅਗਲੇ ਦਿਨ ਮੈਂ ਭਾਈ ਰਤਨ ਸਿੰਘ ਨੂੰ ਨਾਲ ਲੈ ਕੇ ਕੌਂਸਲੌਂਤ ਉਸ ਦੇ ਪਾਸਪੋਰਟ ਤੇ ਵੀਜ਼ਾ ਕਰਵਾਉਣ ਗਿਆ ਤਾਂ ਕੌਂਸਲ ਨੇ ਕਿਹਾ ਕਿ ਕੱਲ ਸਵੇਰੇ ਆ ਕੇ ਲੈ ਜਾਣਾ। ਉਸੀ ਦੁਪਹਿਰ ਨੂੰ ਇੰਦਰ ਸਿੰਘ ਲਈ ਵੀ ਇਜਾਜ਼ਤ ਆ ਗਈ। ਜਦ ਅਸੀਂ ਸਵਾਰਤਖਾਨੇ ਗਏ ਤਾਂ ਉਸ ਨੇ ਇੰਦਰ ਸਿੰਘ ਨੂੰ ਵੀ ਰਾਹਦਾਰੀ ਦੇ ਦਿੱਤੀ ਤੇ ਕਿਹਾ ਕਿ ਕੁਝ ਪੈਸਾ ਵੀ ਚਾਹੀਦਾ ਹੈ ਕਿ ਨਹੀਂ। ਅਸਾਂ ਕਿਹਾ ਪੈਸਾ ਸਾਡੇ ਪਾਸ ਹੈ।

ਬਸ ਅਸੀਂ ਉਰਗੇ ਤੋਂ ਚੱਲ ਪਏ ਤੇ ਤੀਸਰੇ ਦਿਨ ਰਿਆਸ ਕਾਖਤਾ ਸ਼ਹਿਰ ਆ ਗਏ ਤੇ ਰਾਤ ਉੱਥੇ ਠਹਿਰ ਕੇ ਅਗਲੇ ਦਿਨ ਉਸ ਦਰਿਆ ਤੇ ਪਹੁੰਚ ਗਏ, ਜਿਥੋਂ ਛੋਟਾ ਜਹਾਜ਼ ਵਰਖਨੇ ਉਦੀਨਸਕ ਨੂੰ ਜਾਂਦਾ ਸੀ। ਉਸ ਵਿੱਚ ਬੈਠ ਕੇ ਵਰਖਨੇ ਉਦੀਨਸਕ ਅੱਪੜ ਗਏ ਤੇ ਉਥੋਂ ਰੇਲ ਵਿੱਚ ਬੈਠ ਕੇ ਅਸੀਂ ਮੈਂ ਤੇ ਇੰਦਰ ਸਿੰਘ ਤਾਂ ਮਾਸਕੋ ਨੂੰ ਤੁਰ ਪਏ ਤੇ ਰਤਨ ਸਿੰਘ ਲੈਨਨਗਰਾਦ ਨੂੰ ਚਲਾ ਗਿਆ।

ਮਾਸਕੋ ਪਹੁੰਚਣਾ

ਮਾਸਕੋ ਪਹੁੰਚ ਕੇ ਮੈਂ ਆਪਣੀ ਸਿਫਾਰਿਸ਼ ਨਾਲ ਇੰਦਰ ਸਿੰਘ ਟੂਟੋ ਮਾਜਰੇ ਨੂੰ ਤਾਂ ਪੋਲੀਟੀਕਲ ਪੜ੍ਹਨ ਵਾਸਤੇ ਯੂਨੀਵਰਸਿਟੀ ਵਿੱਚ ਦਾਖਲ ਕਰਵਾ ਦਿੱਤਾ ਤੇ ਆਪ ਪੈਰ ਪੱਕੇ ਹੋਏ ਹੋਣ ਕਰਕੇ ਪੈਰਾਂ ਦਾ ਇਲਾਜ ਕਰਵਾਉਣ ਲੱਗ ਪਿਆ। ਜਦ ਮੈਂ ਠੀਕ ਹੋ ਗਿਆ ਤਾਂ ਮੈਂ ਪ੍ਰਬੰਧਕਾਂ ਕੋਲ ਕਿਹਾ ਕਿ ਹੁਣ ਮੈਨੂੰ ਹਿੰਦੁਸਤਾਨ ਵਿੱਚ ਕੰਮ ਕਰਨ ਲਈ ਭੇਜ ਦਿਓ ਤਾਂ ਮੈਨੂੰ ਉੱਤਰ ਮਿਲਿਆ ਕਿ ਇਕ ਸਾਲ ਹੋਰ ਆਪ ਕੋ ਪੋਲੀਟੀਕਲ ਯੂਨੀਵਰਸਿਟੀ ਵਿੱਚ ਵਿੱਦਿਆ ਦਿੱਤੀ ਜਾਵੇਗੀ ਤਾਂ ਕਿ ਆਪ ਪੋਲੀਟੀਕਲ ਦੀ ਉਚੇਰੀ ਵਿੱਦਿਆ ਸਿਖ ਜਾਓ।

21
ਰੂਸ ਵਿੱਚ ਸ਼ਾਦੀ

ਮੈਨੂੰ ਮਾਸਕੋ ਵਿੱਚ ਇਕ ਐਸੀ ਬੀਮਾਰੀ ਹੋ ਗਈ ਕਿ ਮੈਨੂੰ ਭੁੱਖ ਲਗਣੋਂ ਹੱਟ ਗਈ। ਡਾਕਟਰ ਨੇ ਕਈ ਦਵਾਈਆਂ ਦਿੱਤੀਆਂ ਪਰ ਕੋਈ ਅਸਰ ਨਾ ਹੋਇਆ। ਇਕ ਨੌਜਵਾਨ ਲੜਕੀ ਜਿਹੜੀ ਹਫ਼ਤੇ ਵਿੱਚ ਇਕ ਦੋ ਵਾਰ ਮੇਰੇ ਕੋਲੋਂ ਆਪਣੀ ਅੰਗਰੇਜ਼ੀ ਦੀ ਜ਼ਬਾਨ ਸਰਲ ਕਰਾਉਣ ਲਈ ਆਉਂਦੀ ਹੁੰਦੀ ਸੀ ਤੇ ਅੰਗਰੇਜ਼ੀ ਦਾ ਤਰਜਮਾ ਕਰਨਾ ਸਿਖਦੀ ਹੁੰਦੀ ਸੀ। ਮੈਨੂੰ ਇਕ ਦਿਨ ਕਹਿਣ ਲੱਗੀ ਕਿ ਹਫ਼ਤੇ ਵਿੱਚ ਦੋ ਵਾਰ ਸਾਡੇ ਘਰ ਆ ਕੇ ਮੈਨੂੰ ਪੜ੍ਹਾ ਜਾਇਆ ਕਰੋਂ। ਮੈਂ ਕਿਹਾ 'ਚੰਗਾ', ਮੈਂ ਉਸ ਦੇ ਘਰ ਜਾ ਕੇ ਉਸ ਨੂੰ ਪੜ੍ਹਾਉਂਦਾ ਰਿਹਾ।

ਇਕ ਦਿਨ ਸਾਨੂੰ ਕੁਝ ਪਰਦੇਸੀਆਂ ਮੁਹਿੰਮ 'ਤੇ ਜਾਣ ਲਈ ਲੈਨਨਗਰਾਦ ਜਾਣਾ ਪਿਆ ਤਾਂ ਮੈਂ ਉਸ ਨੂੰ ਜਾ ਕੇ ਕਿਹਾ ਕਿ ਮੈਂ ਕੁਝ ਦਿਨਾਂ ਲਈ ਲੈਨਨਗਰਾਦ ਜਾ ਰਿਹਾ ਹਾਂ। ਇਸ ਲਈ ਮੈਂ ਉਤਨੇ ਦਿਨ ਤੈਨੂੰ ਨਹੀਂ ਪੜ੍ਹਾ ਸਕਾਂਗਾ। ਤਾਂ ਉਹ ਕਹਿਣ ਲੱਗੀ ਕਿ ਜਿਤਨੇ ਦਿਨ ਤੁਸੀਂ ਬਾਹਰ ਰਹੋ ਮੈਨੂੰ ਹਰ ਰੋਜ਼ ਚਿੱਠੀ

ਭੇਜਿਆ ਕਰਨੀ। ਮੈਂ ਉਸ ਦੇ ਮੂੰਹੋਂ ਇਹ ਸੁਣ ਕੇ ਹੈਰਾਨ ਜਿਹਾ ਹੋ ਗਿਆ ਪਰ ਕਹਿ ਦਿੱਤਾ 'ਚੰਗਾ'। ਮੈਂ ਇਕ ਹਫ਼ਤਾ ਲੈਨਨਗਰਾਦ ਤੇ ਉਸ ਦੇ ਆਲੇ-ਦੁਆਲੇ ਸੈਰ ਕਰਦਾ ਰਿਹਾ ਤੇ ਹਰ ਰੋਜ਼ ਜੋ ਕੁਝ ਮੈਂ ਉਥੇ ਦੇਖਦਾ, ਉਸ ਨੂੰ ਲਿਖ ਦੇਂਦਾ ਤੇ ਆਉਂਦਾ ਹੋਇਆ ਲੈਨਨਗਰਾਦ ਸ਼ਹਿਰ ਵਿਚੋਂ ਉਸ ਲਈ ਛੇ ਗਜ ਰੇਸ਼ਮ ਦਾ ਟੋਟਾ ਤੋਹਫ਼ੇ ਦੇ ਤੌਰ ਤੇ ਲੈ ਆਇਆ, ਉਹ ਇਹ ਲੈ ਕੇ ਬੜੀ ਹੀ ਖੁਸ਼ ਹੋਈ ਤੇ ਕਹਿਣ ਲੱਗੀ, "You are my best friend" ਤੁਸੀਂ ਮੇਰੇ ਬੜੇ ਹੀ ਪਿਆਰੇ ਮਿੱਤਰ ਹੋ, ਹੁਣ ਹਰ ਰੋਜ਼ ਸ਼ਾਮ ਨੂੰ ਮੈਨੂੰ ਆ ਕੇ ਪੜ੍ਹਾ ਜਾਇਆ ਕਰੋ। ਮੈਂ ਦੋ ਤਿੰਨ ਦਿਨ ਉਸ ਦੇ ਘਰ ਨਾ ਗਿਆ। ਜਦ ਗਿਆ ਤਾਂ ਕਹਿਣ ਲੱਗੀ ਕਿ ਇਤਨੇ ਦਿਨ ਕਿਉਂ ਨਹੀਂ ਆਏ ਹੋ। ਮੈਂ ਹੱਸ ਕੇ ਕਹਿ ਦਿੱਤਾ ਕਿ ਤੂੰ ਮੇਰੀ ਪਤਨੀ ਤਾਂ ਨਹੀਂ ਜੋ ਹਰ ਵੇਲੇ ਤੇਰੇ ਪਾਸ ਹੀ ਰਹਾਂ। ਉਹ ਇਹ ਗੱਲ ਸੁਣ ਕੇ ਮੇਰੇ ਮੂੰਹ ਵੱਲ ਵੇਖਣ ਲੱਗ ਪਈ ਤੇ ਆਪਣੀ ਭੈਣ ਕਾਤੀਆ ਨੂੰ ਜਿਹੜੀ ਉਸ ਤੋਂ ਛੋਟੀ ਸੀ ਤੇ ਕੋਲ ਹੀ ਬੈਠੀ ਹੋਈ ਸੀ, ਕਹਿਣ ਲੱਗੀ ਕਿ ਕਾਤੀਆ ਮੈਂ ਇਸ ਦੇ ਨਾਲ ਸ਼ਾਦੀ ਕਰ ਲਵਾਂ? ਤਾਂ ਕਾਤੀਆ ਨੇ ਜਵਾਬ ਦਿੱਤਾ ਕਿ ਇਸ ਗੱਲ ਤੋਂ ਚੰਗੀ ਹੋਰ ਕਿਹੜੀ ਗੱਲ ਹੈ? ਮੈਂ ਉਸ ਦੀ ਭੈਣ ਦੇ ਮੂੰਹੋਂ ਇਹ ਸੁਣ ਕੇ ਹਸਣ ਲੱਗ ਪਿਆ ਕਿ ਮੈਂ ਤਾਂ ਕਿਸੇ ਨਾਲ ਵਿਆਹ ਨਹੀਂ ਕਰਾਉਣਾ ਕਿਉਂਕਿ ਮੈਂ ਤਾਂ ਛੇਤੀ ਹੀ ਰੂਸ ਵਿੱਚੋਂ ਚਲਾ ਜਾਣਾ ਹੈ ਤੇ ਨਾਲੇ ਤੇਰੀ ਉਮਰ ਇਸ ਵੇਲੇ 22 ਸਾਲ ਦੀ ਹੈ ਤੇ ਮੈਂ ਚੁਤਾਲੀ ਸਾਲ ਦਾ ਹਾਂ। ਸਾਡਾ ਆਪਸ ਵਿੱਚ ਬੜਾ ਫਰਕ ਹੈ ਤਾਂ ਉਹ ਕਹਿਣ ਲੱਗੀ ਕਿ ਪਤੀ ਹਮੇਸ਼ਾਂ ਵੱਡੀ ਉਮਰ ਦੇ ਹੀ ਚੰਗੇ ਹੁੰਦੇ ਹਨ। ਮੈਂ ਬਹੁਤ ਵਾਰ ਨਾਂਹ ਕੀਤੀ ਪਰ ਆਖਰ ਇਕ ਦਿਨ ਉਹ ਮੈਨੂੰ ਜ਼ਾਗ਼ ਦੋਮ (ਸ਼ਾਦੀ ਦਾ ਦਫਤਰ) ਵਿੱਚ ਲੈ ਹੀ ਗਈ, ਜਿਥੇ ਸਾਡਾ ਵਿਆਹ ਰਜਿਸਟਰਡ ਹੋ ਗਿਆ ਤੇ ਵਿਆਹ ਦੀ ਰਸੀਦ ਸਾਨੂੰ ਮਿਲ ਗਈ 31.1.1930 ਸਾਲ ਸੀ ਤੇ ਦਸ ਰੂਸੀ ਪੈਸੇ ਦਰਜ ਕਰਾਈ ਲੈ ਲਏ ਗਏ ਭਾਵ ਦਸਾਂ ਪੈਸਿਆਂ ਵਿੱਚ ਸਾਡਾ ਵਿਆਹ ਹੋ ਗਿਆ। ਉਸ ਦਾ ਪੇਕਿਆਂ ਦਾ ਨਾਂ ਲੁਦਮੀਲਾ ਕੁਜ਼ਮੀਨੀਚਨਾ ਸੀ ਅਤੇ ਮੇਰਾ ਰੂਸੀ ਨਾਂ ਲਿਓਨ ਵਿੱਚ ਅਰਲੋਵ ਸੀ ਅਤੇ ਵਿਆਹ ਹੋਣ ਪਿਛੋਂ ਮੇਰੀ ਪਤਨੀ ਦਾ ਨਾਮ ਲੁਦਮੀਲਾ ਕੁਜ਼ਮੀਨੀਚਨਾ ਅਰਲੋਵਾ ਹੋ ਗਿਆ।

22

ਇੰਦਰ ਸਿੰਘ ਟੂਟੋ ਵੱਲੋਂ ਸ਼ਰਾਰਤ

15/03/1930 ਨੂੰ ਮੈਂ ਯੂਨੀਵਰਸਿਟੀ ਦੇ ਇਮਤਿਹਾਨ ਵਿੱਚ ਪਾਸ ਹੋ ਗਿਆ ਅਤੇ ਬੜੀ ਖੁਸ਼ੀ ਵਿੱਚ ਵਿਚਾਰਾਂ ਕਰਨ ਲੱਗਾ ਕਿ ਹੁਣ ਛੇਤੀ ਹੀ ਆਪਣੇ ਵਤਨ ਨੂੰ ਚਾਲੇ ਪਾਵਾਂਗਾ। ਪਰ ਇੰਦਰ ਸਿੰਘ ਟੂਟੋ ਨੇ ਮੇਰੇ ਖਿਲਾਫ਼ ਇਕ ਨਵਾਂ ਚੰਨ ਚਾੜ੍ਹ ਦਿੱਤਾ। ਇਕ ਮੁਸਲਮਾਨ ਜਿਸ ਦਾ ਨਾਮ ਮੁਹੰਮਦ ਅਲੀ ਸੀ, ਉਹ ਜ਼ਾਹਿਰਾ ਤੇ ਕਮਿਊਨਿਸਟ ਸੀ ਪਰ ਅੰਦਰੂਨੀ ਹਾਲਤ ਵਿੱਚ ਉਹ ਅੰਗਰੇਜ਼ੀ ਤੇ ਜਰਮਨ ਹਕੂਮਤ ਨੂੰ ਰੂਸੀ ਹਕੂਮਤ ਦਾ ਭੇਦ ਦੇ ਰਿਹਾ ਸੀ, ਉਸ ਨੇ ਇੰਦਰ ਸਿੰਘ ਨੂੰ ਸਿਖਾਇਆ ਕਿ ਤੈਨੂੰ ਏਥੇ ਕੋਈ ਪੁੱਛਦਾ ਹੀ ਨਹੀਂ ਹੈ ਪਰ ਆਰਲੋਵ (ਮੇਰਾ ਨਾਮ ਰੂਸ ਵਿੱਚ ਸੀ) ਦੀ ਬੜੀ ਇੱਜ਼ਤ ਹੈ । ਇਸ ਨੂੰ ਕਿਸੇ ਤਰੀਕੇ ਨਾਲ ਫਸਾ ਕੇ ਕਹਿ ਕਿ ਇਹ ਅੰਗਰੇਜ਼ਾਂ ਵੱਲੋਂ ਏਥੇ ਜਾਸੂਸ ਹੈ। ਬਸ ਉਸ ਨੇ ਪਾਰਟੀ ਦਫਤਰ ਵਿੱਚ ਜਾ ਕੇ ਇਹੀ ਕਹਿ ਦਿੱਤਾ ਤਾਂ ਮੈਨੂੰ ਦਫਤਰ ਵਿੱਚ ਸੱਦਿਆ ਗਿਆ ਤੇ ਕਿਹਾ ਕਿ ਇੰਦਰ ਸਿੰਘ ਨੇ ਤੇਰੇ ਵਿਰੁੱਧ ਇਹ ਦੋਸ਼ ਲਾਇਆ ਹੈ ਕਿ ਤੂੰ ਸੋਵੀਅਤ ਹਕੂਮਤ ਦਾ ਭੇਦ ਅੰਗਰੇਜ਼ੀ ਹਕੂਮਤ ਨੂੰ ਦੇਂਦਾ ਹੈ।

ਜਿਥੇ ਇੰਦਰ ਸਿੰਘ ਨੇ ਚੀਨੀ ਹਕੂਮਤ ਪਾਸ ਮੇਰੇ 'ਤੇ ਕਮਿਊਨਿਸਟ ਹੋਣ ਦਾ ਦੋਸ਼ ਲਾਇਆ ਸੀ ਤੇ ਏਥੇ ਆ ਕੇ ਮੇਰੇ 'ਤੇ ਦੋਸ਼ ਲਗਵਾਇਆ ਕਿ ਮੈਂ ਅੰਗਰੇਜ਼ੀ ਜਾਸੂਸ ਹਾਂ। ਇਹ ਮੇਰੀ ਨੇਕੀ ਦਾ ਬਦਲਾ ਜਿਹੜੀ ਮੈਂ ਉਸ ਨਾਲ ਕੀਤੀ, ਉਸ ਨੇ ਮੈਨੂੰ ਦੋਸ਼ੀ ਠਹਿਰਾਇਆ।

ਮੈਂ ਪਾਰਟੀ ਦਫ਼ਤਰ ਵਿੱਚ ਬੜੀ ਸੰਜੀਦਗੀ ਨਾਲ ਕਿਹਾ ਕਿ ਇਸ ਗੱਲ ਬਾਰੇ ਪੂਰੀ ਛਾਣਬੀਨ ਕੀਤੀ ਜਾਵੇ ਤੇ ਦੋਸ਼ੀ ਨੂੰ ਪੂਰੀ-ਪੂਰੀ ਸਜ਼ਾ ਦਿੱਤੀ ਜਾਵੇ। ਮੈਨੂੰ ਕਿਹਾ ਗਿਆ ਕਿ ਜਦ ਤੱਕ ਇਸ ਗੱਲ ਦਾ ਫੈਸਲਾ ਨਹੀਂ ਹੁੰਦਾ, ਆਪ ਨੂੰ ਰੂਸ ਵਿੱਚ ਰਹਿਣਾ ਪਵੇਗਾ। ਮੈਂ ਮੰਨ ਗਿਆ। ਮੈਨੂੰ ਇਸ ਕਰਕੇ ਕਜ਼ਾਖਸਤਾਨ ਦੇ ਸੂਬੇ ਵਿੱਚ ਅਲਮਾਤਾ ਸ਼ਹਿਰ ਅਗਰਾਨੋਮ (ਹੋਰਟੀਕਲ ਚਿਰਵਿਸਟ) ਭਾਵ ਫਰੂਟ ਸਪੈਸ਼ਲਿਸਟ ਦੀ ਡਿਊਟੀ 'ਤੇ ਭੇਜਣ ਦਾ ਫੈਸਲਾ ਕੀਤਾ ਗਿਆ ਤੇ ਰੇਲ ਦਾ ਟਿਕਟ ਤੇ ਦੋ ਸੌ ਰੂਬਲ ਰਸਤੇ ਦਾ ਖਰਚ ਦਿੱਤਾ ਗਿਆ ਤੇ ਪੰਜ ਸੌ ਰੂਬਲ ਯੂਨੀਵਰਸਿਟੀ ਵੱਲੋਂ ਇਨਾਮ ਮਿਲਿਆ।

23

ਅਲਮਾਤਾ ਨੂੰ ਜਾਣਾ ਤੇ ਫਰੂਟ ਸਪੈਸ਼ਲਿਸਟ ਦੀ ਡਿਊਟੀ ਤੇ ਲਗਣਾ

ਮੈਂ ਆਪਣੀ ਪਤਨੀ ਨੂੰ ਡੇਢ ਸੌ ਰੂਬਲ ਦੇ ਕੇ ਕਿਹਾ ਕਿ ਮੈਂ ਕੰਮ ਤੇ ਜਾ ਰਿਹਾ ਹਾਂ, ਉਥੇ ਅੱਪੜ ਕੇ ਤੈਨੂੰ ਸੁਖ-ਸਾਂਦ ਦੀ ਚਿੱਠੀ ਲਿਖਾਂਗਾ। ਇਹ ਸੁਣ ਕੇ ਉਸ ਦੇ ਤਾਂ ਹਵਾਸ ਉੱਡ ਗਏ ਕਿ ਇਹ ਤਾਂ ਰੂਸੋ ਬਾਹਰ ਜਾ ਰਿਹਾ ਹੈ। ਮੈਂ ਆਪਣੇ ਇਕ ਮਿੱਤਰ ਵਾਸਦੇਵ ਸਿੰਘ ਨੂੰ ਕਹਿ ਗਿਆ ਕਿ ਕਦੀ-ਕਦੀ ਇਸ ਦੀ ਖਬਰ ਲੈ ਆਇਆ ਕਰੀਂ। ਸੱਤਾਂ ਦਿਨਾਂ ਵਿੱਚ ਰੇਲ ਗੱਡੀ ਅਲਮਾਤਾ ਸ਼ਹਿਰ ਦੇ ਦੋ ਮੀਲ ਫਾਸਲੇ ਦੇ ਸਟੇਸ਼ਨ ਤੇ ਅੱਪੜੀ, ਜਿਥੋਂ ਮੈਂ ਟਾਂਗਾ ਕਰਕੇ ਸ਼ਹਿਰ ਪਹੁੰਚਿਆ ਤੇ Peoples Commissions Lords ਭਾਵ ਲੋਕ ਜ਼ਿਮੀਦਾਰੀ ਕਮਿਸ਼ਨਰ ਦੇ ਦਫਤਰ ਵਿੱਚ ਗਿਆ ਕਿਉਂਕਿ ਮੈਨੂੰ ਤੁਰਨ ਲੱਗਿਆਂ ਇਹੀ ਪਤਾ ਦਿੱਤਾ ਗਿਆ ਸੀ। ਚਾਰ ਦਿਨ ਆਰਾਮ ਕਰਨ ਦੇ ਪਿਛੋਂ ਮੈਨੂੰ ਇਕ ਫਲਾਂ ਵਾਲੀ ਕੰਪਨੀ ਦੇ ਦਫਤਰ ਵਿੱਚ ਜਗ੍ਹਾ ਦਿੱਤੀ ਗਈ। ਰੂਸੀ ਗੱਲ-ਬਾਤ ਤਾਂ ਮੈਨੂੰ ਮਾੜੀ-ਮੋਟੀ ਹੀ ਆਉਂਦੀ ਸੀ, ਪਰ ਕਿਸੇ ਨਾ ਕਿਸੇ ਤਰ੍ਹਾਂ ਕੰਮ ਚੱਲਦਾ ਗਿਆ ਜਦ ਉਸ ਦਫਤਰ ਵਿੱਚ ਮੈਨੂੰ ਕੰਮ ਕਰਦੇ ਨੂੰ ਪੰਜ ਕੁ ਦਿਨ ਹੋਏ ਤਾਂ ਮੈਂ ਬੁੱਕ ਕੀਪਰ ਪਾਸੋਂ ਪੰਜਾਹ ਰੂਬਲ ਉਧਾਰੇ ਲੈ ਲਏ। ਮੇਰੀ ਤਨਖਾਹ ਦੋ ਸੌ ਪੰਝੀ ਰੂਬਲ ਮੁਕੱਰਰ ਹੋਈ। ਮੈਂ ਉਹ ਪੰਜਾਹ ਰੂਬਲ ਆਪਣੀ ਪਤਨੀ ਨੂੰ ਜਿਸ ਦਾ ਨਾਮ ਲੁਦਮੀਲਾ ਸੀ, ਭੇਜ ਦਿੱਤੇ। ਜਦ ਲੁਦਮੀਲਾ ਨੂੰ ਮੇਰੇ ਵੱਲੋਂ ਪੈਸਾ ਤੇ ਚਿੱਠੀ ਮਿਲੀ ਤਾਂ ਉਸ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਖ਼ਾਸ ਕਰਕੇ ਇਹ ਪੜ੍ਹ ਕੇ ਕਿ ਮੇਰਾ ਪਤੀ ਰੂਸ ਵਿੱਚ ਹੀ ਹੈ। ਜੂਨ ਦਾ ਮਹੀਨਾ ਚੜ੍ਹਿਆ ਤਾਂ ਉਸ ਦਾ ਸਕੂਲ ਗਰਮੀਆਂ ਕਰਕੇ ਚਾਰ ਮਹੀਨੇ ਲਈ ਬੰਦ ਹੋ ਗਿਆ। ਮੈਨੂੰ ਤੀਹ ਤ੍ਰੀਕ ਨੂੰ ਬੁੱਕ ਕੀਪਰ ਨੇ ਕਿਹਾ ਕਿ ਆਪਣੀ ਤਨਖਾਹ ਲੈ ਲਵੋ। ਮੈਂ ਉਸ ਨੂੰ ਉਂਗਲਾਂ ਨਾਲ ਸਮਝਾਇਆ ਕਿ ਮੈਨੂੰ ਮਾਸਕੋ ਤੋਂ ਤੁਰਨ ਲੱਗਿਆਂ ਦੋ ਸੌ ਪੰਝੀ ਰੂਬਲ ਪੇਸ਼ਗੀ ਮਿਲੇ ਸਨ ਤੇ ਪੰਜਾਹ ਰੂਬਲ ਮੈਂ ਤੇਰੇ ਪਾਸੋਂ ਲੈ ਚੁੱਕਾ ਹਾਂ। ਇਸ ਲਈ ਮੈਂ ਦੋ ਸੌ ਪੰਜਹਤਰ ਰੂਬਲ ਲੈ ਚੁੱਕਿਆ ਹਾਂ। ਹੁਣ ਤਾਂ ਮੈਂ ਸਗੋਂ ਪੰਜਾਹ ਰੂਬਲ ਦਾ ਕਰਜ਼ਾਈ ਹਾਂ ਤਾਂ ਵੀ ਉਸ ਨੇ ਬਦੋ-ਬਦੀ ਦੋ ਸੌ ਪੰਝੀ ਰੂਬਲ ਦੇ ਹੀ ਦਿੱਤੇ। ਮੈਂ ਇਕ ਸੌ ਰੂਬਲ ਪਤਨੀ ਨੂੰ ਭੇਜ ਕੇ ਲਿਖ ਦਿੱਤਾ ਕਿ ਅਲਮਾਤਾ ਸ਼ਹਿਰ ਮਾਸਕੋ ਤੋਂ ਬਹੁਤ ਦੂਰ ਹੈ। ਇਥੇ ਮੇਰੇ ਕੋਲ ਆਉਣ ਦੀ ਖੇਚਲ ਨਾ ਕਰੀਂ ਤੇ ਇਹ

ਸੌ ਰੂਬਲ ਲੈ ਕੇ ਤੂੰ ਆਪਣੀ ਮਾਂ ਕੋਲ ਕੀਸਨੋ ਵੋਚਸਕ (ਸ਼ਹਿਰ ਦਾ ਨਾਮ ਹੈ) ਚਲੀ ਜਾਵੀਂ।

ਮੈਨੂੰ ਅਲਮਾਤਾ ਸ਼ਹਿਰ ਵਿੱਚ ਰਹਿਣ ਲਈ ਘਰ ਦਿੱਤਾ ਹੋਇਆ ਸੀ ਪਰ ਕੁਝ ਦਿਨਾਂ ਤੋਂ ਮੈਨੂੰ ਅਲਮਾਤਾ ਸ਼ਹਿਰ ਤੋਂ ਬਾਹਰ ਦੋ ਕੁ ਮੀਲ ਤੇ ਬਗੀਚੇ ਵਿੱਚ ਹੀ ਬੜਾ ਸੋਹਣਾ ਦੋ ਛੱਤਾ ਘਰ ਮਿਲ ਗਿਆ ਸੀ। ਇਸ ਕਰਕੇ ਮੈਂ ਸ਼ਹਿਰ ਵਾਲੇ ਘਰ ਤੋਂ ਆਪਣਾ ਸਾਮਾਨ ਉਥੇ ਲੈ ਗਿਆ ਸਾਂ ਤੇ ਸ਼ਹਿਰ ਵਾਲੇ ਘਰ ਦੀ ਚਾਬੀ ਵੀ ਅਜੇ ਮੇਰੇ ਕੋਲ ਹੀ ਸੀ। ਐਤਵਾਰ ਦਾ ਦਿਨ ਸੀ, ਮੈਂ ਬਾਗੀਚੇ ਵਾਲੇ ਘਰ ਵਿੱਚ ਵਿਹਲਾ ਹੀ ਬੈਠਿਆ ਹੋਇਆ ਸਾਂ, ਦਿਲ ਵਿੱਚ ਆਇਆ ਕਿ ਸ਼ਹਿਰ ਜਾ ਕੇ ਡਾਕਖਾਨੇ ਤੋਂ ਕੋਈ ਚਿੱਠੀ ਦਾ ਪਤਾ ਲੈ ਆਵਾਂ (ਰੂਸ ਵਿੱਚ ਐਤਵਾਰ ਨੂੰ ਉਨ੍ਹੀਂ ਦਿਨੀਂ ਡਾਕਖਾਨੇ ਖੁੱਲ੍ਹੇ ਹੁੰਦੇ ਸਨ) ਚਿੱਠੀ ਤਾਂ ਕੋਈ ਨਾ ਮਿਲੀ ਪਰ ਜਦ ਮੈਂ ਡਾਕਖਾਨੇ ਹੋ ਕੇ ਸ਼ਹਿਰ ਦੇ ਪਾਰਕ ਵਿੱਚ ਆ ਬੈਠਾ ਤਾਂ ਇਕ ਲੜਕਾ ਮੇਰੇ ਕੋਲ ਆ ਕੇ ਮੈਨੂੰ ਕਹਿਣ ਲੱਗਾ ਕਿ ਇਕ ਨੌਜਵਾਨ ਤੀਵੀਂ ਮਾਸਕੋਂ ਤੋਂ ਅੱਜ ਆਈ ਹੈ ਤੇ ਤੁਹਾਡਾ ਘਰ ਪੁੱਛ ਰਹੀ ਸੀ ਤੇ ਮੈਂ ਉਸ ਨੂੰ ਤੁਹਾਡੇ ਸ਼ਹਿਰ ਵਾਲੇ ਘਰ ਭੇਜ ਦਿੱਤਾ ਹੈ।

ਮੈਂ ਉੱਥੇ ਗਿਆ ਤਾਂ ਦੇਖਦਾ ਹਾਂ ਕਿ ਮੇਰੇ ਘਰ ਦੇ ਬਰਾਂਡੇ ਵਿੱਚ ਲੁਦਮੀਲਾ ਆਪਣੀ ਗੱਠੜੀ ਤੇ ਬੈਠੀ ਕਿਤਾਬ ਪੜ੍ਹ ਰਹੀ ਹੈ। ਮੈਂ ਦੱਬੇ ਪੈਰ ਉਸਦੇ ਸਾਹਮਣੇ ਜਾ ਖੜੋਤਾ। ਜਦ ਉਸ ਨੇ ਉਤਾਂਹਾ ਮੂੰਹ ਚੁੱਕਿਆ ਤਾਂ ਮੈਨੂੰ ਖੜ੍ਹੇ ਨੂੰ ਵੇਖ ਕੇ ਹੱਸ ਪਈ। ਮੈਂ ਕਿਹਾ ਕਿ ਮੈਂ ਤਾਂ ਤੈਨੂੰ ਲਿਖਿਆ ਸੀ ਕਿ ਆਪਣੀ ਮਾਂ ਪਾਸ ਛੁੱਟੀਆਂ ਕਟੀਂ। ਉਸ ਨੇ ਇਸ ਦਾ ਕੋਈ ਜਵਾਬ ਨਾ ਦਿੱਤਾ ਤੇ ਕਹਿਣ ਲੱਗੀ ਮੇਰੇ ਕੋਲ ਤਾਂਗੇ ਲਈ ਪੈਸਾ ਕੁਝ ਘੱਟ ਸੀ ਤੇ ਮੈਂ ਇਸ ਸਾਹਮਣੀ ਤੀਵੀਂ ਤੋਂ ਤਿੰਨ ਰੂਬਲ ਲੈ ਕੇ ਟਾਂਗੇ ਵਾਲੇ ਨੂੰ ਦਿੱਤੇ ਹਨ। ਉਹ ਔਰਤ ਡਾਕਟਰਨੀ ਸੀ ਤੇ ਬੜੀ ਹੀ ਸ਼ਰੀਫ ਸੀ। ਮੈਂ ਆਪਣਾ ਦਰਵਾਜ਼ਾ ਖੋਲ੍ਹ ਕੇ ਲੁਦਮੀਲਾ ਦੀ ਗੱਠੜੀ ਅੰਦਰ ਰੱਖ ਦਿੱਤੀ। ਹੋਟਲ ਵਿੱਚ ਰੋਟੀ-ਪਾਣੀ ਖਾਧਾ ਤੇ ਫਿਰ ਆਪਣੇ ਘਰ ਆ ਕੇ ਥੋੜ੍ਹਾ ਆਰਾਮ ਕੀਤਾ ਤਾਂ ਫਿਰ ਮੈਂ ਉਸ ਨੂੰ ਕਿਹਾ ਕਿ ਹੁਣ ਤਾਂ ਮੈਂ ਏਥੋਂ ਦੋ ਕੁ ਮੀਲ ਤੇ ਇਕ ਬਗੀਚੇ ਵਿੱਚ ਚੱਲਿਆ ਗਿਆ ਹਾਂ। ਚੱਲ ਹੁਣ ਉਥੇ ਨੂੰ ਚਲੀਏ ਪਰ ਡਾਕਟਰਨੀ ਨੇ ਸਾਨੂੰ ਰੋਕ ਲਿਆ ਕਿ ਮੈਂ ਚਾਅ ਪਿਆਏ ਬਿਨਾਂ ਜਾਣ ਨਹੀਂ ਦੇਣਾ। ਉਸ ਨੇ ਬੜੇ ਆਦਰ ਨਾਲ ਸਾਨੂੰ ਚਾਹ ਪਿਆਈ ਤੇ ਫੇਰ ਉਸ ਤੋਂ ਇਜਾਜ਼ਤ ਲੈ ਕੇ ਅਸੀਂ ਆਪਣੇ ਬਗੀਚੇ ਵਾਲੇ ਘਰ ਆ ਗਏ। ਬਹੁਤ ਸਾਰੇ ਆਦਮੀ ਉਸ ਨੂੰ ਮਿਲਣ ਆਏ ਤੇ ਸਾਨੂੰ ਉਨ੍ਹਾਂ ਵੀ ਰਾਤ ਨੂੰ ਪ੍ਰੀਤੀ ਭੋਜਨ ਖੁਆਇਆ ਤੇ ਤਿੰਨ ਮਹੀਨੇ ਉਸ ਨੇ ਆਪਣੀਆਂ

ਗਰਮੀਆਂ ਦੀਆਂ ਛੁੱਟੀਆਂ ਮੇਰੇ ਕੋਲ ਕਟੀਆਂ, ਫਿਰ ਪੜ੍ਹਨ ਲਈ ਮਾਸਕੋ ਨੂੰ ਚਲੀ ਗਈ ਤੇ ਸਿਆਲ ਨੂੰ ਮੈਂ ਵੀ ਛੁੱਟੀ ਕੱਟਣ ਮਾਸਕੋ ਉਸ ਕੋਲ ਜਾ ਰਿਹਾ।

ਅਲਮਾਤਾ ਸ਼ਹਿਰ ਪਹਾੜਾਂ ਦੇ ਨਾਲ ਹੋਣ ਕਰਕੇ ਉਥੇ ਬਰਫ਼ ਬਹੁਤ ਪੈਂਦੀ ਸੀ ਤੇ ਸਰਦੀ ਵੀ ਜ਼ਿਆਦਾ ਸੀ ਤੇ ਮੇਰਾ ਕੰਮ ਪਹਾੜਾਂ ਦੇ ਉੱਤੇ ਜੰਗਲੀ ਸੇਬ ਦੇ ਦਰੱਖਤਾਂ ਨੂੰ ਪਿਉਂਦ ਕਰਨ ਦਾ ਸੀ। ਇਸ ਲਈ ਸਰਦੀ ਨਾਲ ਮੇਰੇ ਪੈਰ ਦੁੱਖਣ ਲੱਗ ਪਏ ਤੇ ਡਾਕਟਰ ਨੇ ਕਿਹਾ ਕਿ ਏਥੋਂ ਹੋਰ ਥਾਂ ਬਦਲੀ ਕਰਾ ਲਵੋ।

24

ਵਾਪਸ ਮਾਸਕੋ ਸਦਣਾ

ਇਸ ਲਈ ਉਸ ਜਗ੍ਹਾ ਤੋਂ ਮੇਰੀ ਬਦਲੀ ਕੀਵ ਸ਼ਹਿਰ ਦੇ ਲਾਗੇ ਸੈਨਫੋਫਿਕ ਇਨਸਟੀਚਿਊਸ਼ਨ ਵਿੱਚ ਹੋ ਗਈ, ਉਥੇ ਕੁਝ ਸਾਲ ਰਿਹਾ ਤਾਂ ਉਹ ਇਨਸਿਟੀਚਿਊਸ਼ਨ ਕਾਲੇ ਸਮੁੰਦਰ ਕੋਲ ਲਿਜਾਇਆ ਗਿਆ ਤੇ ਮੈਨੂੰ ਕੁਹ ਕਾਫ ਦੇ ਇਲਾਕੇ ਵਿੱਚ ਭੇਜਿਆ ਗਿਆ। ਮੈਂ ਤਾਸ਼ਕੰਦ ਸ਼ਹਿਰ ਦੇ ਇਲਾਕੇ ਵਿੱਚ ਵੀ ਕੰਮ ਕੀਤਾ। ਇਸ ਤਰ੍ਹਾਂ ਕਰਦਿਆਂ 1935 ਦਾ ਸਾਲ ਆ ਗਿਆ ਤੇ 1935 ਦੀ ਜੁਲਾਈ ਵਿੱਚ ਜਦ ਮੈਂ ਬਤਲਪਾਸ਼ੀਨ ਸ਼ਹਿਰ ਦੇ ਨਜ਼ਦੀਕ ਕੰਮ ਕਰਦਾ ਸਾਂ ਤਾਂ ਮੈਨੂੰ ਪਾਰਟੀ ਨੇ ਮਾਸਕੋ ਸਦ ਲਿਆ।

ਝੂਠਿਆਂ ਨੂੰ ਸਜਾਵਾਂ

ਇੰਦਰ ਸਿੰਘ ਟੁੱਟੋ ਮਾਜਰਾ ਝੂਠਾ ਨਿਕਲਿਆ ਤੇ ਉਸ ਨੂੰ ਸਿਖਾਉਣ ਵਾਲਾ ਮੁਹੰਮਦ ਅਲੀ ਵੀ ਜਰਮਨ ਤੇ ਅੰਗਰੇਜ਼ੀ ਹਕੂਮਤ ਦਾ ਜਾਸੂਸ ਸਾਬਤ ਹੋ ਗਿਆ। ਇਸ ਲਈ ਉਨ੍ਹਾਂ ਦੁਹਾਂ ਦੀ ਤਲਾਸ਼ੀ ਲਈ ਗਈ ਤੇ ਇੰਦਰ ਸਿੰਘ ਕੋਲੋਂ ਛੇ ਹਜ਼ਾਰ ਦੇ ਅਮਰੀਕਨ ਨੋਟ ਨਿਕਲੇ ਜਿਹੜੇ ਸੋਵੀਅਤ ਹਕੂਮਤ ਨੇ ਜ਼ਬਤ ਕਰ ਲਏ ਤੇ ਮੁਹੰਮਦ ਅਲੀ ਕੋਲੋਂ ਸੋਵੀਅਤ ਹਕੂਮਤ ਦੇ ਵਿਰੁੱਧ ਕਾਗਜ਼ਾਤ ਨਿਕਲੇ। ਐਸੇ ਜੁਰਮਾਂ ਵਿੱਚ ਹੋਣ ਕਰਕੇ ਦੋਹਾਂ ਨੂੰ ਪਤਾ ਨਹੀਂ ਕਿੱਥੇ ਲੈ ਗਏ।

25

ਪੈਨਸਲਾਂ ਦੇ ਕਾਰਖਾਨੇ ਵਿੱਚ ਭੇਜਣਾ

ਮੈਨੂੰ ਕੁਛ ਚਿਰ ਲਈ ਸਾਕੋਵੇਨਜੇਟੀ (ਪੈਨਸਲਾਂ ਬਣਾਉਣ ਵਾਲੇ ਕਾਰਖਾਨੇ)

ਵਿੱਚ ਕੰਮ ਦੇ ਦਿੱਤਾ ਗਿਆ ਤਾਂ ਕਿ ਮੈਂ ਦੇਖ ਸਕਾਂ ਕਿ ਕਾਰਖਾਨੇ ਵਾਲੇ ਮਜ਼ਦੂਰਾਂ ਦੀ ਕਿਹੋ ਜਿਹੀ ਹਾਲਤ ਹੈ। ਉਹ ਤਾਂ ਬੜੇ ਹੀ ਆਨੰਦ ਵਿੱਚ ਰਹਿੰਦੇ ਸਨ। ਮਜ਼ਦੂਰਾਂ ਦੀ ਤਨਖਾਹ ਵਿੱਚ ਹਰ ਸਾਲ ਵਾਧਾ ਹਕੂਮਤ ਦੇ ਵੱਧ ਰਹੇ ਬਜਟ ਦੇ ਨਾਲ ਹੁੰਦਾ ਸੀ। ਮੇਰੀ ਤਨਖਾਹ ਦੋ ਸੌ ਪੰਝੀ ਰੂਬਲ ਮਾਹਵਾਰ ਤੋਂ ਲੈ ਕੇ ਨੌ ਸੌ ਰੂਬਲ ਮਾਹਵਾਰ ਤੱਕ ਵੱਧ ਗਈ। ਹਰ ਸਾਲ ਚੰਗਾ ਕੰਮ ਕਰਕੇ ਮੇਰੀ ਤਰੱਕੀ ਹੁੰਦੀ ਗਈ। ਇਨਾਮ ਮਿਲਦੇ ਜਿਹੜੇ ਮੈਂ ਵਾਪਸ ਕਰ ਦੇਂਦਾ ਤੇ ਵਿਸ਼ੇ ਉਦਾਰ ਤੇ ਨੇਕ ਹੋਣ ਦੀਆਂ ਚਿੱਠੀਆਂ ਮਿਲਦੀਆਂ।

ਪੈਨਸਲਾਂ ਵਾਲੇ ਕਾਰਖਾਨੇ ਵਿੱਚ ਮੈਂ ਤਿੰਨ ਮਹੀਨੇ ਕੰਮ ਕੀਤਾ ਤਾਂ ਮੈਨੂੰ ਹਟਾ ਕੇ ਇਕ ਹੋਟਲ ਵਿੱਚ ਇਕ ਕਮਰਾ ਦਿੱਤਾ ਗਿਆ ਤੇ ਪੋਲੀਟੀਕਲ ਸਟੱਡੀ ਕਰਨ ਦਾ ਆਰਡਰ ਦਿੱਤਾ ਗਿਆ।

ਮਾਸਕੋ ਵਿੱਚ ਮੇਰੇ ਰਹਿਣ ਲਈ ਹਕੂਮਤ ਨੇ ਇਕ ਨਵਾਂ ਮਕਾਨ ਬਣਵਾ ਦਿੱਤਾ, ਜਿਸ 'ਤੇ ਮੇਰੇ ਪਲਿਉਂ ਅੱਠ ਹਜ਼ਾਰ ਰੂਬਲ ਲਿਆ ਤੇ ਸੌਲਾਂ ਹਜ਼ਾਰ ਹਕੂਮਤ ਨੇ ਦਿੱਤਾ। ਬੜਾ ਆਲੀਸ਼ਾਨ ਮਕਾਨ ਬਣਵਾ ਦਿੱਤਾ।

ਮੇਰੀ ਪਤਨੀ ਨੇ ਮੇਰੇ ਨਾਲ ਸ਼ਾਦੀ ਕਰਨ ਤੋਂ ਪਹਿਲਾਂ ਹੀ ਰੂਸ ਵਿੱਚ ਪੂਰੀ ਵਿੱਦਿਆ ਪ੍ਰਾਪਤ ਕਰ ਲਈ ਸੀ ਤੇ ਜਦ ਤੱਕ ਮੈਂ ਰੂਸ ਵਿੱਚ ਕੰਮ ਕਰਦਾ ਰਿਹਾ, ਉਸ ਨੇ ਅੰਗਰੇਜ਼ੀ, ਫਰਾਂਸੀਸੀ, ਸਪੈਨਿਸ਼ ਵਿੱਦਿਆ ਪੂਰੀ-ਪੂਰੀ ਹਾਸਲ ਕਰ ਲਈ। ਮੈਂ ਉਸ ਨੂੰ ਆਪਣੀ ਅੱਧੀ ਤਨਖਾਹ ਹਰ ਮਹੀਨੇ ਭੇਜਦਾ ਰਿਹਾ। ਹਰ ਸਾਲ ਉਹ ਗਰਮੀ ਦੀਆਂ ਛੁੱਟੀਆਂ ਮੇਰੇ ਕੋਲ ਆ ਕੇ ਗੁਜ਼ਾਰਦੀ ਤੇ ਸਰਦੀ ਵਿੱਚ ਮੈਂ ਡੇਢ ਮਹੀਨੇ ਦੀ ਛੁੱਟੀ ਉਸ ਕੋਲ ਮਾਸਕੋ ਜਾ ਕੇ ਰਹਿੰਦਾ।

ਰੂਸ ਵਿੱਚ ਮਹਿਮਾਨ ਨਿਵਾਜ਼ੀ

ਰੂਸ ਵਿੱਚ ਮਹਿਮਾਨ ਨਿਵਾਜ਼ੀ ਬਹੁਤ ਹੀ ਹੈ। ਜਦ ਤੁਸੀਂ ਕਿਸੇ ਦੇ ਘਰ ਦੇ ਨਜ਼ਦੀਕ ਦੀ ਤੁਰੇ ਜਾਓ ਤਾਂ ਉਸ ਘਰ ਦਾ ਮਾਲਕ ਜੇ ਘਰ ਹੋਵੇਗਾ ਤਾਂ ਤੁਹਾਨੂੰ ਸਦ ਕੇ ਚਾਅ ਪਿਆਏ ਬਿਨਾਂ ਨਹੀਂ ਜਾਣ ਦੇਵੇਗਾ। ਮੇਰੇ ਨਾਲ ਐਸਾ ਕਈ ਵਾਰ ਹੁੰਦਾ ਰਿਹਾ ਹੈ। ਇਕ ਵਾਰ ਮੈਂ ਇਕ ਸੋਵੀਅਤ ਫਾਰਮ 'ਚੋਂ ਲੰਘਦਾ ਜਾ ਰਿਹਾ ਸਾਂ ਤਾਂ ਇਕ ਔਰਤ ਨੇ ਮੈਨੂੰ ਬੁਲਾ ਕੇ ਕਿਹਾ ਕਿ ਮੇਰੇ ਘਰ ਖਾਨਾ ਖਾ ਕੇ ਜਾਓ, ਉਸ ਦਾ ਘਰ ਸੜਕ ਦੇ ਨਾਲ ਹੀ ਸੀ। ਮੈਂ ਕਿਹਾ ਕਿ ਮੈਨੂੰ ਭੁੱਖ ਤਾਂ ਹੈ ਪਰ ਮੈਂ ਆਪ ਨੂੰ ਤਕਲੀਫ ਨਹੀਂ ਦੇਣਾ ਚਾਹੁੰਦਾ ਤਾਂ ਉਹ ਛਾਲ ਮਾਰ ਕੇ ਉਠੀ ਤੇ ਮੇਰੇ

ਲਈ ਖਾਨਾ ਤਿਆਰ ਕਰ ਦਿੱਤਾ। ਜਦ ਮੈਂ ਉਸ ਦੇ ਘਰੋਂ ਖਾਣਾ ਖਾ ਕੇ ਤੁਰਨ ਲੱਗਾ ਤੇ ਉਸ ਨੇ ਕਿਹਾ ਕਿ ਜਦ ਵੀ ਇਧਰ ਦੀ ਜਾਓ, ਮੇਰੇ ਘਰੋਂ ਖਾਨਾ ਜ਼ਰੂਰ ਖਾ ਕੇ ਜਾਇਆ ਕਰੋ। ਰੂਸ ਦੇ ਵਿੱਚ ਆਓ ਭਗਤ ਦਾ ਪ੍ਰੇਮ ਬਹੁਤ ਹੈ। ਉਹ ਪ੍ਰਦੇਸ਼ੀ ਨੂੰ ਦੇਖ ਕੇ ਬਹੁਤ ਹੀ ਖੁਸ਼ ਹੁੰਦੇ ਹਨ।

ਰੂਸ ਵਿੱਚ ਤੇ ਸਰਮਾਇਦਾਰ ਮੁਲਕਾਂ ਵਿੱਚ ਡਾਕਟਰਾਂ ਦੀ ਤਰੱਕੀ

ਸਰਮਾਇਦਾਰ ਮੁਲਕਾਂ ਵਿੱਚ ਉਸ ਡਾਕਟਰ ਦੀ ਜ਼ਿਆਦਾ ਤਰੱਕੀ ਹੁੰਦੀ ਹੈ ਜਿਸ ਦੇ ਮੁਲਕ ਵਿੱਚ ਬੀਮਾਰ ਉਸ ਪਾਸ ਜ਼ਿਆਦਾ ਆਉਣ ਪਰ ਰੂਸ ਵਿੱਚ ਇਸ ਦੇ ਉਲਟ ਹੈ। ਰੂਸ ਵਿੱਚ ਉਸ ਡਾਕਟਰ ਦੀ ਜ਼ਿਆਦਾ ਤਰੱਕੀ ਹੁੰਦੀ ਹੈ, ਜਿਸ ਦੇ ਹਲਕੇ ਵਿੱਚ ਬੀਮਾਰ ਆਦਮੀ ਘੱਟ ਹੋਣ।

ਰੂਸ ਵਿੱਚ ਬੱਚਾ ਹੋਣ ਵਾਲੀ ਔਰਤ ਨੂੰ ਬੱਚਾ ਹੋਣ ਤੋਂ ਘੱਟ ਤੋਂ ਘੱਟ ਇਕ ਮਹੀਨਾ ਪਹਿਲਾਂ ਤੇ ਬੱਚਾ ਹੋਏ ਤੋਂ ਦੋ ਮਹੀਨੇ ਪਿਛੋਂ ਕੁੱਲ ਮਿਲਾ ਕੇ ਤਿੰਨ ਮਹੀਨੇ ਦੀ ਛੁੱਟੀ ਤਨਖਾਹ ਸਮੇਤ ਹੁੰਦੀ ਹੈ।

ਮੇਰੀ ਪਤਨੀ ਮੇਰੇ ਪੋਲੀਟੀਕਲ ਸਟੱਡੀ ਕਰਨ ਵਾਲੇ ਕਮਰੇ ਵਿੱਚ ਸ਼ਾਮ ਨੂੰ ਮੇਰੇ ਕੋਲ ਆ ਬੈਠਦੀ ਤੇ ਫਿਰ ਅਸੀਂ ਦੋਵੇਂ ਆਪਣੀ ਰਿਹਾਇਸ਼ ਵਾਲੇ ਘਰ ਚੱਲੇ ਜਾਂਦੇ। ਮੈਨੂੰ ਹੁਣ ਪਾਰਟੀ ਵੱਲੋਂ ਹੁਕਮ ਹੋ ਗਿਆ ਕਿ ਆਪ ਨੂੰ ਜਲਦੀ ਹੀ ਰੂਸ ਤੋਂ ਬਾਹਰ ਕੰਮ ਲਈ ਭੇਜਿਆ ਜਾਵੇਗਾ ਤਾਂ ਮੈਂ ਆਪਣੇ ਕੰਮ ਕਰਨ ਦੇ ਕੁੱਲ ਸਰਟੀਫਿਕੇਟ ਪਾਰਟੀ ਦੇ ਦਫ਼ਤਰ ਵਿੱਚ ਜਾ ਰਖੇ, ਜਿਸ ਨੂੰ ਦੇਖ ਕੇ ਪ੍ਰਬੰਧਕ ਬਹੁਤ ਹੀ ਖੁਸ਼ ਤੇ ਹੈਰਾਨ ਹੋ ਗਏ ਕਿ ਇਹ ਆਦਮੀ ਕੈਸਾ ਅੱਛਾ ਕੰਮ ਕਰਦਾ ਰਿਹਾ। ਆਖਰ ਇਕ ਦਿਨ ਮੈਨੂੰ ਪਾਰਟੀ ਦਫਤਰ ਵਿੱਚ ਸਦ ਕੇ ਕਿਹਾ ਗਿਆ ਕਿ ਸਾਥੀ ਅੱਜ ਸ਼ਾਮ ਦੇ ਅੱਠ ਵਜੇ ਵਾਲੀ ਰੇਲ ਗੱਡੀ ਵਿੱਚ ਤੈਨੂੰ ਚੜਾਇਆ ਜਾਵੇਗਾ। ਉਸ ਹੋਟਲ ਦੇ ਕਮਰੇ ਵਿੱਚ ਰਹਿਣਾ ਇਕ ਆਦਮੀ ਆਪ ਨੂੰ ਅੱਠ ਵਜੇ ਕਮਰੇ ਵਿੱਚੋਂ ਲੈ ਜਾ ਕੇ ਰੇਲ ਗੱਡੀ ਵਿੱਚ ਬਿਠਾ ਆਵੇਗਾ। ਇਸ ਤਰ੍ਹਾਂ ਦੀਆਂ ਗੱਲਾਂ ਦਾ ਮੇਰੀ ਪਤਨੀ ਨੂੰ ਕਈਆਂ ਦਿਨਾਂ ਦਾ ਪਤਾ ਸੀ। ਇਸ ਕਰਕੇ ਉਹ ਰੋਜ਼ ਹੀ ਸ਼ਾਮ ਨੂੰ ਮੇਰੇ ਹੋਟਲ ਵਾਲੇ ਕਮਰੇ ਵਿੱਚ ਆ ਬੈਠਦੀ। ਅੱਜ ਜਦ ਮੈਂ ਪਾਰਟੀ ਦਫ਼ਤਰੋਂ ਥੋੜ੍ਹੀ ਦੇਰ ਨਾ ਆਇਆ ਤਾਂ ਉਸ ਨੇ ਪੁੱਛਿਆ 'ਅੱਜ ਐਨੀ ਦੇਰ ਕਰਕੇ ਕਿਉਂ ਆਏ ਹੋ?' ਮੈਂ ਕਿਹਾ, "ਅੱਜ ਮੈਂ ਤੈਥੋਂ ਦੂਰ ਚਲੇ ਜਾਣਾ ਹੈ, ਉਹ ਸਮਝ ਗਈ ਤੇ ਕਹਿਣ ਲੱਗੀ ਕਿ ਚਲੋ ਘਰ ਚੱਲ ਕੇ ਖਾਣਾ ਖਾ ਕੇ ਜਾਣਾ। ਅਸੀਂ ਦੋਵੇਂ ਆਪਣੇ

ਘਰ ਗਏ ਤੇ ਕੁਝ ਚਿਰ ਪਿਛੋਂ ਮੈਂ ਇਕ ਛੋਟਾ ਜਿਹਾ ਹੈਂਡ ਬੈਗ ਲੈ ਕੇ ਘਰੋਂ ਤੁਰ ਪਿਆ ਤੇ ਉਹ ਮੇਰੇ ਨਾਲ ਸਟਰੀਟ ਕਾਰ ਤੱਕ ਆਈ।

26

ਰੂਸ ਤੋਂ ਦੇਸ਼ ਵਾਪਸੀ

ਮੈਂ ਆਪਣੇ ਹੋਟਲ ਵਾਲੇ ਕਮਰੇ ਵਿੱਚ ਆ ਗਿਆ। ਜਿਥੇ ਇਕ ਆਦਮੀ ਆਇਆ ਤੇ ਮੈਨੂੰ ਮੋਟਰ ਕਾਰ ਵਿੱਚ ਬਿਠਾ ਕੇ ਗੱਡੀ ਚੜ੍ਹਾ ਆਇਆ ਤੇ ਕਹਿਣ ਲੱਗਾ ਕਿ ਇਹ ਗੱਡੀ ਪੈਰਸ ਵਿੱਚ ਜਾਵੇਗੀ, ਜਿਥੇ ਤੁਸਾਂ ਉਤਰ ਕੇ ਫਲਾਣੇ ਹੋਟਲ ਵਿੱਚ ਜਾ ਰਹਿਣਾ। ਉਥੇ ਇਕ ਆਦਮੀ ਤੁਹਾਡੇ ਪਾਸ ਆਏਗਾ, ਜਿਹੜਾ ਤੁਹਾਡੇ ਅੱਗੇ ਜਾਣ ਦਾ ਪ੍ਰਬੰਧ ਕਰੇਗਾ, ਉਹ ਆਦਮੀ ਆਇਆ ਤੇ ਉਸ ਨੇ ਮੈਨੂੰ ਇਕ ਪਾਸਪੋਰਟ ਦੇ ਕੇ ਦੱਖਣੀ ਅਮਰੀਕਾ ਭੇਜ ਦਿੱਤਾ, ਜਿਥੇ ਉਹ ਪਾਸਪੋਰਟ ਠੀਕ ਸਾਬਤ ਨਾ ਹੋਇਆ ਤੇ ਮੈਨੂੰ ਵਾਪਸ ਪੈਰਸ ਭੇਜ ਦਿੱਤਾ ਗਿਆ, ਪੈਰਸ ਦੀ ਪੁਲਿਸ ਨੇ ਇਕ ਮਹੀਨੇ ਪਿਛੋਂ ਮੈਨੂੰ ਪੈਰਸ ਛੱਡ ਦੇਣ ਲਈ ਕਿਹਾ। ਇਸ ਕਰਕੇ ਮੈਂ ਬੈਲਜੀਅਮ ਮੁਲਕ ਵਿੱਚ ਜਾ ਰਿਹਾ ਤੇ ਅੱਠ ਮਹੀਨੇ ਬੈਲਜੀਅਮ ਮੁਲਕ ਦੇ ਸ਼ਹਿਰ ਐਂਟਵਰਮ ਵਿੱਚ ਰਹਿ ਕੇ ਫਿਰ ਚੋਰੀ ਪੈਰਸ ਆ ਗਿਆ। ਇਥੋਂ 15 ਅਗਸਤ, 1937 ਨੂੰ ਮੈਂ ਪਾਸਪੋਰਟ ਬਣਵਾ ਕੇ ਹਿੰਦੁਸਤਾਨ ਆ ਗਿਆ। ਮਿਤ ਸਿੰਘ ਕਸੇਲ ਵਾਲੇ ਨੂੰ ਮੇਰੀ ਬਾਬਤ ਕਿਹਾ ਗਿਆ ਕਿ ਜਦ ਹਰਨਾਮ ਸਿੰਘ (ਪ੍ਰੀਤਮ ਸਿੰਘ) ਆਪਣੇ ਘਰ ਕਸੇਲ ਆਵੇ ਤਾਂ ਸੀ.ਆਈ.ਡੀ. ਦੇ ਦਫਤਰ ਅੰਮ੍ਰਿਤਸਰ ਇਤਲਾਹ ਦੇ ਦੇਣੀ ਤਾਂ ਕਿ ਉਸ ਨੂੰ (ਮੈਨੂੰ) ਪਕੜ ਲਿਆ ਜਾਵੇ। ਇਸ ਕਰਕੇ ਮੇਰੇ ਸਾਥੀਆਂ ਨੇ ਮੈਨੂੰ ਜੜਾਂ ਵਾਲੇ ਭੇਜ ਦਿੱਤਾ, ਜਿਥੇ ਮੈਨੂੰ ਨਵੰਬਰ ਦੇ ਮਹੀਨੇ ਇਕ ਰੂਸ ਵਿਚੋਂ ਆਏ ਹੋਏ ਚਿੰਤੇ ਨੇ ਜੋ ਜਿੜਾਂ-ਵਾਲੀ ਪੁਲਿਸ ਦਾ ਸੁਖਬਰ ਹੋ ਗਿਆ ਹੋਇਆ ਸੀ, ਪਕੜਵਾ ਦਿੱਤਾ ਤੇ ਮੈਨੂੰ ਲਾਹੌਰ ਦੇ ਕਿਲ੍ਹੇ ਵਿੱਚ ਲਿਆ ਕੇ ਇਕ ਮਹੀਨਾ ਬਹੁਤ ਤਸੀਹੇ ਦਿੱਤੇ, ਆਖਰ ਛੱਡ ਦਿੱਤਾ ਗਿਆ ਤੇ ਮੈਂ ਆਪਣੇ ਪਾਰਟੀ ਦੇ ਕੰਮ ਵਿੱਚ ਲੱਗ ਗਿਆ ਤੇ ਮੈਨੂੰ ਫਿਰ ਫੜ ਕੇ ਛੇ ਸਾਲ ਸ਼ਾਹੀ ਕੈਦੀ ਰੱਖਿਆ ਗਿਆ ਤੇ 1944 ਦੇ ਅਖੀਰ ਵਿੱਚ ਰਿਹਾਅ ਕੀਤਾ ਗਿਆ।

1938 ਦੀ ਗੱਲ ਹੈ ਮੈਂ ਉਦੋਂ ਤੀਜੀ ਜਮਾਤ ਵਿੱਚ ਪੜ੍ਹਦਾ ਸਾਂ ਤੇ ਸਾਡੇ ਘਰਾਂ ਵਿੱਚ ਚਰਚਾ ਸ਼ੁਰੂ ਹੋ ਗਈ ਕਿ ਹਰਨਾਮ ਸਿੰਘ 34 ਸਾਲ ਪਿਛੋਂ ਪਿੰਡ ਪਰਤ

ਆਇਆ ਹੈ। ਉਹ ਰਵਾ ਰਵੀਂ ਸਾਡੇ ਦੂਜੇ ਬਾਬਿਆਂ ਦੇ ਘਰ ਚਲਾ ਗਿਆ। ਸ਼ਾਇਦ ਉਸਨੂੰ ਕੋਈ ਬਜ਼ੁਰਗ ਮਿਲ ਗਿਆ, ਜੋ ਉਸਨੂੰ ਆਪਣੇ ਘਰ ਲੈ ਗਿਆ। ਉਹ ਸੁਫੇ ਵਿੱਚ ਮੰਜੇ ਤੇ ਬੈਠਾ ਸੀ ਤੇ ਆਲੇ-ਦੁਆਲੇ ਦੇ ਇਸਤਰੀ-ਪੁਰਸ਼ ਉਥੇ ਇਕੱਠੇ ਹੋ ਗਏ। ਇਕ ਖੁਸ਼ੀ ਦੀ ਲਹਿਰ ਦੌੜ ਗਈ। ਸਾਰੇ ਉਸ ਤੋਂ ਕੁਝ ਪੁੱਛਣ ਲਈ ਕਾਹਲੇ ਸਨ। ਹਰਨਾਮ ਸਿੰਘ ਨੇ ਸਭ ਦਾ ਹਾਲ ਚਾਲ ਪੁੱਛਿਆ। ਆਪਣੀਆਂ ਚਾਚੀਆਂ ਤਾਈਆਂ ਬਜ਼ੁਰਗਾਂ ਤੇ ਹਾਣੀਆਂ ਦੇ ਬਾਰੇ ਪੁੱਛ-ਗਿੱਛ ਕੀਤੀ। ਉਸ ਦੀ ਇਕ ਵੱਡੀ ਭਰਜਾਈ ਰਾਜ ਕੌਰ ਨੇ ਜੋ ਆਸਾ ਸਿੰਘ ਦੀ ਪਤਨੀ ਸੀ, ਉਸ ਨੂੰ ਦੁੱਧ ਦਾ ਛੰਨਾ ਲਿਆ ਕੇ ਦਿੱਤਾ। ਦੁੱਧ ਪੀ ਕੇ ਉਸ ਨੂੰ ਉਸ ਦੇ ਤਾਏ ਦਾ ਪੁੱਤਰ ਹਜ਼ਾਰਾ ਸਿੰਘ ਆਪਣੇ ਘਰ ਲੈ ਗਿਆ। ਉਥੇ ਉਸ ਦੀ ਚਾਚੀ ਲਛਮਣ ਕੌਰ ਜੋ ਮੇਰੀ ਦਾਦੀ ਸੀ ਅਤੇ ਜਿਸ ਦਾ ਹਰਨਾਮ ਸਿੰਘ ਨਾਲ ਬੜਾ ਪਿਆਰ ਸੀ, ਨੱਠੀ-ਨੱਠੀ ਹਜ਼ਾਰਾ ਸਿੰਘ ਦੇ ਘਰ ਪਹੁੰਚ ਗਈ। ਹਰਨਾਮ ਸਿੰਘ ਨੇ ਚਾਚੀ ਨੂੰ ਇਕ ਦਮ ਪਛਾਣ ਲਿਆ ਤੇ ਉਸ ਨੂੰ ਘੁੱਟ ਕੇ ਜੱਫੀ ਪਾ ਲਈ। ਉਸ ਨੇ ਉਸ ਨੂੰ ਪਿਆਰ ਦਿੱਤਾ ਅਤੇ ਵਾਹਿਗੁਰੂ ਦਾ ਸ਼ੁਕਰ ਕੀਤਾ ਕਿ ਇੰਨੇ ਸਾਲਾਂ ਪਿਛੋਂ ਉਹ ਉਸ ਨੂੰ ਮਿਲਿਆ ਹੈ। ਇਕ ਅੱਧਾ ਦਿਨ ਪਿੰਡ ਠਹਿਰ ਕੇ ਉਹ ਅੰਮ੍ਰਿਤਸਰ ਚੱਲਾ ਗਿਆ ਅਤੇ ਪਾਰਟੀ ਦੇ ਦਫਤਰ ਜਾ ਕੇ ਆਪਣੇ ਸਾਥੀਆਂ ਨੂੰ ਮਿਲਿਆ।

ਗ਼ਦਰ ਪਾਰਟੀ ਦੇ ਬਜ਼ੁਰਗ ਬਾਬਿਆਂ ਵੱਲੋਂ ਇਕ ਦਫ਼ਤਰ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦਾ ਚਲਾਇਆ ਜਾ ਰਿਹਾ ਸੀ, ਜਿਸ ਦਾ ਮੁੱਖ ਦਫਤਰ ਅੰਮ੍ਰਿਤਸਰ ਵਿੱਚ ਸੀ। ਇਸ ਦੇ ਪ੍ਰਧਾਨ ਪੁਰਾਣੇ ਦੇਸ਼ ਭਗਤ ਸੰਤ ਬਾਬਾ ਵਿਸਾਖਾ ਸਿੰਘ ਦਦੇਰ ਸਨ ਤੇ ਬਾਬਾ ਸੋਹਣ ਸਿੰਘ ਭਕਨਾ ਦਾ ਵੀ ਉਹਨਾਂ ਨੂੰ ਨਿੱਘਾ ਸਹਿਯੋਗ ਪ੍ਰਾਪਤ ਸੀ। ਇਹ ਦਫ਼ਤਰ ਅੰਮ੍ਰਿਤਸਰ ਦੇ ਸ੍ਰੀ ਦਰਬਾਰ ਸਾਹਿਬ ਦੇ ਨੇੜ੍ਹੇ ਦੇ ਬਾਜ਼ਾਰ ਵਿੱਚ ਬ੍ਰਹਮ-ਬੂਟੇ ਅਖਾੜੇ ਦੇ ਨਾਲ ਉਸੇ ਬਾਹੀ ਨਾਲ ਲੱਗਦਾ ਸੀ। ਇਹ ਤਿੰਨ ਮੰਜਲਾ ਬਿਲਡਿੰਗ ਵਿੱਚ ਸੀ। ਉੱਥੇ ਪਹੁੰਚ ਕੇ ਹਰਨਾਮ ਸਿੰਘ ਜੋ ਹੁਣ ਬਾਬਾ ਹਰਨਾਮ ਸਿੰਘ ਕਰਕੇ ਜਾਣਿਆ ਜਾਂਦਾ ਸੀ, ਆਪਣੇ ਸਾਥੀਆਂ ਨੂੰ ਮਿਲਿਆ। ਉਸ ਦਾ ਪੁਰਾਣਾ ਸਾਥੀ ਬਾਬਾ ਕੇਸਰ ਸਿੰਘ ਠੱਠ ਗੜ੍ਹ ਇਸੇ ਦਫ਼ਤਰ ਵਿੱਚ ਹੀ ਪੱਕਾ ਨਿਵਾਸ ਰੱਖਦਾ ਸੀ। ਗ਼ਦਰ ਪਾਰਟੀ ਤੇ ਕਿਰਤੀ ਪਾਰਟੀ ਦੇ ਪੁਰਾਣੇ ਦੇਸ਼ ਭਗਤ ਸਾਥੀਆਂ ਦਾ ਇਸ ਦਫਤਰ ਵਿੱਚ ਤਾਲਮੇਲ ਰੱਖਿਆ ਜਾਂਦਾ ਸੀ।

ਹਰਨਾਮ ਸਿੰਘ ਵੀ ਜਦੋਂ ਅੰਮ੍ਰਿਤਸਰ ਪਹੁੰਚਿਆ ਤਾਂ ਪਹਿਲਾਂ ਇਸੇ ਦਫ਼ਤਰ ਵਿੱਚ ਹੀ ਪੁੱਜਾ ਸੀ। ਗ੍ਰਿਫਤਾਰੀ ਤੋਂ ਬਚਾਉਣ ਲਈ ਉਸ ਨੂੰ ਪਹਿਲਾਂ ਕਿਰਤੀ

ਪਾਰਟੀ ਨੇ ਮੇਰਠ ਸਿਆਸੀ ਕੰਮ ਕਰਨ ਲਈ ਭੇਜ ਦਿੱਤਾ। ਉਥੋਂ ਉਹ ਜੜ੍ਹਾਂ ਵਾਲੇ ਗਿਆ, ਜਿਥੇ ਪੁਲਿਸ ਨੇ ਉਸ ਨੂੰ ਗ੍ਰਿਫਤਾਰ ਕਰਕੇ ਲਾਹੌਰ ਦੇ ਕਿਲੇ ਵਿੱਚ ਪੁੱਛ-ਗਿੱਛ ਲਈ ਨਜ਼ਰਬੰਦ ਕਰ ਦਿੱਤਾ। ਇਕ ਮਹੀਨਾ ਪੁੱਛ ਪੜਤਾਲ ਚਲਦੀ ਰਹੀ। ਸੀ.ਆਈ.ਡੀ. ਦੇ ਅਫਸਰ ਉਸ ਨੂੰ ਇਹ ਪੁੱਛ ਰਹੇ ਸਨ ਕਿ ਕੀ ਤੇਰਾ ਨਾਮ ਪ੍ਰੀਤਮ ਸਿੰਘ ਹੈ ਤੇ ਤੂੰ ਰੂਸ ਤੋਂ ਭੇਜਿਆ ਗਿਆ ਹੈ। ਪਰ ਹਰਨਾਮ ਸਿੰਘ ਕਹਿੰਦਾ ਕਿ "ਮੈਂ ਅਮਰੀਕਾ ਤੋਂ ਆਇਆ ਹਾਂ ਤੇ ਮੇਰਾ ਨਾਮ ਹਰਨਾਮ ਸਿੰਘ ਹੈ।" ਇਸੇ ਆਧਾਰ ਤੇ ਕਿ ਉਹ ਪ੍ਰੀਤਮ ਸਿੰਘ ਨਹੀਂ, ਹਰਨਾਮ ਸਿੰਘ ਹੈ। ਉਸ ਨੂੰ ਛੱਡ ਦਿੱਤਾ ਗਿਆ। ਪਰ ਉਹ ਤਾਂ ਆਜ਼ਾਦੀ ਦਾ ਘੁਲਾਟੀਆ ਸੀ ਤੇ ਹਿੰਦੁਸਤਾਨ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦ ਕਰਾਉਣ ਲਈ ਵਾਪਸ ਦੇਸ਼ ਆਇਆ ਸੀ। ਇੱਥੇ ਆ ਕੇ ਵੀ ਉਸ ਨੇ ਰਾਜਸੀ ਸਰਗਰਮੀਆਂ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ।

27

ਸਰਬ ਹਿੰਦ ਕਿਸਾਨ ਸਭਾ

ਕਾਂਗਰਸ ਦੇ ਲਖਨਊ ਸਮਾਗਮ ਵਿੱਚ 11 ਅਪ੍ਰੈਲ 1936 ਨੂੰ ਸਰਬ ਹਿੰਦ ਕਿਸਾਨ ਸਭਾ ਹੋਂਦ ਵਿੱਚ ਆਈ ਅਤੇ ਸੂਬਾ ਪੱਧਰ ਦੀਆਂ ਕਿਸਾਨ ਸਭਾਵਾਂ ਜਥੇਬੰਦ ਕਰਨ ਦਾ ਫੈਸਲਾ ਕੀਤਾ ਗਿਆ। ਖੇਤੀ ਪ੍ਰਧਾਨ ਸੂਬਾ ਹੋਣ ਕਾਰਨ ਪੰਜਾਬ ਦੀ ਅੱਧੀ ਤੋਂ ਵੀ ਵਧੇਰੇ ਵਸੋਂ ਕਿਸਾਨੀ ਕਿੱਤੇ ਉੱਤੇ ਹੀ ਨਿਰਭਰ ਕਰ ਰਹੀ ਸੀ।

ਬਰੈਡਲਾ ਹਾਲ ਲਾਹੌਰ ਵਿੱਚ 13 ਜ਼ਿਲ੍ਹਿਆਂ ਦੇ ਕਿਸਾਨ ਪ੍ਰਤੀਨਿਧਾਂ ਨੇ 7 ਮਾਰਚ, 1937 ਨੂੰ ਪੰਜਾਬ ਕਿਸਾਨ ਸਭਾ ਕਾਇਮ ਕੀਤੀ, ਜਿਸ ਦੇ ਮੁੱਖ ਅਹੁੱਦੇਦਾਰ ਬਾਬਾ ਜਵਾਲਾ ਸਿੰਘ ਪ੍ਰਧਾਨ, ਬੀ.ਪੀ.ਐਲ. ਬੇਦੀ ਮੁੱਖ ਸਕੱਤਰ, ਕਰਤਾਰ ਸਿੰਘ ਗਿੱਲ ਜਨਰਲ ਸਕੱਤਰ ਅਤੇ ਉਜਾਗਰ ਸਿੰਘ ਬਿਲਗਾ ਜਥੇਬੰਦਕ ਸਕੱਤਰ ਚੁਣੇ ਗਏ। ਕਿਸਾਨ ਸਭਾ ਦੇ ਪ੍ਰਧਾਨ ਬਾਬਾ ਜਵਾਲਾ ਸਿੰਘ 9 ਮਈ, 1938 ਨੂੰ ਹਾਦਸੇ ਦਾ ਸ਼ਿਕਾਰ ਹੋ ਕੇ ਅਕਾਲ ਚਲਾਣਾ ਕਰ ਗਏ। ਬਾਬਾ ਜਵਾਲਾ ਸਿੰਘ ਗ਼ਦਰ ਪਾਰਟੀ ਦੇ ਮੋਢੀ ਆਗੂਆਂ ਵਿੱਚੋਂ ਸਨ। ਉਹਨਾਂ ਨੂੰ ਅਮਰੀਕਾ ਵਿੱਚ ਆਲੂਆਂ ਦਾ ਬਾਦਸ਼ਾਹ (Potato King) ਕਰਕੇ ਜਾਣਿਆ ਜਾਂਦਾ ਸੀ। ਗ਼ਦਰ ਪਾਰਟੀ ਨੂੰ ਕਾਇਮ ਕਰਨ ਵਿੱਚ ਪੰਜਾਬ ਦੇ ਸਿੱਖ ਕਿਸਾਨਾਂ ਜੋ ਰੋਜ਼ਗਾਰ ਦੀ ਭਾਲ ਵਿੱਚ

ਅਮਰੀਕਾ ਚਲੇ ਗਏ ਸਨ, ਦਾ ਵੱਡਾ ਹੱਥ ਸੀ। ਗ਼ਦਰ ਪਾਰਟੀ ਦੇ ਪਹਿਲੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਊਧਮ ਸਿੰਘ ਕਸੇਲ, ਵਸਾਖਾ ਸਿੰਘ ਦਦੇਰ, ਕੇਸਰ ਸਿੰਘ ਠੱਠ ਗੜ, ਜਵਾਲਾ ਸਿੰਘ ਠਠੀਆਂ, ਗੁਰਚਰਨ ਸਿੰਘ ਸੁਰਸਿੰਗ ਤੇ ਪ੍ਰੀਤਮ ਸਿੰਘ (ਹਰਨਾਮ ਸਿੰਘ ਕਸੇਲ) ਅੰਮ੍ਰਿਤਸਰ ਜ਼ਿਲ੍ਹੇ ਦੇ ਸਿੱਖ ਜੱਟ ਪਰਿਵਾਰਾਂ ਵਿੱਚੋਂ ਸਨ। ਇਨ੍ਹਾਂ ਸਭ ਨੇ ਹਿੰਦੁਸਤਾਨ ਦੀ ਆਜ਼ਾਦੀ ਦੇ ਘੋਲ ਵਿੱਚ ਵੱਡੀ ਭੂਮਿਕਾ ਨੂੰ ਨਿਭਾਇਆ ਹੈ ਅਤੇ ਵੱਡੀਆਂ ਕੁਰਬਾਨੀਆਂ ਦਿੱਤੀਆਂ ਹਨ।

ਪੰਜਾਬ ਕਿਸਾਨ ਸਭਾ ਨੇ ਕਿਸਾਨਾਂ ਦੀਆਂ ਮੰਗਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ ਅਤੇ ਪੰਜਾਬ ਕਿਸਾਨ ਸਭਾ ਵੱਲੋਂ ਕਿਸਾਨ ਮੰਗਾਂ ਦੀ ਪ੍ਰਾਪਤੀ ਲਈ ਕਈ ਮੋਰਚੇ ਲਗਾਏ।

28

ਅੰਮ੍ਰਿਤਸਰ ਦਾ ਕਿਸਾਨ ਮੋਰਚਾ

ਅੰਮ੍ਰਿਤਸਰ ਵਿੱਚ ਦਫਾ 144 ਲਾਗੂ ਕੀਤੀ ਗਈ, ਕਿਸਾਨ ਐਕਸ਼ਨ ਕਮੇਟੀ ਵੱਲੋਂ ਫੈਸਲਾ ਕੀਤਾ ਗਿਆ ਕਿ ਦਫਾ 144 ਤੋੜ ਕੇ ਡਿਪਟੀ ਕਮਿਸ਼ਨਰ ਨੂੰ ਕਿਸਾਨਾਂ ਦੀਆਂ ਮੰਗਾਂ ਬਾਰੇ ਯਾਦ-ਪੱਤਰ ਦਿੱਤਾ ਜਾਵੇ। ਬਾਬਾ ਹਰਨਾਮ ਸਿੰਘ ਕਸੇਲ, ਜਥੇਦਾਰ ਊਧਮ ਸਿੰਘ ਨਾਗੋਕੇ ਦੀ ਪ੍ਰਧਾਨਗੀ ਹੇਠ ਜਲਿਆਂਵਾਲਾ ਬਾਗ ਵਿੱਚੋਂ ਵਿਸਾਖੀ ਵਾਲੇ ਦਿਨ ਇਕ ਸ਼ਾਨਦਾਰ ਜਲੂਸ ਉਚੇ ਪੁੱਲ ਤੱਕ ਆ ਰਿਹਾ ਸੀ। ਜਦੋਂ ਇਹ ਜਲੂਸ ਉੱਚੇ ਪੁੱਲ ਤੇ ਪਹੁੰਚਿਆ ਤਾਂ ਉਨ੍ਹਾਂ ਉਪਰ ਅੰਨ੍ਹਾ ਲਾਠੀ ਚਾਰਜ ਕੀਤਾ ਗਿਆ। 300 ਤੋਂ ਉਪਰ ਕਿਸਾਨ ਜ਼ਖ਼ਮੀ ਹੋਏ। ਬਾਬਾ ਸੋਹਨ ਸਿੰਘ ਭਕਨਾ, ਦਰਸ਼ਨ ਸਿੰਘ ਫੇਰੂਮਾਨ, ਫੌਜ਼ਾ ਸਿੰਘ ਭੁੱਲਰ, ਰਾਮ ਸਿੰਘ ਮਜੀਠਾ, ਜਸਵੰਤ ਸਿੰਘ ਕੈਰੋਂ, ਗਹਿਲ ਸਿੰਘ ਛਜਲਵੱਢੀ, ਹਰਨਾਮ ਸਿੰਘ ਕਸੇਲ, ਦਇਆ ਸਿੰਘ, ਗੋਪਾਲ ਸਿੰਘ ਤੇ ਰਤਨ ਸਿੰਘ ਕਿਸਾਨ ਆਗੂਆਂ ਸਮੇਤ 145 ਕਿਸਾਨ ਗ੍ਰਿਫਤਾਰ ਕੀਤੇ ਗਏ।

ਹਰ ਰੋਜ਼ 25 ਕਿਸਾਨਾਂ ਦਾ ਜਥਾ ਕਈ ਦਿਨਾਂ ਤੱਕ ਗ੍ਰਿਫਤਾਰੀਆਂ ਦਿੰਦਾ ਰਿਹਾ। ਅਖੀਰ 9 ਅਗਸਤ 1938 ਨੂੰ ਸਰਕਾਰੀ ਅਧਿਕਾਰੀਆਂ ਵੱਲੋਂ ਇਹ ਵਿਸ਼ਵਾਸ ਦਿਵਾਉਣ ਤੇ ਕਿ ਜ਼ਮੀਨੀ ਮਾਮਲੇ ਵਿੱਚ ਕੋਈ ਵਾਧਾ ਨਹੀਂ ਹੋਵੇਗਾ, ਇਹ ਮੋਰਚਾ ਕਾਮਯਾਬੀ ਨਾਲ ਸਮਾਪਤ ਹੋਇਆ।

ਬਾਬਾ ਹਰਨਾਮ ਸਿੰਘ ਕਸੇਲ ਨੂੰ ਇਕ ਸਾਲ ਲਈ ਪਿੰਡ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ ਤੇ ਇਕ ਸੀ.ਆਈ.ਡੀ. ਦਾ ਸਿਪਾਹੀ ਉਨ੍ਹਾਂ ਦੀ ਨਿਗਰਾਨੀ ਲਈ ਲਗਾਇਆ ਗਿਆ। ਬਾਬਾ ਹਰਨਾਮ ਸਿੰਘ ਆਪਣੀ ਪੱਤੀ ਸਰਮਾਰਾਂ ਦੇ ਗੁਰਦੁਆਰੇ ਦੀ ਡਿਉਢੀ ਵਿੱਚ ਮੰਜੇ ਤੇ ਬੈਠੇ ਸਨ ਕਿ ਇਕ ਸੀ.ਆਈ.ਡੀ. ਦੇ ਇੰਸਪੈਕਟਰ ਨੇ ਆ ਕੇ ਸਰਕਾਰੀ ਹੁਕਮਾਂ ਦੀ ਇਕ ਕਾਪੀ ਉੱਤੇ ਦਸਤਖ਼ਤ ਕਰਵਾਏ। ਇਸ ਹੁਕਮ ਵਿੱਚ ਬਾਬਾ ਜੀ ਨੂੰ ਇਕ ਸਾਲ ਲਈ ਪਿੰਡ ਕਸੇਲ ਵਿੱਚ ਹਦੂਦ ਬੰਦ ਕਰ ਦਿੱਤਾ ਗਿਆ ਸੀ ਤੇ ਇਕ ਪੁਲਿਸ ਦਾ ਸਿਪਾਹੀ ਉਨ੍ਹਾਂ ਦੀ ਨਿਗਰਾਨੀ ਲਈ ਲਗਾਇਆ ਗਿਆ ਤਾਂ ਜੋ ਉਹ ਕਿਸੇ ਵੀ ਰਾਜਸੀ ਕੰਮ ਵਿੱਚ ਹਿੱਸਾ ਨਾ ਲੈ ਸਕਣ। ਪਰ ਗ਼ਦਰੀ ਬਾਬਿਆਂ ਦਾ ਜੋਸ਼ ਤੇ ਆਜ਼ਾਦੀ ਲਈ ਤੜਪ ਕਦੋਂ ਮੱਠੀ ਪੈਣ ਵਾਲੀ ਸੀ। ਜਦੋਂ ਸੀ.ਆਈ.ਡੀ. ਇੰਸਪੈਕਟਰ ਉਨ੍ਹਾਂ ਨੂੰ ਨਜ਼ਰਬੰਦੀ ਦੇ ਹੁਕਮ ਨੂੰ ਸੁਣਾਉਣ ਆਇਆ ਤਾਂ ਉਸ ਵੇਲੇ ਵੀ ਉਹ ਉਰਦੂ ਦਾ ਰਸਾਲਾ "ਚਿੰਗਾਰੀ" ਪੜ੍ਹ ਰਹੇ ਸਨ। ਇਹ "ਚਿੰਗਾਰੀ" ਨਾਂ ਦਾ ਰਸਾਲਾ ਰੂਸ ਵਿਚੋਂ ਆਏ ਕਿਰਤੀ ਪਾਰਟੀ ਦੇ ਰਾਜਸੀ ਆਗੂਆਂ ਵੱਲੋਂ ਛਾਪਿਆ ਜਾਂਦਾ ਸੀ। ਇਸ ਦਾ ਨਾਮ ਚਿੰਗਾਰੀ ਵੀ ਸੋਵੀਅਤ ਰੂਸ ਦੇ ਇਕ ਰੂਸੀ ਪਤ੍ਰਿਕਾ "ਇਸਕਰਾ" ਦੇ ਨਾਂ 'ਤੇ ਰੱਖਿਆ ਗਿਆ ਸੀ, ਜਿਸ ਦੇ ਅਰਥ ਰੂਸੀ ਭਾਸ਼ਾ ਵਿੱਚ ਚਿੰਗਾਰੀ ਜਾਂ Spark ਦੇ ਹਨ। ਇਨ੍ਹਾਂ ਦਿਨਾਂ ਵਿੱਚ ਕਿਰਤੀ ਪਾਰਟੀ ਰਾਜਸੀ ਤੌਰ ਤੇ ਬੜੀ ਸਰਗਰਮ ਸੀ। ਇਸ ਜਥੇਬੰਦੀ ਵੱਲੋਂ ਇਕ ਹਫ਼ਤਾਵਾਰ ਪੱਤਰ "ਕਿਰਤੀ" ਚਲਾਇਆ ਜਾਂਦਾ ਸੀ ਅਤੇ ਇਕ ਹੋਰ ਗੁਪਤ ਪੱਤਰ "ਲਾਲ ਝੰਡਾ" ਅਤੇ "ਲਾਲ ਢੰਢੋਰਾ" ਵੀ ਮਾਹਵਾਰ ਛਾਪਿਆ ਜਾਂਦਾ ਸੀ, ਜੋ ਕਿਰਤੀ ਪਾਰਟੀ ਦੇ ਵਰਕਰਾਂ ਤੱਕ ਪਹੁੰਚਦਾ ਸੀ।

ਪਰ ਗ਼ਦਰੀ ਬਾਬਿਆਂ ਨੂੰ ਕਿੱਥੇ ਚੈਨ ਪੈਂਦਾ ਸੀ। ਬਾਬਾ ਹਰਨਾਮ ਸਿੰਘ ਰਾਤ-ਬਰਾਤੇ ਚੋਰੀ ਜਾ ਕੇ ਬਾਬਾ ਸੋਹਨ ਸਿੰਘ ਭਕਨਾ ਅਤੇ ਸਾਥੀ ਕਰਤਾਰ ਸਿੰਘ ਗਿੱਲ ਬਾਸਰਕੀ ਨੂੰ ਮਿਲ ਆਉਂਦੇ ਸਨ। ਇਹ ਦੋਵੇਂ ਪਿੰਡ ਕਸੇਲ ਤੋਂ ਦੋ-ਤਿੰਨ ਮੀਲ ਦੀ ਦੂਰੀ ਤੇ ਹੀ ਹਨ। ਬਾਬਾ ਹਰਨਾਮ ਸਿੰਘ ਨੂੰ ਪੜ੍ਹਨ-ਪੜ੍ਹਾਉਣ ਦਾ ਵੀ ਸ਼ੌਂਕ ਸੀ। ਪੱਤੀ ਦੇ ਗੁਰਦੁਆਰੇ ਵਿੱਚ ਬਲੈਕ ਬੋਰਡ ਮੰਗਵਾ ਕੇ ਲੜਕੀਆਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਪੰਜ-ਦਸ ਲੜਕੀਆਂ ਆ ਕੇ ਪੜ੍ਹਨ ਲੱਗ ਪਈਆਂ। ਉਨ੍ਹਾਂ ਦਿਨਾਂ ਵਿੱਚ ਪਿੰਡ ਵਿੱਚ ਲੜਕੀਆਂ ਦੀ ਪੜ੍ਹਾਈ ਦਾ ਕੋਈ ਪ੍ਰਬੰਧ ਨਹੀਂ ਸੀ ਹੁੰਦਾ।

29

ਲਾਹੌਰ ਦਾ ਕਿਸਾਨ ਮੋਰਚਾ

ਜ਼ਿਲ੍ਹਾ ਲਾਹੌਰ ਦੇ ਕਿਸਾਨਾਂ ਵੱਲੋਂ ਇਹ ਮੋਰਚਾ ਜ਼ਮੀਨ ਦੇ ਨਵੇਂ ਬੰਦੋਬਸਤ ਨੂੰ ਅੱਗੇ ਪਾਉਣ ਲਈ ਲਗਾਇਆ ਗਿਆ ਸੀ।* 23 ਮਾਰਚ 1939 ਨੂੰ 144 ਦਫਾ ਤੋੜ ਕੇ ਸਾਥੀ ਜੋਗਰਾਜ ਦੀ ਅਗਵਾਈ ਵਿੱਚ 374 ਕਿਸਾਨਾਂ ਨੇ ਗ੍ਰਿਫਤਾਰੀਆਂ ਦਿੱਤੀਆਂ। ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਜਥੇ ਪੈਦਲ ਮਾਰਚ ਕਰਦੇ ਹੋਏ ਇਸ ਮੋਰਚੇ ਵਿੱਚ ਗ੍ਰਿਫਤਾਰੀਆਂ ਦਿੰਦੇ ਰਹੇ।

ਕਿਸਾਨਾਂ ਦੇ ਕਈ ਜਥੇ ਪਿੰਡ ਕਸੇਲ ਵਿੱਚ ਲਾਹੌਰ ਮੋਰਚੇ ਲਈ ਜਾਂਦੇ ਹੋਏ ਰਾਤ ਦੇ ਬਿਸਰਾਮ ਲਈ ਠਹਿਰਦੇ ਰਹੇ। ਪਿੰਡ ਦੇ ਲੋਕ ਬੜੇ ਉਤਸ਼ਾਹ ਨਾਲ ਉਨ੍ਹਾਂ ਦੀ ਸੇਵਾ ਕਰਦੇ ਸਨ। ਰਾਤ ਨੂੰ ਪਿੰਡ ਵਿੱਚ ਕਿਸਾਨਾਂ ਦਾ ਜਲਸਾ ਵੀ ਹੋ ਜਾਂਦਾ ਸੀ। ਜਿਥੇ ਇਨਕਲਾਬੀ ਕਵਿਤਾਵਾਂ ਪੜ੍ਹੀਆਂ ਜਾਂਦੀਆਂ ਸਨ ਅਤੇ ਕੁਝ ਤਕਰੀਰਾਂ ਵੀ ਕੀਤੀਆਂ ਜਾਂਦੀਆਂ ਸਨ। ਮੁੱਖ ਨਾਰ੍ਹੇ ਜਿਹੜੇ ਇਨ੍ਹਾਂ ਜਲਸਿਆਂ ਵਿੱਚ ਲਗਾਏ ਜ਼ਾਂਦੇ, ਉਹ ਸਨ : "ਇਨਕਲਾਬ ਜਿੰਦਾਬਾਦ", "ਪੰਜਾਬ ਕਿਸਾਨ ਸਭਾ ਜਿੰਦਾਬਾਦ", "ਕਿਸਾਨ ਨਾਰ੍ਹਾ - ਹੈ ਨਹੀਂ ਹਾਲਾ", "ਦੁਖੀ ਪਰਜਾ - ਹੈ ਨਹੀਂ ਕਰਜ਼ਾ", ਆਦਿ। ਪਿੰਡ ਵਿਚੋਂ ਵੀ ਇਕ ਜਥਾ ਲਾਹੌਰ ਮੋਰਚੇ ਵਿੱਚ ਸ਼ਾਮਲ ਹੋਣ ਲਈ ਪਿੰਡ ਤੋਂ ਰਵਾਨਾ ਹੋਇਆ, ਜਿਸ ਵਿੱਚ ਬਾਬਾ ਹਰਨਾਮ ਸਿੰਘ ਦੀਆਂ ਪੜ੍ਹਾਈਆਂ ਹੋਈਆਂ ਕੁਝ ਬੀਬੀਆਂ ਵੀ ਸ਼ਾਮਲ ਸਨ। ਜਿਨ੍ਹਾਂ ਦੇ ਨਾਮ : ਬੀਬੀ ਪ੍ਰਸਿਨ ਕੌਰ, ਬੀਬੀ ਦੀਪ ਕੌਰ, ਬੀਬੀ ਜੀਤ ਕੌਰ ਅਤੇ ਦੋ ਮਾਈਆਂ ਮਾਤਾ ਰਾਜ ਕੌਰ ਤੇ ਮਾਤਾ ਗੁੱਜਰ ਕੌਰ ਸਨ। ਇਨ੍ਹਾਂ ਬੀਬੀਆਂ ਨੇ ਗ੍ਰਿਫਤਾਰੀ ਤੋਂ ਬਚਦਿਆਂ ਹੋਇਆਂ ਲਾਹੌਰ ਅਸੈਂਬਲੀ ਦੇ ਨੇੜੇ ਜਾ ਕੇ ਗ੍ਰਿਫਤਾਰੀਆਂ ਦਿੱਤੀਆਂ।

ਇਸ ਮੋਰਚੇ ਦੇ ਆਗੂ ਜੋਗਰਾਜ ਤੇ ਟਹਿਲ ਸਿੰਘ ਭੰਗਾਲੀ ਸਨ ਅਤੇ ਬਹੁਤ ਸਾਰੇ ਕਿਸਾਨ ਆਗੂ ਬਾਬਾ ਸੋਹਣ ਸਿੰਘ ਭਕਨਾ, ਚੈਨ ਸਿੰਘ ਚੈਨ, ਚੰਨਣ ਸਿੰਘ ਧੂਤ, ਚੰਨਣ ਸਿੰਘ ਤੁਗਲਵਾਲਾ ਤੇਜਾ ਸਿੰਘ ਚੂਹੜਕਾਨਾ, ਰਾਮ ਸਿੰਘ ਮਜੀਠਾ ਅਤੇ ਹੋਰ ਕਈ ਪੂਰੀਆਂ ਸਜ਼ਾਵਾਂ ਭੁਗਤ ਕੇ ਹੀ ਰਿਹਾ ਹੋਏ। ਇਨ੍ਹਾਂ ਵਿੱਚੋਂ ਲਾਹੌਰ ਕਿਸਾਨ ਮੋਰਚੇ ਵਿੱਚ ਗ੍ਰਿਫਤਾਰ ਹੋਣ ਵਾਲੇ ਪਿੰਡ ਕਸੇਲ ਦੇ ਜਥੇ ਵਿੱਚ ਸ਼ਾਮਲ ਸਨ ਸਰਵਸ਼੍ਰੀ ਕਰਤਾਰ ਸਿੰਘ, ਰੂੜ ਸਿੰਘ, ਰਾਮ ਸਿੰਘ, ਸ਼ੇਰ ਖਾਂ ਮਹਿੰਦਰ ਸਿੰਘ ਤੇ ਧਿਆਨ ਸਿੰਘ।

* ਤਵਾਰੀਖ ਸੰਤ ਖਾਲਸਾ, ਭਾਗ II, ਪੰਨਾ 141

ਪਿੰਡ ਵਿੱਚ ਨਜ਼ਰਬੰਦ ਹੋਣ ਕਰਕੇ ਬਾਬਾ ਹਰਨਾਮ ਸਿੰਘ ਭਾਵੇਂ ਇਸ ਮੋਰਚੇ ਵਿੱਚ ਸ਼ਾਮਲ ਨਾ ਹੋ ਸਕੇ, ਪਰ ਇਕ ਸਾਲ ਦੀ ਪਿੰਡ ਦੀ ਹਦੂਦਬੰਦੀ ਦੇ ਮੁਕਦਿਆਂ ਹੋਇਆਂ ਹੀ ਬਾਬਾ ਹਰਨਾਮ ਸਿੰਘ ਫਿਰ ਰਾਜਸੀ ਕਾਰਵਾਈਆਂ ਵਿੱਚ ਸਰਗਰਮ ਹੋ ਗਏ।

ਸ਼ੇਖੂਪੁਰੇ ਜ਼ਿਲ੍ਹੇ ਦੇ ਉਸੇ ਪਿੰਡ ਵਿੱਚ ਮੁੜ ਕੇ ਦੁਬਾਰਾ ਪਹੁੰਚ ਗਿਆ। ਜਿਥੇ ਉਹ ਪਹਿਲਾਂ ਗੁਪਤ ਵਾਸ ਸਮੇਂ ਰਿਹਾ ਸੀ। ਸ਼ੇਖੂਪੁਰੇ ਦੀ ਇਕ ਕਿਸਾਨ ਕਾਨਫਰੰਸ ਵਿੱਚ ਜੋਸ਼ੀਲੀ ਤਕਰੀਰ ਦੇਣ ਕਾਰਨ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਨੌਂ ਮਹੀਨੇ ਦੀ ਕੈਦ ਹੋਈ।

ਇਸ ਦੌਰਾਨ 9 ਸਤੰਬਰ 1939 ਵਿੱਚ ਦੂਜੇ ਮਹਾਂਯੁੱਧ ਦੇ ਆਰੰਭ ਹੋ ਜਾਣ ਨਾਲ ਭਾਰਤ ਦੀ ਅੰਗਰੇਜ਼ੀ ਸਰਕਾਰ ਨੇ ਵੱਡੀ ਗਿਣਤੀ ਵਿੱਚ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਉਨ੍ਹਾਂ ਆਗੂਆਂ ਨੂੰ ਵੱਖ-ਵੱਖ ਜੇਲ੍ਹਾਂ ਵਿੱਚ ਨਜ਼ਰਬੰਦ ਕਰ ਦਿੱਤਾ, ਜੋ ਹਿੰਦ ਸਰਕਾਰ ਵੱਲੋਂ ਭਾਰਤ ਨੂੰ ਯੁੱਧ ਦੀ ਭੱਠੀ ਵਿੱਚ ਜ਼ੋਰ ਧੰਗਾਣੇ ਸ਼ਾਮਲ ਕਰ ਲੈਣ ਦਾ ਵਿਰੋਧ ਕਰ ਰਹੇ ਸਨ। ਬਾਬਾ ਹਰਨਾਮ ਸਿੰਘ ਨੂੰ ਵੀ ਇਨ੍ਹਾਂ ਰਾਜਸੀ ਕੈਦੀਆਂ ਵਿੱਚ ਕਾਫ਼ੀ ਸਮਾਂ ਦਿਉਲੀ ਦੀ ਕੈਂਪ ਜੇਲ੍ਹ ਵਿੱਚ ਰੱਖਿਆ ਗਿਆ, ਜਿਥੇ ਕਈ ਸੂਬਿਆਂ ਦੇ ਰਾਜਸੀ ਵਰਕਰ ਨਜ਼ਰਬੰਦ ਕੀਤੇ ਗਏ ਸਨ। ਫਿਰ ਕੁਝ ਸਮਾਂ ਮੁਜ਼ਫਰਨਗਰ ਅਤੇ ਸਪੈਸ਼ਲ ਜੇਲ੍ਹ ਗੁਜਰਾਤ ਵਿੱਚ ਬਤੌਰ ਸਿਆਸੀ ਕੈਦੀ ਰੱਖਿਆ ਗਿਆ, ਜਿਥੋਂ ਉਨ੍ਹਾਂ ਨੂੰ 1944 ਦੇ ਅਖੀਰ ਵਿੱਚ ਰਿਹਾਅ ਕੀਤਾ ਗਿਆ।

ਉਦੋਂ ਤੱਕ ਮੈਂ ਖਾਲਸਾ ਹਾਈ ਸਕੂਲ ਸਿਰਹਾਲੀ ਤੋਂ ਮੈਟ੍ਰਿਕ ਪਾਸ ਕਰਕੇ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਕਾਲਜ ਦੇ ਪਹਿਲੇ ਸਾਲ ਵਿੱਚ ਦਾਖਲ ਹੋ ਗਿਆ ਸਾਂ। ਜਦੋਂ ਬਾਬਾ ਹਰਨਾਮ ਸਿੰਘ ਰਿਹਾਅ ਹੋ ਕੇ ਪਿੰਡ ਕਸੇਲ਼ ਪਹੁੰਚੇ ਤਾਂ ਬਸ ਅੱਡੇ ਤੋਂ ਉਹਨਾਂ ਨੂੰ ਜਲੂਸ ਵਿੱਚ ਘਰ ਲਿਆਂਦਾ ਗਿਆ। ਉਨ੍ਹਾਂ ਦਿਨਾਂ ਵਿੱਚ ਮੈਂ ਖਾਲਸਾ ਕਾਲਜ ਵਿੱਚ ਪੜ੍ਹ ਰਿਹਾ ਸਾਂ ਅਤੇ ਰਾਜਸੀ ਕਾਰਵਾਈਆਂ ਵਿੱਚ ਵੀ ਸ਼ਾਮਲ ਹੁੰਦਾ ਰਿਹਾ ਸਾਂ। ਭਾਰਤ ਦੀ ਆਜ਼ਾਦੀ ਦਾ ਸੰਗਰਾਮ ਤਿੱਖਾ ਹੋ ਰਿਹਾ ਸੀ। ਵਿਦਿਆਰਥੀ ਲਹਿਰਾਂ ਵੀ ਸਰਗਰਮ ਸਨ। ਮੈਂ ਬਾਬਾ ਜੀ ਨੂੰ ਆਪਣੇ ਘਰ ਲੈ ਗਿਆ ਅਤੇ ਫੇਰ ਉਹ ਉਮਰ ਭਰ ਸਾਡੇ ਪਰਿਵਾਰ ਨਾਲ ਹੀ ਰਹੇ।

30

ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦੇ ਸਕੱਤਰ

ਕੁਝ ਚਿਰ ਪਿੰਡ ਰਹਿ ਕੇ ਬਾਬਾ ਹਰਨਾਮ ਜੀ ਨੂੰ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦੇ ਦਫਤਰ ਵਿੱਚ ਸਕੱਤਰ ਦੇ ਤੌਰ ਤੇ ਕਾਰਜ ਨੂੰ ਨਿਭਾਉਣਾ ਪਇਆ। ਮੈਨੂੰ ਵੀ ਰੋਜ਼ ਕਾਲਜ ਆਉਣ ਜਾਣ ਦੀ ਖੇਚਲ ਤੋਂ ਸੁੱਖ ਦਾ ਸਾਹ ਆਇਆ ਤੇ ਮੈਂ ਵੀ ਕੁਝ ਮਹੀਨਿਆਂ ਲਈ ਬਾਬਾ ਜੀ ਦੇ ਕੋਲ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦੇ ਦਫਤਰ ਵਿੱਚ ਹੀ ਰਹਿਣ ਲੱਗ ਪਿਆ। ਕਈ ਵਾਰ ਸ਼ਨੀਚਰਵਾਰ ਤੇ ਐਤਵਾਰ ਨੂੰ ਅਸੀਂ ਦੋਵੇਂ ਪਿੰਡ ਆ ਜਾਂਦੇ। ਦੇਸ਼ ਭਗਤ ਦਫਤਰ ਵਿੱਚ ਪੁਰਾਣੇ ਸਵਤੰਤਰਤਾ ਦੇ ਘੁਲਾਟੀਆਂ ਤੇ ਸਵਤੰਤਰਤਾ ਸੰਗਰਾਮੀਆਂ ਦੀ ਆਵਾਜਾਈ ਲੱਗੀ ਹੀ ਰਹਿੰਦੀ ਸੀ।

ਇਸ ਦਫਤਰ ਦੇ ਨਾਲ ਹੀ ਇਕ ਮਕਾਨ ਛੱਡ ਕੇ ਕਿਸਾਨ ਸਭਾ ਦਾ ਦਫਤਰ ਸੀ ਅਤੇ ਦੋਹਾਂ ਦਫਤਰਾਂ ਦਾ ਇਕ ਦੂਜੇ ਨਾਲ ਗੂੜਾ ਤਾਲਮੇਲ ਸੀ। ਦਫਤਰ ਦੇ ਇਕ ਕਮਰੇ ਵਿੱਚ ਦੂਜੀ ਛੱਤ ਉੱਤੇ ਬਾਬਾ ਕੇਸਰ ਸਿੰਘ ਠੱਠਗੜ ਇਕ ਛੋਟੇ ਕਮਰੇ ਵਿੱਚ ਰਹਿੰਦੇ ਸਨ। ਉੱਚਾ-ਲੰਮਾ ਛੇ ਫੁੱਟ ਕੱਦ, ਸਿੱਧਾ ਸੁਡੋਲ ਸਰੀਰ ਤੇ ਲੰਮਾ ਦਾਹੜਾ। ਜਦੋਂ ਦਾਹੜੀ ਦਾ ਪ੍ਰਕਾਸ਼ ਕਰਦੇ ਤਾਂ ਦਾਹੜੀ ਧੁੰਨੀ ਤੋਂ ਵੀ ਹੇਠਾਂ ਤੱਕ ਸ਼ੋਭਾ ਦਿੰਦੀ। ਚਿੱਟਾ ਦਸਤਾਰਾ ਬਰੀਕ ਖੱਦਰ ਦਾ ਬੰਨਦੇ ਤੇ ਪਿੱਛੇ ਪੱਲਾ ਲਟਕਾ ਲੈਂਦੇ। ਹੱਥ ਵਿੱਚ ਤਿੰਨ ਸਾਢੇ ਤਿੰਨ ਫੁੱਟ ਦਾ ਲੋਹੇ ਦੇ ਸੰਮ ਵਾਲਾ ਸੋਟਾ ਰੱਖਦੇ ਅਤੇ ਰੋਜ਼ ਅਖਬਾਰ ਜੋ ਉਰਦੂ ਅੱਖਰਾਂ ਵਿੱਚ ਹੁੰਦੇ ਸਨ "ਵੀਰ ਭਾਰਤ" ਜਾਂ "ਮਿਲਾਪ" ਪੜ੍ਹਦੇ ਰਹਿੰਦੇ। ਸ਼ਾਮ ਨੂੰ ਲੰਮੀ ਸੈਰ ਕਰਦੇ ਕਰਦੇ ਕੰਪਨੀ ਬਾਗ ਤੱਕ ਚੱਲੇ ਜਾਂਦੇ। ਬਹੁਤ ਵਾਰ ਪ੍ਰਸ਼ਾਦਾ ਤੇ ਚਾਹ-ਪਾਣੀ ਬਾਹਰੋਂ ਛੱਕ ਆਉਂਦੇ ਪਰ ਫਿਰ ਕਈ ਵਾਰ ਜਦੋਂ ਦਫਤਰ ਦੀ ਰਸੋਈ ਵਿੱਚ ਖਾਣਾ ਬਣਾ ਲਿਆ ਜਾਂਦਾ ਤਾਂ ਇਥੋਂ ਵੀ ਛੱਕ ਲੈਂਦੇ। ਜਵਾਨੀ ਵਾਲਾ ਜੋਸ਼ ਹੀ ਬੁਢਾਪੇ ਵਿੱਚ ਕਾਇਮ ਸੀ। ਲੰਮੀਆਂ ਕੈਦਾਂ ਕੱਟ ਕੇ ਵੀ ਆਜ਼ਾਦੀ ਦੀ ਪ੍ਰਾਪਤੀ ਲਈ ਜੋਸ਼ ਹਾਲੇ ਮੱਠਾ ਨਹੀਂ ਸੀ ਪਇਆ।

ਦਫਤਰ ਵਿੱਚ ਇਕ ਹੋਰ ਸੁਨੱਖਾ ਨੌਜਵਾਨ ਸਾਧੂ ਸਿੰਘ ਰਹਿੰਦਾ ਸੀ ਜੋ ਕਾਮਰੇਡ ਤੇਜਾ ਸਿੰਘ ਸੁਤੰਤਰ ਦੀ ਪਤਨੀ ਦਾ ਸੱਕਾ ਭਾਈ ਸੀ। ਕਈ ਵਾਰ ਤਾਂ ਰਸੋਈ ਦਾ ਕਾਰਜ ਰਲ-ਮਿਲ ਕੇ ਕਰ ਲਿਆ ਜਾਂਦਾ ਤੇ ਸਾਰੇ ਭੋਜਨ ਦਫਤਰ ਵਿੱਚ ਹੀ ਤਿਆਰ ਕਰ ਲੈਂਦੇ। ਦਫਤਰ ਵਿੱਚ ਹੀ ਆਏ ਗਏ ਦੇਸ਼ ਭਗਤ ਪ੍ਰੋਹਣਿਆਂ ਦੇ

ਆਰਾਮ ਲਈ ਮੰਜੇ ਬਿਸਤਰੇ ਵੀ ਲੋੜ ਅਨੁਸਾਰ ਦਿੱਤੇ ਜਾਂਦੇ ਸਨ। ਇਕ ਹੋਰ ਪੰਜਾਹ ਸਾਲ ਦਾ ਬਜ਼ੁਰਗ ਚਾਚਾ ਮੁਲਕ ਰਾਜ ਵੀ ਦਫਤਰ ਵਿੱਚ ਆ ਕੇ ਬਾਬਿਆਂ ਦੀ ਸਹਾਇਤਾ ਕਰਦਾ ਸੀ। ਦਫਤਰ ਵਿੱਚ ਝਾੜੂ ਤੇ ਸਫ਼ਾਈ ਦਾ ਕੰਮ ਕਰ ਦਿੰਦਾ ਸੀ। ਉਸ ਦਾ ਘਰ ਲੋਹਾਰਾਂ ਵਾਲੀ ਗਲੀ ਵਿੱਚ ਸੀ, ਜਿੱਥੇ ਉਸਦੀ ਬਿਰਧ ਮਾਤਾ ਜੋ ਹੁਣ ਕੁੱਬੀ ਹੋ ਗਈ ਸੀ, ਉਸ ਲਈ ਰੋਟੀ ਪਾਣੀ ਪਕਾਉਂਦੀ ਸੀ। ਚਾਚੇ ਦੇ ਘਰ ਇਕ ਤੋਤਾ ਪਿੰਜਰੇ ਵਿੱਚ ਰੱਖਿਆ ਹੋਇਆ ਸੀ। ਜੋ 'ਪੰਜਾਬ ਪੁਲਿਸ ਮੁਰਦਾਬਾਦ' ਬੋਲਦਾ ਹੁੰਦਾ ਸੀ।

ਚਾਚੇ ਮੁਲਕ ਰਾਜ ਨੇ 1919 ਵਿੱਚ ਆਪਣੇ ਰਾਜਨੀਤਿਕ ਜੀਵਨ ਦਾ ਆਰੰਭ ਜਲ੍ਹਿਆਂ ਵਾਲੇ ਬਾਗ ਤੋਂ ਕੀਤਾ ਸੀ। ਉਹ ਕਹਿੰਦਾ ਹੁੰਦਾ ਸੀ ਇਥੋਂ ਹੀ ਦੇਸ਼ ਦੀ ਆਜ਼ਾਦੀ ਲਈ ਪ੍ਰੇਮ ਕਰਨ ਦੀ ਸਿੱਖਿਆ ਲਈ ਹੈ ਤੇ ਜਦੋਂ ਕੋਈ ਹੋਰ ਜ਼ਿੰਦਗੀ ਦਾ ਸਹਾਰਾ ਨਾ ਰਿਹਾ ਤਾਂ ਉੱਥੇ ਜਾ ਕੇ ਹੀ ਜੀਵਨ ਦੀ ਖੇਡ ਮੁਕਾ ਦਿਆਂਗਾ।

ਘੰਟਾ-ਘਰ ਦੇ ਨੇੜੇ ਹੀ ਹਰਬੰਸ ਸਿੰਘ ਦਾ ਕੌਮੀ ਪੁਸਤਕ ਭੰਡਾਰ ਸੀ, ਜੋ ਉਨ੍ਹਾਂ ਦਿਨਾਂ ਵਿੱਚ ਛਪਦਾ ਇਨਕਲਾਬੀ ਸਾਹਿਤ ਵੇਚਦਾ ਹੁੰਦਾ ਸੀ। ਚਾਚਾ ਮੁਲਕ ਰਾਜ ਵੀ ਵੇਲੇ ਸਮੇਂ ਹਰਬੰਸ ਸਿੰਘ ਕੋਲ ਜਾ ਬੈਠਦਾ ਸੀ। ਉਸਦਾ ਪਹਿਰਾਵਾ ਵੀ ਬੜਾ ਸਾਦਾ ਜਿਹਾ ਹੁੰਦਾ ਸੀ। ਸਿਰ ਤੇ ਕਾਲੀ ਟੋਪੀ, ਖਾਕੀ ਨਿੱਕਰ ਤੇ ਕਮੀਜ਼, ਤੇ ਦਾਹੜੀ ਦੇ ਕਰੜ ਵਰੜੇ ਵਾਲ ਵੀ ਦਿਖਾਈ ਦਿੰਦੇ ਸਨ। ਚਾਚੇ ਮੁਲਕ ਰਾਜ ਨੇ ਵੀ ਇਨਕਲਾਬੀਆਂ ਦੇ ਕਈ ਕੰਮ ਆਪਣੇ ਜੀਵਨ ਵਿੱਚ ਨਿਭਾਏ ਸਨ। ਸਿਰ ਤੇ ਗੁਪਤ ਸਾਹਿਤ ਵਾਲਾ ਟਰੰਕ ਚੁੱਕ ਕੇ ਮਜ਼ਦੂਰ ਬਣ ਕੇ ਇਨਕਲਾਬੀ ਸਾਹਿਤ ਥਾਂ ਸਿਰ ਪਹੁੰਚਾ ਆਉਂਦਾ ਸੀ। ਕਈ ਵਾਰ ਤਾਂ ਸ਼ਾਇਦ ਟਰੰਕ ਵਿੱਚ ਰੱਖੇ ਦੇਸੀ ਬਣਾਏ ਬੰਬ ਵੀ ਥਾਂ ਸਿਰ ਪਹੁੰਚਾ ਆਇਆ ਸੀ।

ਸੰਤ ਬਾਬਾ ਵਸਾਖਾ ਸਿੰਘ ਦਦੇਰ ਦੇਸ਼ ਭਗਤ ਸਹਾਇਕ ਪਰਿਵਾਰ ਕਮੇਟੀ ਦੇ ਬਜ਼ੁਰਗ ਪ੍ਰਧਾਨ ਸਨ। ਸਫ਼ੈਦ ਬਾਣੇ ਵਿੱਚ ਵਿਚਰਦਿਆਂ ਹੋਇਆਂ ਹੱਥ ਵਿੱਚ ਤਿੰਨ ਫੁੱਟੀ ਕਿਰਪਾਨ ਰੱਖਦੇ ਸਨ। ਆਪ ਜੀ ਦੀ ਬੋਲ-ਚਾਲ ਬੜੀ ਮਿੱਠੜੀ ਤੇ ਪਿਆਰੀ ਹੁੰਦੀ ਸੀ। ਦੇਸ਼ ਭਗਤੀ ਦੇ ਨਾਲ-ਨਾਲ ਪ੍ਰਭੂ ਭਗਤੀ ਵੀ ਕਮਾਲ ਦੀ ਸੀ। ਪ੍ਰਭਾਤ ਸਮੇਂ ਚੌਕੜੀ ਮਾਰ ਸਮਾਧੀ ਅਵਸਥਾ ਵਿੱਚ ਅੱਧ ਖੁੱਲ੍ਹੇ, ਅੱਧ ਮੁੰਦੇ ਨੈਣਾਂ ਦੀ ਮਸਤੀ ਵਿੱਚ ਬਿਰਾਜਮਾਨ ਦੇਵਤਿਆਂ ਦਾ ਹੀ ਆਦਰਸ਼ ਸਰੂਪ ਜਾਪਦੇ ਸਨ। ਚਿਹਰੇ ਦਾ ਨੂਰ ਤੇ ਨਿੰਮ੍ਹੀ ਮੁਸਕਾਨ ਝੱਲੇ ਨਹੀਂ ਸੀ ਜਾਂਦੇ। ਦੇਸ਼ ਭਗਤ

ਪਰਿਵਾਰ ਦੇ ਦਫਤਰ ਵਿੱਚ ਜਦੋਂ ਬਾਬਾ ਜੀ ਆਉਂਦੇ ਤਾਂ ਉਨ੍ਹਾਂ ਦੀ ਸੇਵਾ ਕਰਨ ਦਾ ਵੀ ਸ਼ੁਭ ਅਵਸਰ ਮੈਨੂੰ ਮਿਲ ਜਾਂਦਾ। ਇਸ ਬਿਰਧ ਵਿਰੇਸ਼ ਵਿੱਚ ਉਨ੍ਹਾਂ ਨੂੰ ਘੁੱਟਣ-ਨੱਪਣ ਦਾ ਇਕ ਖਾਸ ਅੰਦਾਜ਼ ਸੀ, ਜੋ ਮੋਢਿਆਂ ਤੋਂ ਲੈ ਕੇ ਹੱਥਾਂ ਤੱਕ ਅਤੇ ਚੂਲਿਆਂ ਤੋਂ ਲੈ ਕੇ ਪੈਰਾਂ ਤੱਕ ਹੁੰਦਾ ਸੀ। ਬਹੁਤ ਸਾਰੇ ਜਗਿਆਸੂ ਆਪ ਜੀ ਤੋਂ ਅਸ਼ੀਰਵਾਦ ਅਤੇ ਮੰਗਾਂ ਦੀ ਪੂਰਤੀ ਲਈ ਯਾਚਨਾ ਕਰਦੇ ਸਨ। ਕੋਈ ਪੁੱਤਰ ਦੀ ਦਾਤ ਮੰਗਦਾ, ਕੋਈ ਧਨ ਪਦਾਰਥ ਲਈ ਯਾਚਨਾ ਕਰਦਾ, ਕੋਈ ਵਿੱਦਿਆ ਦਾ ਦਾਨ ਆਦਿ ਬਾਬਾ ਜੀ ਦੀ ਅਸ਼ੀਰਵਾਦ ਤੋਂ ਮੰਗਦੇ ਰਹਿੰਦੇ ਸਨ। ਜਦੋਂ ਕੋਈ ਆ ਕੇ ਪੁੱਤਰ ਦੀ ਦਾਤ ਲਈ ਬੇਨਤੀ ਕਰਦਾ ਤਾਂ ਬਾਬਾ ਜੀ ਬਚਨ ਕਰਦੇ "ਗੁਰੂ ਭਲੀ ਕਰੇਗਾ"। ਕੋਲੋਂ ਉਹਨਾਂ ਦੇ ਪੁਰਾਣੇ ਸਾਥੀ ਬਾਬਾ ਕੇਸਰ ਸਿੰਘ ਠੱਠਰਾਤ ਕਹਿ ਦਿੰਦੇ "ਸਿੰਘੋਂ ਆਪ ਵੀ ਉੱਦਮ ਕਰਨਾ"। ਸੰਤ ਬਾਬਾ ਜੀ ਦੇ ਸ਼ਰਧਾਲੂ ਆ ਕੇ ਬਾਬਾ ਜੀ ਦੇ ਚਰਨਾਂ ਤੇ ਨਮਸਕਾਰ ਕਰਦੇ ਹੁੰਦੇ ਸਨ।

ਪਰ ਇਸ ਦੇ ਵਿਪਰੀਤ ਬਾਬਾ ਗੁਰਮੁੱਖ ਸਿੰਘ ਲਲਤੋਂ ਨੂੰ ਮਿਲਣ ਸਮੇਂ ਜੇ ਕੋਈ ਉਨ੍ਹਾਂ ਦੇ ਗੋਡਿਆਂ ਨੂੰ ਛੋਹ ਕੇ ਫਤਿਹ ਬੁਲਾਉਂਦਾ ਤਾਂ ਬਾਬਾ ਜੀ ਕਹਿ ਦਿੰਦੇ "ਨਿਉਂ ਕੇ ਨਹੀਂ, ਮੁੱਕਾ ਵੱਟ ਕੇ ਲਾਲ ਸਲਾਮ ਬੁਲਾਓ" ਇਹ ਉਸ ਸਮੇਂ ਦੇ ਕਮਿਊਨਿਸਟਾਂ ਦਾ ਇਕ ਦੂਜੇ ਨੂੰ ਮਿਲਣ ਦਾ ਸਵਾਗਤੀ ਚਿੰਨ੍ਹ ਹੁੰਦਾ ਸੀ।

ਮੁੱਕਦੀ ਗੱਲ ਇਹ ਕਿ ਇਸ ਦਫਤਰ ਵਿੱਚ ਕੁਝ ਮਹੀਨੇ ਗੁਜ਼ਾਰ ਕੇ ਮੈਨੂੰ ਬਹੁਤ ਸਾਰੇ ਦੇਸ਼ ਭਗਤਾਂ, ਇਨਕਲਾਬੀ ਨੌਜਵਾਨਾਂ ਤੇ ਕੁਰਬਾਨੀਆਂ ਵਾਲੇ ਇਨਕਲਾਬੀ ਘੁਲਾਟੀਆਂ ਨੂੰ ਮਿਲਣ ਦਾ ਮੌਕਾ ਮਿਲਿਆ। ਕਾਮਰੇਡ ਅੱਛਰ ਸਿੰਘ ਛੀਨਾ ਨੂੰ ਮਿਲਣ ਦਾ ਬੜਾ ਆਨੰਦ ਆਉਂਦਾ ਸੀ। ਉਨ੍ਹਾਂ ਦਾ ਜੀਵਨ ਕਈ ਤਰ੍ਹਾਂ ਦੀਆਂ ਇਨਕਲਾਬੀ ਕਾਰਵਾਈਆਂ ਵਿੱਚ ਗੁਜ਼ਰਿਆ ਸੀ ਅਤੇ ਉਨ੍ਹਾਂ ਕੋਲ ਰੋਚਕ ਗੱਲਾਂ ਦਾ ਬੜਾ ਵੱਡਾ ਭੰਡਾਰ ਹੁੰਦਾ ਸੀ। ਇਸ ਦਫਤਰ ਵਿੱਚ ਕੁਝ ਮਹੀਨੇ ਬਾਬਾ ਹਰਨਾਮ ਸਿੰਘ ਦੀ ਸਰਪਰਸਤੀ ਵਿੱਚ ਗੁਜ਼ਾਰ ਕੇ ਮੈਨੂੰ ਬਹੁਤ ਕੁਝ ਅਭੁੱਲ ਤੇ ਅਮੁੱਲ ਬਖਸ਼ਿਸ਼ ਹੋਈ। ਆਪਣੇ ਜੀਵਨ ਨੂੰ ਸੰਵਾਰਨ, ਗੁਣ ਗ੍ਰਹਿਣ ਕਰਨ, ਦੇਸ਼ ਸੇਵਾ ਅਤੇ ਲੋਕ ਸੇਵਾ ਕਰਨ ਦੀ ਅਖੁੱਟ ਪ੍ਰੇਰਣਾ ਮਿਲੀ।

ਦੇਸ਼ ਭਗਤਾਂ ਦੇ ਇਸ ਦਫਤਰ ਦੀ ਇਕ ਹੋਰ ਮਿੱਠੀ ਯਾਦ ਮੇਰੇ ਜੀਵਨ ਦੀ ਇਕ ਸੰਜੋਗੀ ਘਟਨਾ ਹੈ। ਇਸੇ ਦਫਤਰ ਵਿੱਚ ਮੇਰੀ ਮੰਗਣੀ ਦੀ ਰਸਮ ਅਦਾ ਕੀਤੀ ਗਈ ਸੀ। ਉਦੋਂ ਹਾਲੀ ਮੈਂ 12ਵੀਂ ਜਮਾਤ ਵਿੱਚ ਪੜ੍ਹਦਾ ਸਾਂ। ਇਸੇ ਸਾਲ ਮੈਂ ਖਾਲਸਾ ਕਾਲਜ ਅੰਮ੍ਰਿਤਸਰ ਤੇ ਐਫ.ਏ. (ਇੰਟਰ ਮੀਡੀਅਟ) ਦੀ ਪ੍ਰੀਖਿਆ

ਪਾਸ ਕਰ ਲਈ। ਮੇਰੀ ਮਾਤਾ ਨੂੰ ਮੇਰੇ ਵਿਆਹ ਦੀ ਬੜੀ ਚਿੰਤਾ ਸੀ। ਉਸਨੇ ਮੇਰੇ ਵਿਆਹ ਦੀ ਤਾਰੀਖ ਪੱਕੀ ਕਰ ਲਈ ਤੇ 1946 ਦੇ ਜੂਨ ਮਹੀਨੇ ਵਿੱਚ ਮੇਰਾ ਵਿਆਹ ਗੁਰੂ ਨਾਨਕ ਵਾੜ੍ਹੇ ਦੇ ਚੌਧਰੀ ਸੰਤਾ ਸਿੰਘ ਦੀ ਪੁੱਤਰੀ ਨਾਲ ਹੋ ਗਿਆ। ਬਾਬਾ ਹਰਨਾਮ ਸਿੰਘ ਨੇ ਹੀ ਮੇਰੇ ਪਿਤਾ ਦੀ ਹੈਸੀਅਤ ਵਿੱਚ ਆਪਣੇ ਕੁੜਮ ਨਾਲ ਮਿਲਣੀ ਕੀਤੀ। ਇਹ 1946 ਦੇ 20 ਜੂਨ ਦੀ ਗੱਲ ਹੈ। ਜੇ ਮੈਂਭੁੱਲਦਾ ਨਹੀਂ ਤਾਂ 20 ਜੂਨ ਨੂੰ ਹੀ ਮੇਰੇ ਪਿਤਾ ਸਰਦਾਰ ਗੰਗਾ ਸਿੰਘ ਦਾ ਦੇਹਾਂਤ ਕੋਹਮਰੀ ਵਿੱਚ ਜਿੱਥੇ ਉਨ੍ਹਾਂ ਨੂੰ ਇਲਾਜ ਲਈ ਖੜ੍ਹਿਆ ਸੀ, ਹੋ ਗਿਆ ਸੀ। ਉਨ੍ਹਾਂ ਦੇ ਅਕਾਲ ਚਲਾਣਾ ਕਰਨ ਸਮੇਂ ਮੇਰੇ ਨਾਨਾ ਜੈਲਦਾਰ ਸ਼ੇਰ ਸਿੰਘ ਘਰਿੰਡਾ, ਮੇਰੀ ਮਾਤਾ ਦੇ ਫੁੱਫੜ ਬਾਬਾ ਆਲਾ ਸਿੰਘ ਤੇ ਮੇਰੀ ਦਾਦੀ ਲਛਮਣ ਕੌਰ ਉਨ੍ਹਾਂ ਕੋਲ ਸਨ। ਮੈਨੂੰ ਹੁਣ ਮੇਰੇ ਮਾਮਾ ਦਰਸ਼ਨ ਸਿੰਘ ਘਰਿੰਡੇ ਨੇ ਦੱਸਿਆ ਹੈ ਕਿ ਬਾਪੂ ਜੀ ਦੱਸਦੇ ਹੁੰਦੇ ਸਨ ਕਿ ਜਦੋਂ ਸ: ਗੰਗਾ ਸਿੰਘ ਦਾ ਦੇਹਾਂਤ ਹੋਇਆ ਤਾਂ ਉਨ੍ਹਾਂ ਨੇ ਹੱਥ ਜੋੜ ਕੇ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ" ਬੁਲਾਈ ਤੇ ਅੰਤਿਮ ਵਾਕ ਮੇਰੀ ਮਾਤਾ ਦੇ ਫੁੱਫੜ ਆਲਾ ਸਿੰਘ ਨੂੰ ਸੰਬੋਧਨ ਕਰਕੇ ਕਿਹਾ "ਭਾਈਆ ਇਨ੍ਹਾਂ ਦਾ ਖਿਆਲ ਰਖੀਂ"। ਇਨ੍ਹਾਂ ਬਜ਼ੁਰਗਾਂ ਨੇ ਸੱਚਮੁੱਚ ਸਾਡੇ ਪਰਿਵਾਰ ਦਾ ਖਿਆਲ ਰੱਖਿਆ ਅਤੇ ਸਾਨੂੰ ਬਹੁਤ ਪਿਆਰ ਇਨ੍ਹਾਂ ਵੱਲੋਂ ਮਿਲਿਆ। ਉਸ ਵੇਲੇ ਮੈਂ ਕੇਵਲ ਢਾਈ ਮਹੀਨਿਆਂ ਦਾ ਬੱਚਾ ਸਾਂ ਅਤੇ ਮੇਰੀ ਮਾਤਾ ਦੀ ਉਮਰ ਕੇਵਲ 19 ਸਾਲ ਦੀ ਸੀ ਜਦੋਂ ਉਹ ਵਿਧਵਾ ਹੋ ਗਈ ਤੇ ਸਾਡਾ ਪਰਿਵਾਰ ਲਾਹੌਰ ਤੋਂ ਆਪਣੇ ਪਿੰਡ ਕਸੇਲ ਆ ਗਿਆ, ਜਿੱਥੇ ਮੇਰੇ ਪਿਤਾ ਨੇ ਕੁਝ ਸਾਲ ਪਹਿਲਾਂ ਇਕ ਸੁੰਦਰ ਦੋ ਮੰਜਲਾ ਘਰ ਬਣਾਇਆ ਹੋਇਆ ਸੀ। ਉਸ ਸਮੇਂ ਮੇਰੇ ਪਿਤਾ ਸ: ਗੰਗਾ ਸਿੰਘ ਦੀ ਉਮਰ ਕੇਵਲ 28 ਸਾਲ ਦੀ ਸੀ। ਮੇਰੇ ਪਿਤਾ ਸ: ਗੰਗਾ ਸਿੰਘ ਸੈਨਿਕ ਪੈਨਸ਼ਨ ਦਫਤਰ ਲਾਹੌਰ ਵਿੱਚ ਉਸ ਸਮੇਂ ਹੈਡ-ਕਲਰਕ ਦੀ ਆਸਾਮੀ ਉੱਤੇ ਕੰਮ ਕਰ ਰਹੇ ਸਨ ਤੇ ਕੁਝ ਸਮੇਂ ਪਿਛੋਂ ਉਥੋਂ ਦੇ ਅਫਸਰਾਂ ਦੇ ਸਹਿਯੋਗ ਕਾਰਨ ਮੇਰੇ ਮਾਤਾ ਸ਼੍ਰੀਮਤੀ ਮਹਿੰਦਰ ਕੌਰ ਦੀ ਪੰਝੀ ਰੁਪੈ ਮਹੀਨਾ ਪੈਨਸ਼ਨ ਲੱਗ ਗਈ ਅਤੇ ਪੰਜ ਰੁਪੈ ਬਾਲ ਅਲਾਉਂਸ ਵਜੋਂ ਮੇਰੇ ਨਾਮ ਵੀ ਟਿੱਕੇ ਗਏ। ਜੋ ਮੈਨੂੰ 18 ਸਾਲ ਦੀ ਉਮਰ ਤੱਕ ਦਿੱਤੇ ਜਾਂਦੇ ਰਹੇ।

ਆਪਣੇ ਵਿਆਹ ਪਿਛੋਂ ਮੈਂ ਆਪਣੇ ਸਹੁਰੇ ਘਰ ਹੀ ਰਹਿਣ ਲੱਗ ਪਿਆ ਤੇ ਆਪਣੀ ਐਮ.ਏ. ਤੱਕ ਦੀ ਪੜ੍ਹਾਈ ਤੱਕ ਸਹੁਰੇ ਪਰਿਵਾਰ ਨਾਲ ਹੀ ਰਹਿੰਦਾ ਰਿਹਾ।

ਬਾਬਾ ਹਰਨਾਮ ਸਿੰਘ ਹੁਣ ਸਾਡੇ ਪਰਿਵਾਰ ਨਾਲ ਆਪਣੇ ਪਰਲੋਕ

ਸਿਧਾਰਨ ਤੱਕ ਰਹੇ। ਕੁਝ ਸਾਲ ਬਾਬਾ ਹਰਨਾਮ ਸਿੰਘ ਸਰਦਾਰ ਨਗਰ ਉੱਤਰ ਪ੍ਰਦੇਸ਼ ਚੱਲੇ ਗਏ ਜਿਥੇ ਮਜੀਠੀਆ ਸਰਦਾਰਾਂ ਦੀ ਸਰੱਈਆ ਸ਼ੂਗਰ ਮਿਲ ਹੈ। ਬਾਬਾ ਜੀ ਕਿਉਂ ਜੋ ਫਰੂਟ ਸਪੈਸ਼ਲਿਸਟ ਸਨ, ਇਸ ਲਈ ਉਨ੍ਹਾਂ ਨੇ ਸਰਦਾਰ ਨਗਰ ਜਾ ਕੇ ਮਜੀਠੀਆ ਸਰਦਾਰਾਂ ਦੇ ਫਾਰਮਾਂ ਤੇ ਬਾਗਾਂ ਦੀ ਖੂਬ ਸੰਭਾਲ ਕੀਤੀ। ਮੈਂ ਵੀ ਛੁੱਟੀਆਂ ਵਿੱਚ ਕੁਝ ਦਿਨ ਉਨ੍ਹਾਂ ਕੋਲ ਜਾ ਕੇ ਰਹਿ ਆਇਆ ਸਾਂ।

ਆਪਣੀ ਉਮਰ ਦੇ ਅਖੀਰਲੇ ਸਾਲ ਉਨ੍ਹਾਂ ਨੇ ਪਿੰਡ ਕਸੇਲ ਵਿੱਚ ਹੀ ਗੁਜ਼ਾਰੇ ਹਨ। ਬਾਬਾ ਹਰਨਾਮ ਸਿੰਘ ਦਾ ਦੇਹਾਂਤ 20 ਜਨਵਰੀ, 1963 ਨੂੰ ਹੋਇਆ, ਜਿਥੇ ਪਹਿਲਾਂ ਉਹ ਕੁਝ ਚਿਰ ਅਧਰੰਗ ਦੇ ਰੋਗ ਵਿੱਚ ਗ੍ਰਸਤ ਰਹੇ। ਅਖੀਰਲੇ ਦਿਨਾਂ ਵਿੱਚ ਉਹ ਡਾਂਗ ਦੇ ਸਹਾਰੇ ਹੀ ਤੁਰਦੇ ਸਨ। ਮੇਰੀ ਮਾਤਾ ਨੇ ਉਨ੍ਹਾਂ ਦੀ ਸੇਵਾ ਵਿੱਚ ਕੋਈ ਕਸਰ ਨਹੀਂ ਸੀ ਛੱਡੀ।

ਉਨ੍ਹਾਂ ਦੇ ਪਰਲੋਕ ਗਮਨ ਸਮੇਂ ਮੈਂ ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਪੰਜਾਬੀ ਦੇ ਪ੍ਰਾਧਿਆਪਕ ਦੇ ਤੌਰ 'ਤੇ ਕੰਮ ਕਰ ਰਿਹਾ ਸਾਂ। ਮੇਰੇ ਵੱਲੋਂ ਹੀ ਉਨ੍ਹਾਂ ਦੀ ਮ੍ਰਿਤੂ ਅਤੇ ਅੰਤਿਮ ਭੋਗ ਦੀ ਅਰਦਾਸ ਦਾ ਕਾਰਡ ਛਪਵਾ ਕੇ ਭੇਜਿਆ ਗਿਆ ਸੀ, ਜਿਸ ਵਿੱਚ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਲਈ ਉਨ੍ਹਾਂ ਦੇ ਦੇਸ਼ ਭਗਤ ਸਾਥੀਆਂ ਨੂੰ ਸ਼ਾਮਲ ਹੋਣ ਦੀ ਬੇਨਤੀ ਕੀਤੀ ਗਈ ਸੀ। ਉਸ ਕਾਰਡ ਦਾ ਉਤਾਰਾ ਨਿਮਨਲਿਖਤ ਹੈ :

................ਜੀ,

ਅਤਿ ਸ਼ੋਕ ਨਾਲ ਆਪ ਜੀ ਨੂੰ ਇਹ ਸੂਚਨਾ ਦੇ ਰਿਹਾ ਹਾਂ ਕਿ ਪ੍ਰਸਿੱਧ ਦੇਸ਼-ਭਗਤ ਤੇ ਇਨਕਲਾਬੀ ਨੇਤਾ ਬਾਬਾ ਹਰਨਾਮ ਸਿੰਘ ਜੀ ਕਸੇਲ 20 ਜਨਵਰੀ, 1963 ਨੂੰ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਦੇ ਨਿਮਿਤ ਅਖੰਡ ਪਾਠ ਦਾ ਭੋਗ 3 ਫਰਵਰੀ ਐਤਵਾਰ ਨੂੰ ਦਾਸ ਦੇ ਨਿਵਾਸ ਸਥਾਨ ਪਿੰਡ ਕਸੇਲ, ਜ਼ਿਲ੍ਹਾ ਅੰਮ੍ਰਿਤਸਰ ਵਿੱਚ 1.30 ਵਜੇ ਬਾਅਦ ਦੁਪਹਿਰ ਪਵੇਗਾ।

ਅਰਦਾਸ ਵਿੱਚ ਸ਼ਾਮਲ ਹੋਣ ਦੀ ਕ੍ਰਿਪਾ ਕਰਨੀ।

ਪ੍ਰਾਰਥਕ
ਕਿਰਪਾਲ ਸਿੰਘ ਕਸੇਲ
ਪ੍ਰੋ: ਗੌਰਮਿੰਟ ਕਾਲਜ ਗੁਰਦਾਸਪੁਰ

3 ਫਰਵਰੀ 1963 ਨੂੰ ਬਾਬਾ ਜੀ ਦੇ ਭੋਗ ਸਮੇਂ ਉਨ੍ਹਾਂ ਦੇ ਦੇਸ਼ ਭਗਤ

ਸਾਥੀਆਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਲਵਾਈ। ਉਸ ਸਮੇਂ ਦੀਆਂ ਕੁਝ ਯਾਦਾਂ ਮੈਂ ਆਪਣੀ ਸਿਮਰਤੀ ਵਿੱਚ ਸੰਭਾਲ ਕੇ ਰੱਖੀਆਂ ਹੋਈਆਂ ਹਨ। ਪਿੰਡ ਭਕਨਾ ਸਾਡੇ ਪਿੰਡ ਤੋਂ ਸੜਕ ਦੇ ਰਾਹੇ ਤਿੰਨ ਕੁ ਮੀਲ ਦੀ ਦੂਰੀ 'ਤੇ ਹੈ। ਉਨ੍ਹਾਂ ਦਿਨਾਂ ਵਿੱਚ ਭਕਨੇ ਤੋਂ ਕੱਚੀ ਸੜਕ ਹੀ ਸਾਡੇ ਪਿੰਡ ਨੂੰ ਆਉਂਦੀ ਸੀ। ਬਾਬਾ ਸੋਹਣ ਸਿੰਘ ਭਕਨਾ ਤੇ ਬਾਬਾ ਗੁੱਜਰ ਸਿੰਘ ਭਕਨੇ ਤੋਂ ਟਾਂਗੇ ਤੇ ਬੈਠ ਕੇ ਸਾਡੇ ਘਰ ਪਹੁੰਚੇ ਸਨ। ਉਸ ਸਮੇਂ ਬਾਬਾ ਜੀ ਦੀ ਉਮਰ 90 ਸਾਲਾਂ ਤੋਂ ਉੱਪਰ ਹੀ ਸੀ ਤੇ ਤੁਰਦੇ ਕੁੱਬੀ ਕਮਰ ਨਾਲ ਹੀ ਸਨ। ਮੈਂ ਜਦੋਂ ਉਨ੍ਹਾਂ ਨੂੰ ਟਾਂਗੇ ਤੋਂ ਫੜ ਕੇ ਉਤਾਰਨ ਲੱਗਾ ਤਾਂ ਬਾਬਾ ਭਕਨਾ ਜੀ ਦੇ ਸ਼ਬਦ ਸਨ : "ਪਰਾਂ ਹੋ ਮੁੰਡਿਆਂ" ਤੇ ਉਹ ਛਾਲ ਮਾਰ ਕੇ ਟਾਂਗੇ ਤੋਂ ਹੇਠਾਂ ਉਤਰ ਆਏ। ਮੈਨੂੰ ਇਸ ਗੱਲ ਦੀ ਅਪਾਰ ਖੁਸ਼ੀ ਸੀ ਕਿ ਗ਼ਦਰ ਪਾਰਟੀ ਦਾ ਬਾਨੀ ਪ੍ਰਧਾਨ ਆਪਣੇ ਇਕ ਹੋਰ ਦੇਸ਼ ਭਗਤ ਸਾਥੀ ਦੀ ਅੰਤਿਮ ਰਸਮ ਵਿੱਚ ਪਹੁੰਚੇ ਸਨ। ਮੈਂ ਬਾਬਾ ਜੀ ਲਈ ਕੁਝ ਨਰਮ ਬਿਸਕੁਟ ਆਦਿ ਲੈ ਗਿਆ ਸੀ ਪਰ ਜਦੋਂ ਚਾਹ-ਪਾਣੀ ਵਰਤਣ ਲੱਗਾ ਤਾਂ ਬਾਬਾ ਜੀ ਨੇ ਫੁਰਮਾਇਆ ਕਿ "ਮੈਂ ਉਹ ਕੁਝ ਹੀ ਖਾਵਾਂਗਾ ਜੋ ਸੰਗਤ ਲਈ ਬਣਿਆ ਹੈ।" ਮੈਂ ਭੋਗ ਸਮੇਂ ਥੋੜ੍ਹੇ ਜਿਹੇ ਟੁੱਟੇ-ਫੁੱਟੇ ਸ਼ਬਦ ਆਈ ਸਾਧ ਸੰਗਤ ਦੇ ਸਵਾਗਤ ਲਈ ਕਹੇ। ਬਾਬਾ ਭਕਨਾ ਜੀ ਇਨਕਲਾਬੀ ਦੇਸ਼ ਭਗਤਾਂ ਦੇ ਮੋਢੀਆਂ ਵਿੱਚੋਂ ਸਨ। ਹਿੰਦੁਸਤਾਨ ਗ਼ਦਰ ਪਾਰਟੀ ਹਥਿਆਰਬੰਦ ਇਨਕਲਾਬ ਰਾਹੀਂ ਦੇਸ਼ ਆਜ਼ਾਦ ਕਰਵਾਉਣਾ ਚਾਹੁੰਦੀ ਸੀ। ਮੈਨੂੰ ਥੋੜ੍ਹਾ ਬਹੁਤ ਗਿਆਨ ਸੀ ਕਿ ਅਮਰੀਕਾ ਜਾਣ ਤੋਂ ਪਹਿਲਾਂ ਬਾਬਾ ਜੀ ਦਾ ਸੰਬੰਧ ਕੂਕਾ ਲਹਿਰ ਨਾਲ ਸੀ। ਮੈਂ ਸੰਖੇਪ ਵਿੱਚ ਤਿੰਨਾਂ ਇਨਕਲਾਬੀ ਲਹਿਰਾਂ ਦਾ ਜ਼ਿਕਰ ਕੀਤਾ। ਸਭ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਸ਼ਸਤਰਧਾਰੀ ਬਣਾਇਆ। ਫਿਰ ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ ਸਾਮਰਾਜ ਵਿਰੁੱਧ ਕੂਕਾ ਲਹਿਰ ਜਥੇਬੰਦ ਕੀਤੀ। ਮਲੇਰਕੋਟਲੇ ਦੇ 17-18 ਜਨਵਰੀ 1872 ਦੇ ਸ਼ਹੀਦੀ ਸਾਕੇ ਸਮੇਂ 66 ਨਾਮਧਾਰੀ ਤੋਪਾਂ ਅੱਗੇ ਉਡਾਏ ਗਏ ਸਨ। ਫਿਰ ਅੰਮ੍ਰਿਤਸਰ, ਰਾਏਕੋਟ ਤੇ ਲੁਧਿਆਣੇ ਵਿਖੇ ਫਾਹੇ ਲਾਏ ਗਏ। ਤੀਜੀ ਵੱਡੀ ਲਹਿਰ ਗ਼ਦਰ ਪਾਰਟੀ ਨੇ ਚਲਾਈ, ਜਿਸ ਦੇ ਮੁਖੀਆਂ ਵਿੱਚੋਂ ਅੱਜ ਬਾਬਾ ਸੋਹਣ ਸਿੰਘ ਭਕਨਾ ਜੀ ਆਪਣੇ ਗ਼ਦਰੀ ਸਾਥੀ ਬਾਬਾ ਹਰਨਾਮ ਸਿੰਘ ਨੂੰ ਸ਼ਰਧਾਂਜਲੀ ਦੇਣ ਆਏ ਸਨ। ਮੈਂ ਇਸ ਅਵਸਰ ਉੱਤੇ ਥੋੜ੍ਹਾ ਭਾਵੁਕ ਹੋ ਗਿਆ ਸਾਂ ਤੇ ਇਸ ਸਮਾਗਮ ਨੂੰ ਅੱਗੇ ਚਲਾਉਣ ਲਈ ਮੈਂ ਮਾਈਕ ਆਪਣੇ ਭਰਾਵਾਂ ਵਰਗੇ ਮਿੱਤਰ ਪ੍ਰੋ. ਨਿਸ਼ਾਨ ਸਿੰਘ ਢਿਲੋਂ ਦੇ ਹਵਾਲੇ ਕਰ ਦਿੱਤਾ।


ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਬਾਬਾ ਸੋਹਣ ਸਿੰਘ ਭਕਨਾ ਜੀ ਨੇ ਲਗਭਗ ਪੌਣਾ ਘੰਟਾ ਬੜੇ ਜੋਸ਼ ਵਿੱਚ ਆ ਕੇ ਭਾਸ਼ਣ ਦਿੱਤਾ। ਅਸੀਂ ਕਲਪਨਾ ਵੀ ਨਹੀਂ ਸਾਂ ਕਰ ਸਕਦੇ ਕਿ ਇੰਨ੍ਹੀ ਵਡੇਰੀ ਉਮਰ ਵਿੱਚ ਬਾਬਾ ਜੀ ਇੰਨਾ ਲੰਮਾ ਭਾਸ਼ਣ ਦੇਣਗੇ। ਉਨ੍ਹਾਂ ਦਾ ਇਨਕਲਾਬੀ ਜੋਸ਼ ਇਸ ਉਮਰ ਵਿੱਚ ਵੀ ਮੱਠਾ ਨਹੀਂ ਸੀ ਪਇਆ। ਇਥੇ ਮੈਨੂੰ ਉਨ੍ਹਾਂ ਬਾਰੇ ਲਿਖੀ ਰੁਬਾਈ ਯਾਦ ਆ ਰਹੀ ਹੈ :

"ਜੀਵਨ ਭਰ ਧਰਤੀ ਨੂੰ ਵੰਡਿਆ ਤ੍ਰਾਣ ਹੈ।
ਭਾਰ ਉਠਾ ਕੇ ਬਣ ਗਈ ਪਿਠ ਕਮਾਨ ਹੈ।
ਬਿਰਧ ਹਿੱਕ-ਪਿੰਜਰ 'ਚ ਜੋਤੀ ਜਗ ਰਹੀ।
ਵੰਡ ਰਿਹਾ ਹਾਲੇ ਵੀ ਸ਼ਕਤੀ ਬਾਣ ਹੈ।"

ਬਾਬਾ ਜੀ ਦੇ ਹੋਰ ਬਹੁਤ ਸਾਰੇ ਸਾਥੀ ਪੂਰਨ ਸਿੰਘ ਕਾਲੇ ਘੰਣੂਪੁਰ ਤੇ ਹੋਰ ਸਾਥੀਆਂ ਨੇ ਸ਼ਰਧਾਂਜਲੀਆਂ ਭੇਟ ਕੀਤੀਆਂ। ਕੁਝ ਮਹੀਨੇ ਪਿਛੋਂ ਮੇਰੀ ਬਦਲੀ ਸਰਕਾਰੀ ਕਾਲਜ ਗੁਰਦਾਸਪੁਰ ਤੋਂ ਸਰਕਾਰੀ ਕਾਲਜ ਲੁਧਿਆਣੇ ਦੀ ਹੋ ਗਈ ਤੇ ਮੈਨੂੰ ਪੰਜਾਬੀ ਸਾਹਿਤ ਅਕੈਡਮੀ ਦੇ ਦਫਤਰ ਸਕੱਤਰ ਦਾ ਕਾਰਜ ਸੌਂਪਿਆ ਗਿਆ। ਦਸੰਬਰ ਦੀਆਂ ਛੁੱਟੀਆਂ ਵਿੱਚ ਮੈਂ ਤੇ ਡਾ: ਪਰਮਿੰਦਰ ਸਿੰਘ ਪੰਜਾਬੀ ਸਾਹਿਤ ਅਕੈਡਮੀ ਦੇ ਫੰਡ ਇਕੱਠੇ ਕਰਨ ਲਈ ਕਾਨਪੁਰ ਗਏ ਸਾਂ। ਵਾਪਸ ਆਉਣ ਤੇ ਮੈਂ ਆਪਣੇ ਪਿੰਡ ਕਸੇਲ ਬਾਬਾ ਹਰਨਾਮ ਸਿੰਘ ਦੇ ਵਰੀਨ੍ਹੇ ਦੇ ਪਾਠ ਦਾ ਭੋਗ ਪਾਉਣ ਲਈ ਪਿੰਡ ਆਇਆ ਸਾਂ। ਇਹ 1964 ਦੇ ਜਨਵਰੀ ਮਹੀਨੇ ਦੇ ਪਹਿਲੇ ਦੋ ਹਫਤਿਆਂ ਦੀ ਗੱਲ ਹੈ ਕਿ ਛੇਤੀ ਹੀ ਉਨ੍ਹਾਂ ਦਿਨਾਂ ਵਿੱਚ ਮੈਂ ਅੱਖਾਂ ਦੇ ਭੀਸ਼ਣ ਰੋਗ ਦਾ ਸ਼ਿਕਾਰ ਹੋ ਗਿਆ। ਜਿਸ ਨੇ ਮੈਨੂੰ ਸੀ.ਐਮ.ਸੀ. ਹਸਪਤਾਲ ਲੁਧਿਆਣਾ ਦੇ ਬੇਹਤਰੀਨ ਇਲਾਜ ਦੇ ਬਾਵਜੂਦ ਨੇਤਰਹੀਣ ਬਣਾ ਦਿੱਤਾ। ਪਰ ਬਾਬਾ ਹਰਨਾਮ ਸਿੰਘ ਦੀ ਦੇਸ਼ ਭਗਤੀ ਤੇ ਦ੍ਰਿੜ੍ਹ ਇਰਾਦੇ ਨੇ ਮੈਨੂੰ ਸਦਾ ਉਤਸ਼ਾਹ ਵਿੱਚ ਰੱਖਿਆ ਹੈ। ਹੁਣ ਵੀ ਮੈਂ ਇਸ ਗੱਲ ਦਾ ਇਕਬਾਲ ਕਰਦਾ ਹਾਂ ਕਿ ਜੀਵਨ ਵਿੱਚ ਮੈਂ ਜੋ ਕੁਝ ਵੀ ਬਣਿਆ ਹਾਂ ਤੇ ਜੋ ਕੁਝ ਵੀ ਪ੍ਰਾਪਤ ਕੀਤਾ ਹੈ, ਇਸ ਵਿੱਚ ਬਾਬਾ ਜੀ ਦੀ ਦੇਣ ਦਾ ਵੱਡਾ ਭਾਗ ਹੈ। ਵਿਸ਼ੇਸ਼ ਤੌਰ ਤੇ ਜੋ ਮਾਨਵਵਾਦੀ ਭਾਵਨਾ ਅਤੇ ਲੋਕਾਂ ਪ੍ਰਤੀ ਕੁਝ ਸੇਵਾ ਸਾਹਿਤਕ ਰੂਪ ਜਾਂ ਸਮਾਜਿਕ ਜਥੇਬੰਦੀਆਂ ਵਿੱਚ ਭਾਗ ਲੈਣ ਕਾਰਨ ਮੇਰੇ ਅੰਦਰ ਉਤਪੰਨ ਹੋਈ, ਉਹ ਉਨ੍ਹਾਂ ਦੀ ਬਦੌਲਤ ਹੀ ਸੀ। ਮੈਨੂੰ ਕਾਲਜ ਅਧਿਆਪਕ ਬਣਾਉਣ ਵਿੱਚ ਉਨ੍ਹਾਂ ਦੀ ਕਾਮਨਾ ਪੂਰੀ ਹੋਈ ਹੈ।

ਗ਼ਦਰੀ ਦੇਸ਼ ਭਗਤਾਂ ਵਿੱਚ ਪਿੰਡ ਕਸੇਲ ਦੇ ਦੋ ਸਿਰਕੱਢ ਨੇਤਾ ਸਨ। ਇਕ

ਮਾਸਟਰ ਊਧਮ ਸਿੰਘ ਕਸੇਲ ਤੇ ਦੂਜੇ ਬਾਬਾ ਹਰਨਾਮ ਸਿੰਘ। ਇਕ ਹੋਰ ਪ੍ਰਸੰਨਤਾ ਦੀ ਗੱਲ ਇਹ ਹੈ ਕਿ ਇਨ੍ਹਾਂ ਦੋਹਾਂ ਦੇਸ਼ ਭਗਤਾਂ ਨੇ ਆਪਣੀਆਂ ਸਵੈ-ਜੀਵਨੀਆਂ ਆਪ ਲਿਖੀਆਂ ਸਨ। ਸ਼ਹੀਦ ਮਾਸਟਰ ਊਧਮ ਸਿੰਘ ਗ਼ਦਰ ਪਾਰਟੀ ਦੇ ਬਹੁਤ ਵੱਡੇ ਨੇਤਾ ਸਨ। ਜਿਨ੍ਹਾਂ ਨੇ ਕਾਬੁਲ ਵਿੱਚ ਗ਼ਦਰ ਪਾਰਟੀ ਦਾ ਕੇਂਦਰ ਸਥਾਪਿਤ ਕੀਤਾ ਸੀ। ਮਾਸਟਰ ਊਧਮ ਸਿੰਘ ਕਸੇਲ ਨੇ ਆਪਣੀ ਸਵੈ-ਜੀਵਨੀ ਦੇ ਕੁਝ ਅੰਸ਼ 'ਯਾਦੇ-ਰਫਤਗਾਨ' (ਬੀਤੇ ਦੀਆਂ ਯਾਦਾਂ) ਦੇ ਨਾਂ ਥੱਲੇ ਲਿਖੀ ਸੀ, ਜੋ ਹੁਣ ਦੇਸ਼ ਭਗਤ ਯਾਦਗਾਰ ਜਲੰਧਰ ਵੱਲੋਂ ਮਾਸਟਰ ਊਧਮ ਸਿੰਘ ਕਸੇਲ ਨਾਂ ਦੀ ਪੁਸਤਕ ਵਿੱਚ ਛੱਪ ਚੁੱਕੀ ਹੈ। ਮਾਸਟਰ ਊਧਮ ਸਿੰਘ ਵਿਲੌਰ ਜੇਲ੍ਹ ਵਿੱਚੋਂ ਚੋਰੀ ਨੱਸ ਕੇ ਬਿਨਾ ਸਰੋ-ਸਮਾਨ ਹਜ਼ਾਰਾਂ ਮੀਲਾਂ ਦਾ ਪੈਦਲ ਸਫ਼ਰ ਕਰਕੇ ਪੰਜਾਬ ਪਹੁੰਚੇ ਸਨ ਅਤੇ ਅਫਗਾਨਿਸਤਾਨ ਵਿੱਚ ਸ਼ਹੀਦ ਕੀਤੇ ਗਏ ਸਨ। ਧੰਨ ਹਨ ਇਨ੍ਹਾਂ ਦੇਸ਼ ਭਗਤਾਂ ਦੇ ਕਾਰਨਾਮੇ ਜਿਨ੍ਹਾਂ ਦੇ ਸਿਰ ਸਦਕਾ ਅੱਜ ਪਿੰਡ ਕਸੇਲ ਦਾ ਯੋਗਦਾਨ ਇਨ੍ਹਾਂ ਭਗਤਾਂ ਦੇ ਕਾਰਨ ਇਤਿਹਾਸਕ ਯਾਦਗਾਰ ਬਣ ਗਿਆ ਹੈ।



ਸਾਂਝੀਵਾਲਤਾ ਦਾ ਵਣਜਾਰਾ
ਮਾਸਟਰ ਊਧਮ ਸਿੰਘ ਕਸੇਲ

ਤਤਕਰਾ

ਆਦਿ-ਕਥਨ

ਪਿੰਡ ਕਸੇਲ ਜਿਸ ਨੂੰ ਲਾਗਲੇ ਪਿੰਡ ਢੰਡ ਨਾਲ ਜੋੜ ਕੇ ਢੰਡ-ਕਸੇਲ ਕਰਕੇ ਜਾਣਿਆ ਜਾਂਦਾ ਹੈ। ਮਾਝੇ ਦੇ ਮਸ਼ਹੂਰ ਪਿੰਡਾਂ ਵਿੱਚੋਂ ਹੈ। ਬਾਰ੍ਹਾਂ-ਪੱਤੀਆਂ ਵਾਲਾ ਇਹ ਪਿੰਡ ਉੱਚੇ ਥੇਹ ਤੇ ਵਸਿਆ ਹੋਇਆ ਹੈ ਅਤੇ ਪਿੰਡ ਦੇ ਚਾਰ ਚੌਫੇਰਿਓਂ ਹੀ ਕਾਫ਼ੀ ਦੂਰ ਤੋਂ ਹੀ ਦਿਖਾਈ ਦੇਣ ਲੱਗ ਪੈਂਦਾ ਹੈ। ਇਸ ਪਿੰਡ ਦੇ ਥੇਹ ਦਾ ਕੀ ਇਤਿਹਾਸ ਹੈ, ਇਸ ਬਾਰੇ ਬਹੁਤਿਆਂ ਨੂੰ ਵੀ ਕੋਈ ਗਿਆਤ ਨਹੀਂ। ਪਰ ਜੇ ਪੁਰਾਤੱਤਵ ਵਿਗਿਆਨ ਦੀ ਦ੍ਰਿਸ਼ਟੀ ਤੋਂ ਘੋਖ ਕੀਤੀ ਜਾਵੇ ਤਾਂ ਇਸ ਪਿੰਡ ਦਾ ਸਦੀਆਂ ਪੁਰਾਣਾ ਇਤਿਹਾਸ ਖੋਜਾਰਥੀਆਂ ਨੂੰ ਜ਼ਰੂਰ ਮਿਲ ਜਾਵੇਗਾ। ਇਸ ਪਿੰਡ ਦੇ ਵਰਤਮਾਨ ਸਰੂਪ ਤੋਂ ਹੀ ਕੁਝ-ਕੁਝ ਅਨੁਮਾਨ ਲਗਾਇਆ ਜਾ ਸਕਦਾ ਹੈ। ਪਿੰਡ ਦੇ ਉੱਤਰ ਤੇ ਦੱਖਣ ਦੀ ਬਾਹੀ ਦੋ ਵੱਡੀਆਂ-ਵੱਡੀਆਂ ਢਾਬਾਂ ਹਨ, ਜੋ ਪੰਜ-ਛੇ ਏਕੜਾਂ ਦੇ ਆਕਾਰ ਦੀਆਂ ਹਨ। ਦੱਖਣ ਦੀ ਬਾਹੀ ਦੀ ਇਕ ਪੱਤੀ ਕਿੱਲੇ ਵਾਲੀ ਪੱਤੀ ਕਰਕੇ ਜਾਣੀ ਜਾਂਦੀ ਹੈ। ਹੋ ਸਕਦਾ ਹੈ ਕਿ ਪੁਰਾਣੇ ਜ਼ਮਾਨੇ ਵਿੱਚ ਇੱਥੇ ਕੋਈ ਕਿਲਾ ਹੋਵੇਗਾ। ਜੋ ਪਿਛਲੇ ਕਈ ਸਦੀਆਂ ਦੇ ਇਤਿਹਾਸ ਵਿੱਚ ਢਹਿ-ਢੇਰੀ ਕਰ ਦਿੱਤਾ ਹੋਵੇ। ਥੇਹ ਤੋਂ ਹੇਠਲੇ ਬਨ੍ਹੇ ਮਕਾਨ 15-20 ਫੁੱਟ ਨੀਵੇਂ ਹਨ। ਉੱਤਰ-ਪੂਰਬ ਦੀ ਬਾਹੀ ਜਿਥੋਂ ਇਸ ਪਿੰਡ ਦੇ ਵਸੇਬੇ ਵਾਲੀ ਥਾਂ ਸ਼ੁਰੂ ਹੁੰਦੀ ਹੈ - ਪੁਰਾਤਨ ਸ਼ਿਵ ਮੰਦਰ ਹੈ। ਨਾਨਕਸ਼ਾਹੀ ਇੱਟਾਂ ਦੀਆਂ ਉੱਚੀਆਂ ਕੰਧਾਂ ਦੀ ਸੱਜੀ ਬਾਹੀ ਇਕ ਪੁਰਾਣਾ ਸਰੋਵਰ ਹੈ, ਜਿਸਦਾ ਆਕਾਰ ਇਕ ਕਿੱਲੇ ਭੂਮੀ ਦਾ ਹੋਵੇਗਾ। ਸਰੋਵਰ ਦੇ ਕੰਢੇ ਤੇ ਪੌੜੀਆਂ ਨਿੱਕੀ ਨਾਨਕਸ਼ਾਹੀ ਇੱਟਾਂ ਦੀਆਂ ਬਣੀਆਂ ਹੋਈਆਂ ਹਨ। ਪੂਰਬ ਦੀ ਬਾਹੀ ਬਾਰਾਦਰੀ ਹੁੰਦੀ ਸੀ, ਜਿਸ ਦੇ ਹੇਠੋਂ ਸਰੋਵਰ ਵਿੱਚ ਬਰਸਾਤੀ ਪਾਣੀ ਪੈਣ ਲਈ ਰਾਹ ਰੱਖਿਆ ਹੋਇਆ ਸੀ। ਸਰੋਵਰ ਦੇ ਉੱਤਰ ਦੀ ਬਾਹੀ ਗਊ-ਘਾਟ ਬਣਿਆ ਹੋਇਆ ਸੀ, ਜਿਥੋਂ ਦੀ ਪਸ਼ੂ ਉੱਤਰ ਕੇ

ਪਾਣੀ ਪੀ ਲੈਂਦੇ ਸਨ। ਪੱਛਮ ਦੀ ਬਾਹੀ ਇਕ ਪੌਣਾ ਸੀ, ਜਿਸਦੇ ਦੁਆਲੇ ਦੀ ਚਾਰ-ਦੀਵਾਰੀ ਅੰਦਰ ਬੀਬੀਆਂ ਦੇ ਇਸ਼ਨਾਨ ਕਰਨ ਲਈ ਸਥਾਨ ਰੱਖਿਆ ਗਿਆ ਸੀ। ਮੇਰੀ ਸੰਭਾਲ ਵਿੱਚ ਸ਼ਿਵ ਮੰਦਰ ਦੇ ਸਥਾਨ ਉੱਤੇ ਹਰ ਸਾਲ ਸ਼ਿਵ ਚੌਦਸ ਦਾ ਮੇਲਾ ਲੱਗਦਾ ਸੀ। ਸ਼ਿਵ ਮੰਦਰ ਦੀ ਚਾਰ-ਦੀਵਾਰੀ ਅੰਦਰ ਇਕ ਸੁੰਦਰ ਗੁੰਬਦ ਵਾਲਾ ਮੰਦਰ ਸੀ, ਜਿਥੇ ਸ਼ਿਵ-ਲਿੰਗ ਉੱਪਰ ਇਕ ਗਾਗਰ ਰੱਖੀ ਹੁੰਦੀ ਸੀ। ਜਿਸ ਤੋਂ ਪਾਣੀ ਦੀਆਂ ਬੂੰਦਾਂ ਪੈਂਦੀਆਂ ਰਹਿੰਦੀਆਂ ਸਨ। ਮੰਦਰ ਦਾ ਇਕੋ ਦਰਵਾਜ਼ਾ ਪੂਰਬ ਦੀ ਬਾਹੀ ਸੀ। ਜਿਸ ਤੋਂ ਕੁਝ 10-15 ਫੁੱਟ ਦੀ ਵਿੱਥ 'ਤੇ ਨੰਦੀ ਬੈਲ ਦੀ ਮੂਰਤੀ ਸੀ। ਥੋੜ੍ਹਾ ਹੋਰ ਪਰੇ ਇਕ ਨਗਾਰਾ ਰੱਖਿਆ ਹੁੰਦਾ ਸੀ, ਜੋ ਸ਼ਾਇਦ ਪੁਰਾਣੇ ਸਮਿਆਂ ਵਿੱਚ ਵਜਾਇਆ ਜਾਂਦਾ ਹੋਵੇਗਾ। ਮੰਦਰ ਦੇ ਅੰਦਰ ਛੱਤ ਨਾਲ ਇਕ ਟੱਲ ਵੀ ਹੁੰਦਾ ਸੀ। ਉੱਤਰ ਦੀ ਬਾਹੀ ਪ੍ਰਵੇਸ਼ ਦਵਾਰ ਦੇ ਨੇੜ੍ਹੇ ਹੀ ਹਲਟੀ ਵਾਲਾ ਖੂਹ ਸੀ ਅਤੇ ਇਸ਼ਨਾਨ ਕਰਨ ਲਈ ਟੂਟੀਆਂ ਸਨ। ਮੰਦਰ ਦੇ ਬਾਹਰ ਵੀ ਇਕ ਖੂਹ ਸੀ, ਜਿਸ ਵਿਚੋਂ ਪਾਣੀ ਕੱਢਣ ਲਈ ਪੈਰਾਂ ਨਾਲ ਗੇੜ੍ਹਨ ਵਾਲੀ ਇਕ ਲੋਹੇ ਦੀ ਚਰੱਖੜੀ ਜਿਹੀ ਸੀ, ਜਿਸਦੇ ਅੰਦਰ ਪੈਰਾਂ ਨਾਲ ਗੇੜਨ ਵਾਲੇ ਡੰਡੇ ਅਤੇ ਆਲੇ-ਦਵਾਲੇ ਲੱਕੜੀ ਦੇ ਮੁੱਠੇ ਬਣੇ ਹੋਏ ਸਨ। ਉੱਚੇ ਥਾਂ ਬਣਾਏ ਗਏ ਇਕ ਥੜ੍ਹੇ ਤੇ ਬੈਠ ਕੇ ਪੈਰਾਂ ਤੇ ਹੱਥਾਂ ਦੀ ਵਰਤੋਂ ਨਾਲ ਪਾਣੀ ਕੱਢਿਆ ਜਾ ਸਕਦਾ ਸੀ ਅਤੇ ਹੇਠਾਂ ਪੱਕਾ ਖੁਰਾ ਬਣਿਆ ਹੋਇਆ ਸੀ। ਇਥੇ ਪਿੰਡਾਂ ਦੇ ਲੋਕ ਟੂਟੀਆਂ 'ਤੇ ਨਹਾਉਂਦੇ ਅਤੇ ਪਿਆਸੇ ਰਾਹੀ ਪਾਣੀ ਪੀ ਲੈਂਦੇ ਸਨ। ਸਰੋਵਰ ਦੀ ਬਾਰਾਦਰੀਂ ਦੇ ਨਾਲ ਬੋਹੜ ਦਾ ਵੱਡਾ ਸਾਰਾ ਫੈਲਿਆ ਹੋਇਆ ਬ੍ਰਿਛ ਸੀ, ਜਿਸ ਦੇ ਹੇਠਾਂ ਕੁਸ਼ਤੀਆਂ ਕਰਨ ਲਈ ਇਕ ਅਖਾੜਾ ਵੀ ਬਣਾਇਆ ਹੋਇਆ ਸੀ। ਪਿੰਡ ਦੀ ਪੁਰਬ ਦੀ ਬਾਹੀ ਕੋਈ ਅੱਧ ਕੋਹ ਦੀ ਵਿੱਥ ਉੱਤੇ ਜੈਨ ਮੰਦਰ ਸੀ, ਜਿਸ ਨੂੰ ਭਾਭੜ-ਵਾਣੀ ਕਿਹਾ ਜਾਂਦਾ ਸੀ। ਇਹ ਸ਼ਾਇਦ ਉਸ ਵੇਲੇ ਦੀ ਇਤਿਹਾਸਕ ਯਾਦ ਨੂੰ ਤਾਜ਼ਾ ਕਰਦਾ ਸਥਾਨ ਹੈ, ਜਿਥੇ ਕਦੀ ਜੈਨ ਮੱਤ ਦਾ ਪਹਿਰਾ ਹੋਵੇਗਾ।

ਸ਼ਹੀਦ ਮਾ. ਊਧਮ ਸਿੰਘ ਦਾ ਜੱਦੀ ਮਕਾਨ ਪਿੰਡ ਦੇ ਵਿਚਕਾਰ ਵੱਸੀ ਹੋਈ ਲਾਲ ਪੁਰੀਆਂ ਦੀ ਪੱਤੀ ਵਿੱਚ ਸੀ।

ਇਸ ਪਿੰਡ ਦੀ ਇਕ ਸਦੀ ਦੇ ਇਤਿਹਾਸ ਵਿੱਚ ਜੋ ਵਿਸ਼ੇਸ਼ ਗੱਲ ਉਲੇਖ ਕਰਨ ਵਾਲੀ ਹੈ, ਉਹ ਹੈ ਇਸ ਪਿੰਡ ਵਿੱਚ ਪਿਛਲੇ ਸੌ ਸਾਲਾਂ ਤੋਂ ਵੀ ਵਧੇਰੇ ਲੱਗਦਾ

ਆਇਆ ਤਿੰਨ ਦਿਨਾਂ ਦਾ ਧਾਰਮਿਕ ਦੀਵਾਨ। ਸੰਭਵ ਹੈ ਕਿ ਇਹ ਧਾਰਮਿਕ ਦੀਵਾਨ 19ਵੀਂ ਸਦੀ ਦੇ ਖਾਲਸਾ ਦੀਵਾਨਾਂ ਦੇ ਪ੍ਰਭਾਵ ਥੱਲੇ ਆਰੰਭ ਹੋਇਆ ਹੋਵੇ। ਪਰ ਇਕ ਰਵਾਇਤ ਹੋਰ ਵੀ ਹੈ ਕਿ ਇਹ ਦੀਵਾਨ 1913-1914 ਦੇ ਕਾਮਾਗਾਟਾ ਮਾਰੂ ਜਹਾਜ ਦੇ ਸ਼ਹੀਦਾਂ ਦੀ ਯਾਦ ਵਿੱਚ ਸ਼ੁਰੂ ਕੀਤਾ ਗਿਆ ਹੋਵੇ। ਜਿਨ੍ਹਾਂ ਦੇ ਕੌਮੀ ਸ਼ਹੀਦਾਂ ਵਿੱਚ ਮਾਸਟਰ ਊਧਮ ਸਿੰਘ ਦਾ ਸਥਾਨ ਬੜਾ ਉੱਚਾ ਹੈ।

ਇਸ ਧਾਰਮਿਕ ਦੀਵਾਨ ਵਿੱਚ ਜਦੋਂ ਮੈਂ ਹੋਸ਼ ਸੰਭਾਲੀ, ਤਾਂ ਦੀਵਾਨ ਵਿੱਚ ਦੋ ਵੱਡੇ ਆਕਾਰ ਦੀਆਂ ਤਸਵੀਰਾਂ ਪ੍ਰਦਰਸ਼ਤ ਕੀਤੀਆਂ ਜਾਂਦੀਆਂ ਸਨ, ਜਿਨ੍ਹਾਂ ਵਿੱਚੋਂ ਇਕ ਮਾ. ਊਧਮ ਸਿੰਘ ਅਤੇ ਦੂਜੇ 23 ਨੰ. ਰਸਾਲੇ ਦੇ ਸ਼ਹੀਦ ਬੂਟਾ ਸਿੰਘ ਸਨ। (ਸ਼ਹੀਦ ਲਛਮਣ ਸਿੰਘ ਚੂਸਲੇਵੜ ਅਤੇ ਗ਼ਦਰੀ ਆਗੂ ਭਾਈ ਪ੍ਰੇਮ ਸਿੰਘ ਸੁਰ ਸਿੰਘ ਦੀ ਅਗਵਾਈ ਹੇਠ ਗ਼ਦਰ ਕਰਨ ਵਿੱਚ ਹਿੱਸਾ ਲੈਣ ਕਰਕੇ 3 ਸਤੰਬਰ, 1915 ਨੂੰ ਅੰਬਾਲਾ ਜੇਲ੍ਹ ਵਿੱਚ ਫਾਂਸੀ ਲਾ ਕੇ ਸ਼ਹੀਦ ਕੀਤੇ ਗਏ।)

ਇਸ ਧਾਰਮਿਕ ਦੀਵਾਨ ਵਿੱਚ ਲਗਾਈ ਗਈ ਮਾ. ਊਧਮ ਸਿੰਘ ਦੀ ਤਸਵੀਰ ਤੋਂ ਮੈਂ ਬਚਪਨ ਵਿੱਚ ਹੀ ਪ੍ਰਭਾਵਿਤ ਤਾਂ ਹੋਇਆ ਸਾਂ ਪਰ ਮੈਨੂੰ ਮਾ. ਊਧਮ ਸਿੰਘ ਜੀ ਦੇ ਜੀਵਨ ਤੇ ਸ਼ਹੀਦੀ ਦੇ ਸਮਾਚਾਰਾਂ ਬਾਰੇ ਕੋਈ ਬਹੁਤੀ ਜਾਣਕਾਰੀ ਨਹੀਂ ਸੀ। ਮੇਰੇ ਆਪਣੇ ਪਿਤਾ ਸਮਾਨ ਬਜ਼ੁਰਗ ਬਾਬਾ ਹਰਨਾਮ ਸਿੰਘ ਕਸੇਲ ਵੀ ਗ਼ਦਰ ਪਾਰਟੀ ਦੇ ਮਾਣਯੋਗ ਇਤਿਹਾਸ ਨਾਲ ਸੰਬੰਧ ਰੱਖਦੇ ਸਨ। ਜਿਨ੍ਹਾਂ ਬਾਰੇ ਮੈਂ ਵੱਖਰੇ ਭਾਗ ਵਿੱਚ ਉਲੇਖ ਕਰ ਦਿੱਤਾ ਹੈ।

ਸ਼ੁਕਰ ਦੀ ਗੱਲ ਹੈ ਕਿ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਵੱਲੋਂ ਸ਼੍ਰੀ ਚਿਰੰਜੀ ਲਾਲ ਕੰਗਣਪੁਰ ਦੀ ਲਿਖੀ ਪੁਸਤਕ ਸ਼ਹੀਦ ਮਾ. ਊਧਮ ਸਿੰਘ ਕਸੇਲ ਵਿੱਚ ਉਨ੍ਹਾਂ ਦੀ ਆਪਣੀ ਸਵੈ-ਰਚਨਾ 'ਯਾਦੇਂ ਰਫਤਗਾਨ' (ਬੀਤੇ ਦੀ ਯਾਦ) ਪ੍ਰਾਪਤ ਹੋਈ ਹੈ ਜੋ ਮਾਜੀ ਦੇ ਆਪਣੇ ਜੀਵਨ ਬਾਰੇ ਤੇ ਜੇਲ੍ਹਾਂ ਵਿੱਚ ਝੱਲੇ ਕਸ਼ਟਾਂ ਬਾਰੇ ਮਹੱਤਵਪੂਰਨ ਜਾਣਕਾਰੀ ਦਿੰਦੀ ਹੈ, ਜੋ ਇਤਿਹਾਸਕ ਦ੍ਰਿਸ਼ਟੀ ਤੋਂ ਬਹੁਤ ਮੁੱਲਵਾਨ ਦਸਤਾਵੇਜ਼ ਹੈ।

ਇਸੇ ਤਰ੍ਹਾਂ ਬਾਬਾ ਹਰਨਾਮ ਸਿੰਘ ਕਸੇਲ ਜੋ ਕਿਸੇ ਸਮੇਂ ਗ਼ਦਰ ਪਾਰਟੀ ਦੇ ਉੱਘੇ ਨੇਤਾਵਾਂ ਵਿੱਚੋਂ ਸਨ ਅਤੇ ਜਿਨ੍ਹਾਂ ਨੇ ਗ਼ਦਰ ਪਾਰਟੀ ਦੇ ਅੰਤਰ-ਰਾਸ਼ਟਰੀ ਖੇਤਰਾਂ ਵਿੱਚ ਆਪਣੀ ਸੇਵਾ ਨੂੰ ਨਿਭਾਇਆ ਹੈ, ਦੀ ਵੀ ਇਕ ਸਵੈ-ਜੀਵਨੀ 'ਆਪ

ਬੀਤੀ ਆਪਣੀ ਹੱਥੀਂ" ਲਿਖ ਗਏ ਸਨ। ਇਹ ਦੋਵੇਂ ਰਚਨਾਵਾਂ ਬੜੀਆਂ ਮੁੱਲਵਾਨ ਇਤਿਹਾਸਕ ਦਸਤਾਵੇਜ਼ਾਂ ਹਨ। ਜੋ ਗ਼ਦਰੀ ਦੇਸ਼ ਭਗਤਾਂ ਦੇ ਕੰਮ ਕਰਨ ਦੀ ਜੀਵਨ ਸ਼ੈਲੀ ਉੱਤੇ ਸੁੰਦਰ ਪ੍ਰਕਾਸ਼ ਪਾਉਂਦੀਆਂ ਹਨ।

ਆਸ ਹੈ ਕਿ ਮੇਰੀ ਇਸ ਖੋਜ ਭਰੀ ਸੇਵਾ ਤੋਂ ਪਾਠਕ ਕਾਫ਼ੀ ਬਹੁਮੁੱਲੀ ਜਾਣਕਾਰੀ ਪ੍ਰਾਪਤ ਕਰ ਸਕਣਗੇ।

ਪਟਿਆਲਾ **ਕਿਰਪਾਲ ਸਿੰਘ ਕਸੇਲ**

25-02-2012

1

ਪ੍ਰਵੇਸ਼ਿਕਾ

ਅੰਮ੍ਰਿਤਸਰ ਤੇ ਹੁਣ (ਤਰਨਤਾਰਨ) ਜ਼ਿਲ੍ਹੇ ਦਾ ਕਸੇਲ ਪਿੰਡ ਬਹੁਤ ਵੱਡੀ ਇਤਿਹਾਸਕ ਮਹਾਨਤਾ ਆਪਣੇ ਵਿੱਚ ਲਈ ਬੈਠਾ ਹੈ। ਪਿਛਲੇ ਡੇਢ ਸੌ ਸਾਲਾਂ ਤੋਂ ਚਲੀਆਂ ਲਹਿਰਾਂ ਵਿਚੋਂ ਇਸ ਪਿੰਡ ਦੇ ਵਾਸੀਆਂ ਨੇ ਵੱਧ ਚੜ੍ਹ ਕੇ ਹਿੱਸਾ ਪਾਇਆ ਹੈ। ਹਿੰਦੁਸਤਾਨ ਗ਼ਦਰ ਪਾਰਟੀ ਵੱਲੋਂ 1913 ਵਿੱਚ ਚਲਾਈ ਗਈ ਗ਼ਦਰ ਲਹਿਰ ਵਿੱਚ ਇਸ ਪਿੰਡ ਦੇ ਸੂਰਬੀਰ ਯੋਧਿਆਂ ਦਾ ਬਹੁਤ ਵੱਡਾ ਹੱਥ ਹੈ। ਹਿੰਦੁਸਤਾਨ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਤਾਂ ਪਿੰਡ ਕਸੇਲ ਨੂੰ ਗ਼ਦਰੀਆਂ ਦਾ ਮੱਕਾ ਕਹਿੰਦੇ ਹੁੰਦੇ ਸਨ। 20ਵੀਂ ਸਦੀ ਦੇ ਆਰੰਭ ਤੋਂ ਲੈ ਕੇ ਜਿੰਨ੍ਹੀਆਂ ਵੀ ਧਾਰਮਿਕ ਅਤੇ ਕੌਮੀ ਲਹਿਰਾਂ ਉਠੀਆਂ, ਉਨ੍ਹਾਂ ਸਭ ਵਿੱਚ ਇਸ ਪਿੰਡ ਦੇ ਵਾਸੀਆਂ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਭਾਵੇਂ ਉਹ 'ਗੁਰਦੁਆਰਾ ਸੁਧਾਰ ਲਹਿਰ ਹੋਵੇ' ਜਾਂ 1907 ਦੀ "ਪੱਗੜੀ ਸੰਭਾਲ ਜੱਟਾ' ਲਹਿਰ, 1913 ਦੀ ਹਿੰਦੁਸਤਾਨ ਗ਼ਦਰ ਪਾਰਟੀ ਲਹਿਰ ਤੇ ਸਵਤੰਤਰਤਾ ਸੰਗਰਾਮ ਲਈ ਚਲੀਆਂ ਲਹਿਰਾਂ ਅਤੇ 20ਵੀਂ ਸਦੀ ਦੇ ਦੂਜੇ ਦਹਾਕੇ ਦੀਆਂ ਕਾਂਗਰਸੀ, ਅਕਾਲੀ, ਕਿਰਤੀ ਤੇ ਨਾ-ਮਿਲਵਰਤਨ ਦੀ ਲਹਿਰ ਜੋ ਮਹਾਤਮਾ ਗਾਂਧੀ ਜੀ ਨੇ ਭਾਰਤ ਦੀ ਆਜ਼ਾਦੀ ਨੂੰ ਹਾਸਲ ਕਰਨ ਲਈ ਚਲਾਈ ਸੀ। ਪਰ ਗਾਂਧੀ ਜੀ ਵੱਲੋਂ ਵਿਦੇਸ਼ੀ ਸਾਮਰਾਜ ਵਿਰੁੱਧ ਚਲਾਇਆ ਗਿਆ ਅਸਹਿਯੋਗ ਅੰਦੋਲਨ ਦਾ ਆਰੰਭ ਤਾਂ ਗਾਂਧੀ ਜੀ ਦੇ ਰਾਸ਼ਟਰੀ ਮੰਚ ਉੱਤੇ ਆਉਣ ਤੋਂ 50-60 ਸਾਲ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਆਰੰਭ ਕੀਤੇ ਗਏ ਸੰਗਰਾਮ ਦਾ ਮੁੱਖ ਅੰਗ ਸੀ, ਜਿਸ ਨੂੰ ਰਾਸ਼ਟਰੀ ਅੰਦੋਲਨਾਂ ਵਿੱਚ ਕੂਕਾ ਅੰਦੋਲਨ ਕਰਕੇ ਜਾਣਿਆ ਜਾਂਦਾ ਹੈ। ਕੂਕਿਆਂ ਨੇ ਦੇਸ਼ ਵਿੱਚ ਰਾਸ਼ਟਰੀ ਚੇਤੰਨਤਾ ਨੂੰ ਜਗਾਇਆ ਅਤੇ ਬਹੁਤ ਵੱਡੀਆਂ ਕੁਰਬਾਨੀਆਂ ਦੇ ਕੇ ਕੌਮੀ ਸੰਗਠਨ ਨੂੰ ਮਜ਼ਬੂਤ ਕੌਮੀ ਆਧਾਰ ਦਿੱਤਾ। ਗ਼ਦਰ ਪਾਰਟੀ ਦੇ ਸੰਸਥਾਪਕ

ਬਾਬਾ ਸੋਹਨ ਸਿੰਘ ਭਕਨਾ ਪਹਿਲਾਂ ਨਾਮਧਾਰੀ ਮੱਤ ਨਾਲ ਜੁੜੇ ਰਹੇ ਸਨ। ਇਹੋ ਕਾਰਨ ਹੈ ਕਿ ਗ਼ਦਰ ਪਾਰਟੀ ਲਹਿਰ ਦੇ ਸਾਹਿਤ ਵਿੱਚ ਕੂਕਾ ਲਹਿਰ ਨੂੰ ਸਦਾ ਸਤਿਕਾਰ ਤੇ ਜਠੇਰਿਆਂ ਵਜੋਂ ਲਿਆ ਜਾਂਦਾ ਰਿਹਾ ਹੈ। ਪੰਜਾਬ ਵਿੱਚ ਚਲੀਆਂ ਬਹੁਤ ਸਾਰੀਆਂ ਰਾਜਸੀ ਲਹਿਰਾਂ ਦਾ ਕੇਂਦਰ ਬਿੰਦੂ ਕੇਂਦਰੀ ਪੰਜਾਬ ਜਾਂ ਮਾਝੇ ਦੀ ਧਰਤੀ ਹੀ ਸੀ।

ਜੇ ਜ਼ਰਾ ਪਿਛਲੇ ਦੋ ਸਦੀਆਂ ਦੇ ਇਤਿਹਾਸ ਉੱਤੇ ਨਜ਼ਰ ਮਾਰੀਏ ਤਾਂ ਸਿੱਧ ਹੋ ਜਾਵੇਗਾ ਕਿ ਪੰਜਾਬ ਨੇ ਹੀ ਸਭ ਤੋਂ ਪਹਿਲਾਂ ਕੌਮੀ ਆਵਾਜ਼ ਨੂੰ ਬੁਲੰਦ ਕੀਤਾ ਸੀ। ਪੰਜਾਬ ਦੇ ਇਤਿਹਾਸ ਵਿੱਚ ਹਜ਼ਾਰਾਂ ਸਾਲਾਂ ਦੀਆਂ ਯੁਗ-ਗਰਦੀਆਂ ਅਤੇ ਉੱਥਲ-ਪੁੱਥਲ ਪਿਛੋਂ 1801 ਤੋਂ ਲੈ ਕੇ 1839 ਤੱਕ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਨੂੰ ਵੱਡੇ ਗੌਰਵ ਵਾਲਾ ਇਤਿਹਾਸਕ ਯੁੱਗ ਮੰਨਿਆ ਜਾਂਦਾ ਹੈ। ਇਸ ਕਾਲ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਵਿੱਚ ਖੁਸ਼ਹਾਲੀ, ਅਮਨ ਅਤੇ ਪਰਜਾ-ਪਾਲਕ, ਖਾਲਸਾ ਰਾਜ ਸਥਾਪਿਤ ਕੀਤਾ ਜੋ ਪੰਜਾਬੀਆਂ ਦਾ ਸਾਂਝਾ ਕੌਮੀ ਰਾਜ ਸੀ।

ਉਸੇ ਕਾਲ ਵਿੱਚ 1816 ਵਿੱਚ ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਹੋਇਆ ਅਤੇ ਆਪਣੇ 1835 ਤੋਂ 1846 ਤੱਕ ਦੇ 11 ਸਾਲ ਪੰਜਾਬ ਸਰਕਾਰ ਦੀ ਸੇਵਾ ਵਿੱਚ ਗੁਜ਼ਾਰੇ। ਕੰਵਰ ਨੌਨਿਹਾਲ ਸਿੰਘ ਦੇ ਵਿਆਹ ਸਮੇਂ ਮਹਾਰਾਜਾ ਰਣਜੀਤ ਸਿੰਘ ਦੀ ਸ਼ਾਨ ਸ਼ਿਖਰ ਉੱਤੇ ਸੀ ਅਤੇ ਇੰਜ ਪ੍ਰਤੀਤ ਹੁੰਦਾ ਸੀ ਕਿ ਇਸ ਰਾਜ ਦਾ ਭਵਿੱਖ ਚਿਰ ਕਾਲ ਤੱਕ ਸਥਿਰ ਤੇ ਸੁਰੱਖਿਅਤ ਹੈ। ਮਹਾਰਾਜਾ ਰਣਜੀਤ ਸਿੰਘ ਦੇ ਕਾਲ ਦੀ ਉਸਾਰੀ ਸਾਮੰਤਵਾਦੀ ਲੀਹਾਂ ਉੱਤੇ ਕੀਤੀ ਗਈ ਸੀ। ਇਹ ਇਕ ਤਰ੍ਹਾਂ ਦਾ ਇਕ ਪੁਰਖੀ ਰਾਜ ਹੀ ਸੀ। ਦੂਰ-ਦਰਸ਼ੀ ਬਾਬਾ ਵੀਰ ਸਿੰਘ ਨੌਰੰਗਾਬਾਦੀ, ਬਾਬਾ ਮਹਾਰਾਜ ਸਿੰਘ ਅਤੇ ਸਤਿਗੁਰੂ ਰਾਮ ਸਿੰਘ ਨੇ ਇਸ ਸਾਮਰਾਜ ਦੇ ਦੁਖਾਂਤਕ ਅੰਤ ਨੂੰ ਪਹਿਲਾਂ ਹੀ ਜਾਣ ਲਿਆ ਸੀ ਅਤੇ ਉਨ੍ਹਾਂ ਕਹਿ ਦਿੱਤਾ ਸੀ, "ਇੱਥੇ ਹੁਣ ਅੰਗਰੇਜੀ ਵਾਜੇ ਵਜਣਗੇ।" ਆਪਣੀ ਇਸ ਭਾਖਿਆ ਦੇ ਕਾਰਨ ਗੁਰੂ ਰਾਮ ਸਿੰਘ ਜੀ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਕਰੋਪੀ ਦਾ ਸ਼ਿਕਾਰ ਵੀ ਹੋਣਾ ਪਿਆ ਸੀ। ਪਰ ਉਨ੍ਹਾਂ ਦੇ ਮਜ਼ਬੂਤ ਇਰਾਦਿਆਂ ਨੇ 1849 ਤੋਂ ਪਿਛੋਂ ਵਿਦੇਸ਼ੀ ਅੰਗਰੇਜ਼ੀ ਹਕੂਮਤ ਵਿਰੁੱਧ ਸ਼ਾਂਤਮਈ ਢੰਗ ਨਾਲ ਭਾਰਤ ਨੂੰ ਸੁਤੰਤਰ ਕਰਵਾਉਣ ਲਈ ਵੱਡਾ ਸੰਗਰਾਮ ਵਿੱਢ ਦਿੱਤਾ। ਆਪਣੀ ਦੂਰ-ਦ੍ਰਿਸ਼ਟੀ ਨਾਲ ਕੂਕਾ ਲਹਿਰ ਨੂੰ ਮਜ਼ਬੂਤ ਆਧਾਰ ਪ੍ਰਦਾਨ ਕੀਤੇ।

ਜਿਸ ਗ਼ਦਰ ਲਹਿਰ ਬਾਰੇ ਅਸੀਂ ਹੁਣ ਚਰਚਾ ਕਰਨ ਲੱਗੇ ਹਾਂ, ਉਨ੍ਹਾਂ ਦੇ ਗ਼ਦਰੀ ਸਾਹਿਤ ਵਿੱਚ ਕੂਕਾ ਲਹਿਰ ਦਾ ਥਾਂ-ਪੁਰ-ਥਾਂ ਜ਼ਿਕਰ ਆਉਂਦਾ ਹੈ।

ਹਿੰਦੁਸਤਾਨ ਦੀ ਆਜ਼ਾਦੀ ਦੀ ਪ੍ਰਾਪਤੀ ਲਈ 20ਵੀਂ ਸਦੀ ਦੀਆਂ ਦੋ ਲਹਿਰਾਂ ਜੋ ਸਮਾਨੰਤਰ ਹੀ ਚਲਦੀਆਂ ਰਹੀਆਂ, ਉਲੇਖ ਯੋਗ ਮੰਨੀਆਂ ਗਈਆਂ ਹਨ। ਇਕ ਸੀ ਇੰਡੀਅਨ ਨੈਸ਼ਨਲ ਕਾਂਗਰਸੀ ਲਹਿਰ ਅਤੇ ਦੂਜੀ ਹਿੰਦੁਸਤਾਨ ਗ਼ਦਰ ਪਾਰਟੀ ਲਹਿਰ। ਇੰਡੀਅਨ ਨੈਸ਼ਨਲ ਕਾਂਗਰਸ ਸ਼ਾਂਤਮਈ ਅੰਦੋਲਨਾਂ ਰਾਹੀਂ ਆਜ਼ਾਦੀ ਪ੍ਰਾਪਤ ਕਰਨਾ ਚਾਹੁੰਦੀ ਸੀ ਪਰ ਗ਼ਦਰ ਪਾਰਟੀ ਲਹਿਰ ਆਪਣੇ ਸੁਭਾਅ ਵਿੱਚ ਕ੍ਰਾਂਤੀਕਾਰੀ ਲਹਿਰ ਸੀ, ਜੋ ਹਥਿਆਰਬੰਦ ਢੰਗ ਨਾਲ ਸੰਘਰਸ਼ ਕਰਕੇ ਆਜ਼ਾਦੀ ਪ੍ਰਾਪਤ ਕਰਨਾ ਚਾਹੁੰਦੀ ਸੀ, ਜਿਸ ਮਹਾਨ ਗ਼ਦਰੀ ਸ਼ਹੀਦ ਮਾ. ਊਧਮ ਸਿੰਘ ਦੇ ਜੀਵਨ ਬਿਰਤਾਂਤ ਦਾ ਅਸੀਂ ਵਰਨਣ ਕਰ ਰਹੇ ਹਾਂ, ਉਹ ਕ੍ਰਾਂਤੀਕਾਰੀ ਲਹਿਰ ਅਤੇ ਹਥਿਆਰਬੰਦ ਇਨਕਲਾਬ ਵਿੱਚ ਵਿਸ਼ਵਾਸ ਰੱਖਦੀ ਸੀ। ਹਿੰਦੁਸਤਾਨ ਗ਼ਦਰ ਲਹਿਰ ਇਕ ਤਰ੍ਹਾਂ ਦੀ ਅੰਤਰ-ਰਾਸ਼ਟਰੀ ਲਹਿਰ ਹੀ ਸੀ, ਜਿਸ ਦੀਆਂ ਸ਼ਾਖਾਵਾਂ ਬਹੁਤ ਸਾਰੇ ਦੇਸ਼ਾਂ ਅਮਰੀਕਾ, ਕਨੇਡਾ, ਜਾਪਾਨ, ਚੀਨ, ਸਿੰਗਾਪੁਰ, ਇੰਡੋਨੇਸ਼ੀਆ, ਬਰਮਾ ਤੇ ਕਈ ਹੋਰ ਦੇਸ਼ਾਂ ਵਿੱਚ ਸਨ। ਜੇਕਰ ਵੇਖਿਆ ਜਾਵੇ ਤਾਂ ਗ਼ਦਰ ਪਾਰਟੀ ਦੀਆਂ ਸ਼ਾਖਾਵਾਂ ਯੋਰਪ ਵਿੱਚ ਵੀ ਮੌਜੂਦ ਸਨ।

ਇੱਥੇ ਮਹਾਨ ਇਨਕਲਾਬੀ ਨੇਤਾ ਕਾਰਲ-ਮਾਰਕਸ ਦਾ ਹਵਾਲਾ ਦੇਣਾ ਬੜਾ ਉਚਿਤ ਹੋਵੇਗਾ। ਕਾਰਲ ਮਾਰਕਸ 1848 ਦੇ ਆਪਣੇ ਕਮਿਊਨਿਸਟ ਮੈਨੀਫੈਸਟੋ ਦੇ ਆਖਰੀ ਸ਼ਬਦ ਬੜੇ ਮਹੱਤਵਪੂਰਨ ਸਨ। ਉਹ ਕਹਿੰਦਾ ਹੈ ਕਿ ਸੰਸਾਰ ਭਰ ਦੇ ਮਜ਼ਦੂਰਾਂ, ਕਿਰਤੀ-ਕਾਮਿਆਂ ਨੂੰ ਇਨਕਲਾਬ ਤੋਂ ਡਰਨ ਦੀ ਲੋੜ ਨਹੀਂ ਹੈ। ਇਨਕਲਾਬ ਦੇ ਆਉਣ ਨਾਲ ਉਨ੍ਹਾਂ ਦੀਆਂ ਜੰਜ਼ੀਰਾਂ ਹੀ ਟੁਟਣਗੀਆਂ ਅਤੇ ਦੂਜੇ ਬੰਨ੍ਹੇ ਸੰਸਾਰ ਉਨ੍ਹਾਂ ਦੇ ਜਿੱਤਣ ਲਈ ਮੌਜੂਦ ਹੈ। ਗ਼ਦਰ ਪਾਰਟੀ ਲਹਿਰ ਭਾਵੇਂ ਪ੍ਰਤੱਖ ਰੂਪ ਵਿੱਚ ਨਹੀਂ ਪਰ ਅਪ੍ਰਤੱਖ ਰੂਪ ਵਿੱਚ ਕਾਰਲ-ਮਾਰਕਸ ਦੇ ਮੱਤ ਦੀ ਰਿਣੀ ਹੈ।

ਹਿੰਦੁਸਤਾਨ ਗ਼ਦਰ ਪਾਰਟੀ ਲਹਿਰ ਭਾਵੇਂ ਅਮਰੀਕਾ ਦੇ ਸ਼ਹਿਰ ਸਾਨਫਰਾਂਸਿਸਕੋ ਵਿੱਚ ਹੋਂਦ ਵਿੱਚ ਆਈ। ਪਰ ਇਸ ਦਾ ਇਤਿਹਾਸ ਪ੍ਰਮੁੱਖ ਦੇਸ਼ ਭਗਤਾਂ ਲਾਲਾ ਹਰਦਿਆਲ, ਸ਼੍ਰੀ ਤਾਰਕ ਦਾਸ ਨਾਥ, ਕਾਮਾਗਾਟਾ ਮਾਰੂ ਦੇ ਬਾਬਾ ਗੁਰਦਿੱਤ ਸਿੰਘ ਅਤੇ ਕਈ ਹੋਰ ਉੱਘੀਆਂ ਹਸਤੀਆਂ ਨਾਲ ਜੁੜਿਆ ਹੋਇਆ ਹੈ।

ਹਿੰਦੁਸਤਾਨ ਗ਼ਦਰ ਪਾਰਟੀ ਦੀ ਸਥਾਪਨਾ ਵਿੱਚ ਭਾਵੇਂ ਲਾਲਾ ਹਰਦਿਆਲ, ਤਾਰਕ ਦਾਸ ਨਾਥ ਦੀ ਵੱਡੀ ਭੂਮਿਕਾ ਸੀ, ਪਰ ਇਸ ਦਾ ਕੇਂਦਰ ਬਿੰਦੂ ਪੰਜਾਬ ਦੀ ਮਾਝੇ ਦੀ ਉਹ ਛੋਟੀ ਕਿਰਸਾਨੀ ਦੀ ਦੇਣ ਸੀ, ਜੋ ਆਪਣੀ ਰੋਜ਼ੀ ਰੋਟੀ ਦੀ ਕਮਾਈ ਲਈ ਅਮਰੀਕਾ ਅਤੇ ਕੈਨੇਡਾ ਵਿੱਚ ਗਏ ਪਰ ਉਥੇ ਨਸਲੀ ਵਿਤਕਰੇ ਅਤੇ ਉਥੋਂ ਦੇ ਮਜ਼ਦੂਰਾਂ ਦੀ ਘਿਰਣਾ ਦਾ ਵੀ ਸ਼ਿਕਾਰ ਹੋਏ। ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਅਸੀਂ ਹਿੰਦੀ ਕਿਉਂ ਜੋ ਅੰਗਰੇਜ਼ਾਂ ਦੇ ਗੁਲਾਮ ਹਾਂ ਅਤੇ ਸਾਨੂੰ ਕੁੱਲੀ-ਕੁੱਲੀ ਕਹਿ ਕੇ ਪੁਕਾਰਿਆ ਜਾਂਦਾ ਹੈ। ਇਸ ਲਈ ਉਨ੍ਹਾਂ ਦੀ ਕੌਮੀ ਅਣਖ ਜਾਗ ਪਈ। ਜਿਸ ਜਾਗ੍ਰਿਤੀ ਦਾ ਵੱਡਾ ਸਰੋਤ ਤਾਂ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਦਰਸ਼ਨ ਸੀ।

"ਚੂੰ ਕਾਰ ਅਜ਼ ਹੀਲਤੇ ਬਰ ਗੁਜ਼ਸਤ
ਹਲਾਲ ਅਸਤ ਬਾ ਬੁਰਦਨ ਸ਼ਮਸ਼ੀਰੇ ਦਸਤ"

ਅਰਥਾਤ ਜਦੋਂ ਇਨਸਾਫ਼ ਦੇ ਸਾਰੇ ਹੀਲੇ ਮੁੱਕ ਜਾਣ ਤਾਂ ਹੱਥਾਂ ਵਿੱਚ ਤਲਵਾਰ ਉਠਾਉਣਾ ਜਾਇਜ਼ ਹੈ। ਗ਼ਦਰ ਪਾਰਟੀ ਦੇ ਬਹਾਦਰ ਦੇਸ਼ ਭਗਤਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਇਸੇ ਸੰਦੇਸ਼ ਨੂੰ ਅਮਲ ਵਿੱਚ ਲਿਆਂਦਾ ਅਤੇ ਗ਼ਦਰ ਪਾਰਟੀ ਦੀ ਸਥਾਪਨਾ 11 ਅਪ੍ਰੈਲ, 1913 ਨੂੰ ਕੀਤੀ।

ਗ਼ਦਰ ਪਾਰਟੀ ਦੇ ਇਨ੍ਹਾਂ ਮੋਢੀ ਆਗੂਆਂ ਵਿੱਚ ਮਾਝੇ ਦੇ ਸਿੱਖ ਨੌਜਵਾਨਾਂ ਨੇ ਕੇਂਦਰ ਬਿੰਦੂ ਦਾ ਕਾਰਜ ਕੀਤਾ। ਇਹ ਦੇਸ਼ ਭਗਤ ਯੋਧੇ ਸਨ - ਬਾਬਾ ਸੋਹਨ ਸਿੰਘ ਭਕਨਾ, ਬਾਬਾ ਜਵਾਲਾ ਸਿੰਘ, ਮਾ. ਊਧਮ ਸਿੰਘ ਕਸੇਲ, ਬਾਬਾ ਕੇਸਰ ਸਿੰਘ ਠੱਠਗੜ, ਬਾਬਾ ਵਸਾਖਾ ਸਿੰਘ, ਹਰਨਾਮ ਸਿੰਘ ਕਸੇਲ, ਹਰਨਾਮ ਸਿੰਘ ਟੁੰਡੀਲਾਟ ਅਤੇ ਹੋਰ ਬੀਰ ਨੌਜਵਾਨ ਪੰਜਾਬੀ। ਇਨ੍ਹਾਂ ਮੋਢੀ ਦੇਸ਼ ਭਗਤ ਆਗੂਆਂ ਵਿੱਚ ਸ਼ਹੀਦ ਮਾ. ਊਧਮ ਸਿੰਘ ਕਸੇਲ ਦਾ ਨਾਂ ਵਿਸ਼ੇਸ਼ ਤੌਰ 'ਤੇ ਸੁਨਹਿਰੀ ਅੱਖਰਾਂ ਵਿੱਚ ਵਰਣਨਯੋਗ ਹੈ। ਜਿਨ੍ਹਾਂ ਨੇ ਆਪਣੇ ਜੀਵਨ ਵਿੱਚ ਲੰਮਾ ਸੰਘਰਸ਼ ਕੀਤਾ ਅਤੇ ਆਪਣੇ ਇਨਕਲਾਬੀ ਮਾਰਗ ਉੱਤੇ ਚਲਦਿਆਂ 1926 ਨੂੰ ਅਫਗਾਨਿਸਤਾਨ ਦੀ ਹੱਦ ਤੇ 6 ਧਾੜਵੀਆਂ ਦੀਆਂ ਗੋਲੀਆਂ ਦਾ ਟਾਕਰਾ ਕਰਦੇ ਹੋਏ ਸ਼ਹੀਦ ਹੋਏ।

2

ਪਰਿਵਾਰਕ ਪਿਛੋਕੜ

ਕੇਂਦਰੀ ਪੰਜਾਬ ਅੰਮ੍ਰਿਤਸਰ ਤੇ ਤਰਨਤਾਰਨ ਜ਼ਿਲ੍ਹਿਆਂ ਦੇ ਦੱਖਣ-ਪੱਛਮੀ

ਸਥਾਨ ਤੇ ਲਗਭਗ ਇਕੋ ਜਿਹੇ ਫਾਸਲੇ ਤੇ ਪਿੰਡ ਕਸੇਲ ਇਕ ਉੱਚੇ ਥੇਹ 'ਤੇ ਵਸਿਆ ਹੋਇਆ ਹੈ, ਜਿਸ ਨੂੰ ਚਾਰ ਚੌਫੇਰੇ ਤੋਂ ਜਾਂਦਿਆਂ ਹੋਇਆਂ ਵੇਖਿਆ ਜਾ ਸਕਦਾ ਹੈ। ਇਸ ਪਿੰਡ ਦਾ ਪਹਿਲਾ ਨਾਂ ਕੌਸ਼ਲ-ਨਗਰੀ ਸੀ, ਜਿਸ ਤੋਂ ਵਿਗੜਦਾ ਹੋਇਆ ਇਹ ਕੌਸ਼ਲ ਤੋਂ ਕਸੇਲ ਬਣ ਗਿਆ। ਛੇਹਰਟੇ ਤੋਂ ਬੀੜ ਬਾਬਾ ਬੁੱਢਾ ਸਾਹਿਬ ਨੂੰ ਜਾਂਦੀ ਹੋਈ ਸੜਕ ਉੱਤੇ 7-8 ਮੀਲ ਦੀ ਦੂਰੀ ਤੇ ਸੱਜੇ ਹੱਥ ਪੱਛਮ ਦੀ ਬਾਹੀ ਇਹ ਪਿੰਡ ਵਸਿਆ ਹੋਇਆ ਹੈ। ਆਮ ਤੌਰ ਤੇ ਮਾਝੇ ਦੇ ਦੋ ਪਿੰਡਾਂ ਨੂੰ ਇਕੱਠਾ ਕਰਕੇ ਬੋਲਿਆ ਜਾਂਦਾ ਹੈ। ਜਿਵੇਂ ਢੰਡ-ਕਸੇਲ, ਚਿੰਚਾ ਭਕਨਾ, ਸੁਰਸਿੰਗ ਝਬਾਲ, ਨੌਸ਼ਹਿਰਾ ਭਢਾਣਾ ਆਦਿ। ਦੇਸ਼ ਵੰਡ ਤੋਂ ਪਹਿਲਾਂ ਇਸ ਪਿੰਡ ਦੀ ਆਬਾਦੀ 5000 ਦੇ ਕਰੀਬ ਸੀ, ਜਿਸ ਵਿੱਚ ਹਿੰਦੂ, ਸਿੱਖ, ਮੁਸਲਮਾਨ, ਈਸਾਈ ਸਭ ਮਿਲ-ਜੁਲ ਕੇ ਰਹਿੰਦੇ ਸਨ। ਵੱਡਾ ਪਿੰਡ ਹੋਣ ਕਰਕੇ ਇਸ ਦੀਆਂ ਬਾਰ੍ਹਾਂ-ਪੱਤੀਆਂ ਸਨ। ਇਨ੍ਹਾਂ ਵਿੱਚ ਇਕ ਪੱਤੀ ਲਾਲਪੁਰੀਆਂ ਦੀ ਪੱਤੀ ਕਰਕੇ ਜਾਣੀ ਜਾਂਦੀ ਹੈ। ਮਾ. ਊਧਮ ਸਿੰਘ ਦਾ ਸੰਬੰਧ ਇਸੇ ਪੱਤੀ ਨਾਲ ਹੀ ਜਾ ਜੁੜਦਾ ਹੈ। ਅੱਗੇ ਜਾ ਕੇ ਅਸੀਂ ਵੇਖਾਂਗੇ ਕਿ ਅਫਗਾਨਿਸਤਾਨ ਵਿੱਚ ਜਿਥੇ ਮਾ. ਊਧਮ ਸਿੰਘ ਨੇ ਆਪਣੇ ਜੀਵਨ ਦੇ 5 ਸਾਲ ਬਿਤਾਏ। ਉਸ ਪਿੰਡ ਦਾ ਨਾਂ ਵੀ ਲਾਲਪੁਰਾ ਹੀ ਸੀ। ਊਧਮ ਸਿੰਘ ਦਾ ਜਨਮ 15 ਮਾਰਚ, 1882 ਨੂੰ ਪਿਤਾ ਸ. ਮੇਵਾ ਸਿੰਘ ਤੇ ਮਾਤਾ ਹੁਕਮ ਕੌਰ ਦੇ ਘਰ ਹੋਇਆ। ਆਪ ਆਪਣੇ ਪੰਜਾਂ ਭਰਾਵਾਂ ਵਿਚੋਂ ਸਭ ਤੋਂ ਛੋਟੇ ਸਨ। ਇਨ੍ਹਾਂ ਦੇ ਵੱਡੇ ਭਾਈ ਦਾ ਨਾਂ ਬਾਬਾ ਅਜੀਤ ਸਿੰਘ, ਜੋ ਹੱਥ ਵਿੱਚ ਖੂੰਡਾ ਰੱਖਦੇ ਸਨ ਅਤੇ ਉਨ੍ਹਾਂ ਨੂੰ ਬਾਬਾ ਅਜੀਤ ਸਿੰਘ ਖੂੰਡੇ ਵਾਲਾ ਕਰਕੇ ਹੀ ਜਾਣਿਆ ਜਾਂਦਾ ਸੀ। ਬਾਬਾ ਅਜੀਤ ਸਿੰਘ ਬੜੇ ਕੈੜ ਜਵਾਨ ਸਨ, ਜਿਨ੍ਹਾਂ ਦਾ ਕੱਦ 6 ਫੁੱਟ ਅਤੇ ਚਿਹਰਾ ਬੜਾ ਭਾਰਾ ਸੀ। ਮਾ. ਊਧਮ ਸਿੰਘ ਵੀ ਆਪਣੇ ਵੱਡੇ ਭਰਾ ਦੀ ਨਿਆਈਂ ਭਾਰੇ ਚਿਹਰੇ ਵਾਲੇ ਦਰਸ਼ਨੀ ਜਵਾਨ ਸਨ। ਪਿੰਡ ਤੋਂ ਚਾਰ ਜਮਾਤਾਂ ਅਤੇ ਅੰਮ੍ਰਿਤਸਰ ਦੇ ਖਾਲਸਾ ਸਕੂਲ ਤੋਂ ਦਸਵੀਂ ਪਾਸ ਕਰਕੇ ਆਪ ਨੌਕਰੀ ਦੀ ਤਲਾਸ਼ ਵਿੱਚ ਵਿਦੇਸ਼ਾਂ ਨੂੰ ਚਲੇ ਗਏ। ਪਹਿਲਾਂ ਪਿਨਾਂਗ ਤੇ ਫੇਰ ਤੇਪਨ ਹੁੰਦੇ ਹੋਏ ਮਲਾਇਆ ਪੁੱਜ ਗਏ। ਜਿਥੇ ਉਹ 'ਮਲਾਇਆ ਸਟੇਟ ਗਾਈਡ' ਵਿੱਚ ਬਤੌਰ ਸਿਗਨਲਰ ਭਰਤੀ ਹੋ ਗਏ। ਉਨ੍ਹਾਂ ਦਿਨਾਂ ਵਿੱਚ ਰੋਜ਼ਗਾਰ ਦੀ ਭਾਲ ਵਿੱਚ ਆਮ ਨੌਜਵਾਨ ਦੱਖਣ ਪੂਰਬ ਏਸ਼ੀਆ ਦੇ ਦੇਸ਼ਾਂ ਵਿੱਚ ਜਾਂਦੇ ਸਨ। ਜਿਥੇ ਬਹੁਤ ਸਾਰਿਆਂ ਨੂੰ ਚੌਕੀਦਾਰੀ ਜਾਂ ਨਿੱਕੀਆਂ-ਮੋਟੀਆਂ ਨੌਕਰੀਆਂ ਮਿਲ ਜਾਂਦੀਆਂ ਸਨ। ਪੜ੍ਹੇ-ਲਿਖੇ ਚੰਗੀਆਂ ਨੌਕਰੀਆਂ 'ਤੇ ਵੀ ਲੱਗ ਜਾਂਦੇ ਸਨ।

ਫੇਰ ਆਪ ਨੇ 1907 ਵਿੱਚ ਮਲਾਇਆ ਨੌਕਰੀ ਤੋਂ ਅਸਤੀਫਾ ਦੇ ਦਿੱਤਾ। ਆਪ ਅੰਗਰੇਜ਼ੀ ਜ਼ੁਬਾਨ ਬੋਲਣ ਵਿੱਚ ਵੀ ਮਹਾਰਥ ਰੱਖਦੇ ਸਨ। ਇਸ ਲਈ ਆਪ ਛੇਤੀ ਹੀ ਅਮਰੀਕਾ ਪਹੁੰਚ ਗਏ। ਉਥੇ ਆਪ ਜੀ ਦਾ ਮੇਲ ਭਾਈ ਸੋਹਣ ਸਿੰਘ ਭਕਨਾ, ਭਾਈ ਜੁਆਲਾ ਸਿੰਘ ਠੱਠੀਆ, ਬਾਬਾ ਵਸਾਖਾ ਸਿੰਘ ਨਾਲ ਹੋਇਆ। ਇਨ੍ਹਾਂ ਭਰਾਵਾਂ ਦੀ ਮਦਦ ਨਾਲ ਆਪ ਔਰੇਗਨ ਰਾਜ ਦੀ ਲੰਬਰ (ਆਰਾ ਮਿਲ) ਵਿੱਚ ਲੱਗ ਗਏ। ਉਨ੍ਹਾਂ ਦਿਨਾਂ ਵਿੱਚ ਅਮਰੀਕਾ ਵਿੱਚ ਰਹਿ ਰਹੇ ਭਾਰਤੀਆਂ ਦੀ ਗਿਣਤੀ ਇਕ ਹਜ਼ਾਰ ਦੇ ਲਗਭਗ ਸੀ ਅਤੇ ਉਹ ਦਸਾਂ-ਦਸਾਂ ਦੀਆਂ ਟੋਲੀਆਂ ਵਿੱਚ ਰੱਲ ਕੇ ਅਮਰੀਕਾ ਵਿੱਚ ਰਹਿ ਰਹੇ ਸਨ। ਇਨ੍ਹਾਂ ਵਿਚੋਂ ਕਈ ਪੰਜਾਬੀ ਸੇਂਟਜਾਨ ਦੀ ਆਰਾ ਮਿਲ ਵਿੱਚ ਕੰਮ ਕਰਦੇ ਸਨ। ਸਰਵ ਸ਼੍ਰੀ ਭਾਈ ਸੋਹਣ ਸਿੰਘ ਭਕਨਾ, ਭਾਈ ਈਸ਼ਰ ਸਿੰਘ, ਸ਼੍ਰੀ ਰਾਮ ਰੱਖਾ, ਭਾਈ ਹਰਨਾਮ ਸਿੰਘ ਕੋਟਲਾ, ਨੌਧ ਸਿੰਘ ਇਸੇ ਮਿਲ ਵਿੱਚ ਕੰਮ ਕਰਦੇ ਸਨ। ਹਰ ਛੁੱਟੀ ਵਾਲੇ ਦਿਨ ਉਹ ਇਕੱਠੇ ਹੁੰਦੇ ਅਤੇ ਆਪਣੀਆਂ ਸਮੱਸਿਆਵਾਂ ਸੰਬੰਧੀ ਵਿਚਾਰ-ਵਟਾਂਦਰਾ ਕਰਦੇ।

ਪਿਛਲੇ ਸੌ ਸਾਲਾਂ ਵਿੱਚ ਯੂਰਪ ਦੇ ਦੇਸ਼ਾਂ ਵਿੱਚੋਂ ਵੀ ਬਹੁਤ ਸਾਰੇ ਲੋਕ ਅਮਰੀਕਾ ਅਤੇ ਕੈਨੇਡਾ ਵਿੱਚ ਜਾ ਵਸੇ ਸਨ। ਇਨ੍ਹਾਂ ਯੂਰਪੀ ਅਤੇ ਏਸ਼ੀਆਈ ਕੌਮਾਂ ਵਿੱਚ ਪਰਸਪਰ ਮਿਲਾਪ ਦੀ ਥਾਂ ਨਸਲੀ ਪਾੜਾ ਵੀ ਉਭਰ ਆਇਆ ਸੀ। ਯੂਰਪ ਦੀਆਂ ਸਫੈਦ ਕੌਮਾਂ ਏਸ਼ੀਆ ਦੇ ਪਰਵਾਸੀਆਂ ਨੂੰ ਨੀਵਾਂ ਸਮਝਦੀਆਂ ਸਨ। ਜਿਸ ਦਾ ਅਹਿਸਾਸ ਹਿੰਦੀ ਮਜ਼ਦੂਰਾਂ ਨੂੰ ਵੀ ਹੋਣ ਲੱਗ ਪਿਆ ਸੀ। ਕਈ ਥਾਵਾਂ ਤੇ ਯੂਰਪੀਆਂ ਅਤੇ ਏਸ਼ੀਆਈਆਂ ਵਿੱਚ ਲੜਾਈ ਝਗੜੇ ਅਤੇ ਟਾਕਰੇ ਵੀ ਹੋਏ। ਗੋਰਿਆਂ ਦੇ ਹੋਟਲਾਂ 'ਤੇ ਇਹ ਲਿਖਿਆ ਹੁੰਦਾ ਸੀ, "ਹਿੰਦੁਸਤਾਨੀ ਕੁੱਲੀਆਂ ਤੇ ਕੁੱਤਿਆਂ ਨੂੰ ਅੰਦਰ ਆਉਣ ਦੀ ਇਜ਼ਾਜ਼ਤ ਨਹੀਂ।" ਯੋਰਪੀਨਾਂ ਦੇ ਅਜਿਹੇ ਵਿਹਾਰ ਨੇ ਭਾਰਤੀ ਮਜ਼ਦੂਰਾਂ ਨੂੰ ਇਹ ਅਹਿਸਾਸ ਕਰਵਾ ਦਿੱਤਾ ਕਿ ਉਨ੍ਹਾਂ ਨਾਲ ਅਜਿਹਾ ਮੰਦਾ ਵਿਹਾਰ ਇਸ ਲਈ ਕੀਤਾ ਜਾਂਦਾ ਹੈ, ਕਿਉਂ ਜੋ ਉਹ ਅੰਗਰੇਜ਼ਾਂ ਦੇ ਗੁਲਾਮ ਹਨ। ਇਸ ਅਹਿਸਾਸ ਨੇ ਉਨ੍ਹਾਂ ਨੂੰ ਜਥੇਬੰਦ ਹੋਣ ਦਾ ਅਹਿਸਾਸ ਕਰਵਾਇਆ। 1908 ਵਿੱਚ ਇੰਡੀਆ ਹਾਊਸ ਦੇ ਬੰਦ ਹੋ ਜਾਣ ਨਾਲ ਸ਼੍ਰੀ ਤਾਰਕ ਨਾਥ ਦਾਸ ਅਮਰੀਕਾ ਦੇ ਸ਼ਹਿਰ ਸੀਆਟਲ ਵਿੱਚ ਆ ਗਏ। ਇਸੇ ਤਰ੍ਹਾਂ ਕੈਨੇਡਾ ਤੋਂ ਜੀ.ਡੀ. ਕੁਮਾਰ ਵੀ ਸੀਆਟਲ ਆ ਗਿਆ ਅਤੇ ਬਾਬੂ ਹਰਨਾਮ ਸਿੰਘ ਸਾਹਰੀ ਨੂੰ ਨਾਲ ਲੈ ਕੇ ਹਿੰਦੀਆਂ ਦੇ ਡੇਰਿਆਂ 'ਤੇ ਪਹੁੰਚਿਆ ਅਤੇ ਉਨ੍ਹਾਂ ਨੂੰ ਜਥੇਬੰਦ ਕਰਨ ਦਾ ਯਤਨ ਕੀਤਾ। ਪੋਰਟਲੈਂਡ ਵਿੱਚ ਇਕ ਇਕੱਤਰਤਾ ਬੁਲਾਈ ਗਈ,

ਜਿਸ ਵਿੱਚ "ਹਿੰਦੁਸਤਾਨ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ" ਹੋਂਦ ਵਿੱਚ ਆਈ, ਜਿਸ ਦੇ ਪ੍ਰਧਾਨ ਭਾਈ ਸੋਹਨ ਸਿੰਘ ਭਕਨਾ, ਜੀ.ਡੀ. ਕੁਮਾਰ ਅਤੇ ਪੰਡਤ ਕਾਂਸ਼ੀ ਰਾਮ ਹੋਰ ਅਹੁੱਦੇਦਾਰ ਚੁਣੇ ਗਏ।

ਸੇਂਟਜਾਨ ਦੀ ਆਰਾ ਮਿਲ ਆਰਥਿਕ ਮੰਦਵਾੜੇ ਕਰਕੇ ਬੰਦ ਕਰ ਦਿੱਤੀ ਗਈ ਅਤੇ ਭਾਈ ਸੋਹਣ ਸਿੰਘ ਭਕਨਾ ਤੇ ਮਾ. ਊਧਮ ਸਿੰਘ ਜੋ ਇਸ ਮਿਲ ਵਿੱਚ ਕੰਮ ਕਰਦੇ ਸਨ, ਵਿਹਲੇ ਹੋ ਗਏ। ਇਹ ਦੋਵੇਂ ਭਾਈ ਕੇਸਰ ਸਿੰਘ ਠੱਠਗੜ ਨਾਲ ਸਲਾਹ-ਮਸ਼ਵਰਾ ਕਰਨ ਲਈ ਆਸਟੋਰੀਆ ਪਹੁੰਚੇ। ਉਥੇ ਵੀ "ਹਿੰਦੁਸਤਾਨ ਐਸੋਸੀਏਸ਼ਨ" ਦੀ ਸ਼ਾਖਾ ਕਾਇਮ ਹੋ ਗਈ, ਜਿਸ ਦੇ ਪ੍ਰਧਾਨ ਕੇਸਰ ਸਿੰਘ ਠੱਠਗੜ ਅਤੇ ਮੁਣਸ਼ੀ ਰਾਮ ਤੇ ਕਰੀਮ ਬਖਸ਼ ਸਕੱਤਰ ਅਤੇ ਸ਼੍ਰੀ ਕਾਂਸ਼ੀ ਰਾਮ ਖਜਾਨਚੀ ਬਣਾਏ ਗਏ। ਇਨ੍ਹਾਂ ਚੁਣੇ ਗਏ ਅਹੁੱਦੇਦਾਰਾਂ ਨੇ ਜਿੱਥੇ ਵੀ ਪੰਜਾਬੀ-ਕਿਰਤੀ ਵੱਸਦੇ ਸਨ, ਉਨ੍ਹਾਂ ਨੂੰ ਜਥੇਬੰਦ ਕਰਨ ਦੇ ਯਤਨ ਕੀਤੇ ਤਾਂ ਜੋ ਇਕੱਠੇ ਹੋ ਕੇ ਆਪਣੇ ਹਿੱਤਾਂ ਦੀ ਰਾਖੀ ਕੀਤੀ ਜਾ ਸਕੇ। ਇਸ ਪ੍ਰਚਾਰ ਮੁਹਿੰਮ ਵਿੱਚ ਊਧਮ ਸਿੰਘ ਕਸੇਲ ਨੇ ਵੱਧ-ਚੜ੍ਹ ਕੇ ਭਾਗ ਲਿਆ। ਜੀ.ਡੀ. ਕੁਮਾਰ ਦੇ ਬੀਮਾਰ ਹੋ ਜਾਣ ਕਾਰਨ ਅਖ਼ਬਾਰ ਦਾ ਕੰਮ ਜਦੋਂ ਬੰਦ ਹੋਣ ਲੱਗਾ ਤਾਂ ਲਾਲਾ ਹਰਦਿਆਲ ਨੂੰ ਬੁਲਾਉਣ ਦੀ ਵਿਉਂਤ ਬਣਾਈ ਗਈ ਤਾਂ ਜੋ ਉਹ ਅਖ਼ਬਾਰ ਦਾ ਕੰਮ ਨਿਭਾ ਸਕੇ। ਲਾਲਾ ਹਰਦਿਆਲ ਸ਼੍ਰੀ ਕਾਂਸ਼ੀ ਰਾਮ ਦੇ ਸੱਦੇ ਤੇ ਸੈਂਟਜਾਨ ਆ ਗਏ ਅਤੇ 25 ਮਾਰਚ, 1913 ਨੂੰ ਬੁਲਾਈ ਗਈ ਇਕੱਤਰਤਾ ਨੂੰ ਸੰਬੋਧਨ ਕੀਤਾ। ਅਜਿਹੀ ਇਕ ਇਕੱਤਰਤਾ 14 ਅਪ੍ਰੈਲ ਨੂੰ ਉਰੇਗਾਨ ਵਿੱਚ ਵੀ ਕੀਤੀ ਗਈ, ਜਿਸ ਦਾ ਸਾਰਾ ਪ੍ਰਬੰਧ ਊਧਮ ਸਿੰਘ ਕਸੇਲ ਨੇ ਕੀਤਾ। ਅਗਲੀ ਇਕੱਤਰਤਾ 21 ਅਪ੍ਰੈਲ, 1913 ਨੂੰ ਅਸਟੋਰੀਆ ਵਿਖੇ ਭਾਈ ਕੇਸਰ ਸਿੰਘ ਠੱਠਗੜ੍ਹ ਦੇ ਡੇਰੇ ਰੱਖੀ ਗਈ। ਇਸ ਇਕੱਤਰਤਾ ਵਿੱਚ ਸ. ਕਰਤਾਰ ਸਿੰਘ ਸਰਾਭਾ ਜੋ ਅਮਰੀਕਾ ਵਿੱਚ ਪੜ੍ਹਾਈ ਕਰਨ ਗਿਆ ਸੀ, ਪਹਿਲੀ ਵਾਰ ਸ਼ਾਮਲ ਹੋਇਆ। ਲਾਲਾ ਹਰਦਿਆਲ ਨੇ "ਹਿੰਦੁਸਤਾਨ ਐਸੋਸੀਏਸ਼ਨ ਆਫ ਪੈਸੇਫ਼ਿਕ ਕੋਸਟ" ਦੇ ਅਗਲੇ ਪ੍ਰੋਗਰਾਮ ਬਾਰੇ ਸੁਝਾਅ ਦਿੱਤੇ ਤਾਂ ਵਾਨਾਂ ਬਰਾਂਚ ਦੇ ਸਕੱਤਰ ਨੌਜਵਾਨ ਊਧਮ ਸਿੰਘ ਕਸੇਲ ਨੂੰ ਬਣਾਇਆ ਗਿਆ। ਲਾਲਾ ਹਰਦਿਆਲ ਵੱਲੋਂ ਚਲਾਈ ਜਾ ਰਹੀ ਇਸ ਜਥੇਬੰਦੀ ਵਿੱਚ ਊਧਮ ਸਿੰਘ ਬੜੀ ਗਰਮਜੋਸ਼ੀ ਨਾਲ ਕੰਮ ਕਰਦੇ ਰਹੇ। ਪਾਰਟੀ ਦਾ ਮੁੱਖ ਨਿਸ਼ਾਨਾ ਅੰਗਰੇਜ਼ੀ ਹਕੂਮਤ ਨੂੰ ਹਿੰਦੁਸਤਾਨ ਵਿਚੋਂ ਖਤਮ ਕਰਨਾ ਅਤੇ ਉਸ ਦੀ ਥਾਂ ਪਰਜਾ-ਤੰਤਰ ਕਾਇਮ ਕਰਨਾ ਸੀ। ਇਸ ਕੰਮ ਵਿੱਚ ਊਧਮ ਸਿੰਘ ਕਸੇਲ ਨੂੰ

ਪਾਰਟੀ ਵਿੱਚ ਸ਼ਾਮਲ ਨੌਜਵਾਨਾਂ ਨੂੰ ਫ਼ੌਜੀ ਸਿਖਲਾਈ ਦੇਣ ਦਾ ਕੰਮ ਸੌਂਪਿਆ ਗਿਆ, ਜਿਸ ਵਿੱਚ ਉਹ ਕਾਫ਼ੀ ਮਾਹਿਰ ਸਨ।

4 ਅਗਸਤ, 1914 ਨੂੰ ਜਦੋਂ ਪਹਿਲੀ ਸੰਸਾਰ ਜੰਗ ਸ਼ੁਰੂ ਹੋਈ ਤਾਂ ਅੰਗਰੇਜ਼ਾਂ ਦੇ ਉਸ ਵਿੱਚ ਸ਼ਾਮਲ ਹੋਣ ਕਰਕੇ ਇਹ ਇਕ ਚੰਗਾ ਮੌਕਾ ਸਮਝਿਆ ਗਿਆ। ਦੁਸ਼ਮਣ ਨੂੰ ਜੰਗ ਵਿੱਚ ਫਸਿਆ ਹੋਣ ਕਰਕੇ ਉਸ ਉੱਤੇ ਸੱਟ ਮਾਰਨ ਦਾ ਇਹ ਸੁਨਹਿਰੀ ਮੌਕਾ ਸੀ। 11 ਅਗਸਤ ਦੇ ਗ਼ਦਰ ਅਖ਼ਬਾਰ ਵਿੱਚ ਇਹ ਐਲਾਨ ਛਪਿਆ ਕਿ "ਯੁੱਧ ਦਾ ਬਿਗਲ ਵਜ ਚੁੱਕਾ ਹੈ, ਸਾਨੂੰ ਛੇਤੀ ਹਿੰਦੁਸਤਾਨ ਜਾ ਕੇ ਅੰਗਰੇਜ਼ਾਂ ਵਿਰੁੱਧ ਹਥਿਆਰਬੰਦ ਯੁੱਧ ਸ਼ੁਰੂ ਕਰ ਦੇਣਾ ਚਾਹੀਦਾ ਹੈ।" ਇਸ ਲਈ ਬਹੁਤ ਸਾਰੇ ਭਾਰਤੀ ਨੌਜਵਾਨ ਦੇਸ਼ ਵਾਪਸ ਪਹੁੰਚਣ ਦੇ ਯਤਨ ਕਰਨ ਲੱਗੇ ਅਤੇ ਅਮਰੀਕਾ ਤੋਂ ਵੱਖ-ਵੱਖ ਜਹਾਜ਼ਾਂ ਰਾਹੀਂ ਹਿੰਦੀ ਨੌਜਵਾਨਾਂ ਦੀਆਂ ਟੋਲੀਆਂ ਸਵਾਰ ਹੋ ਕੇ ਦੇਸ਼ ਨੂੰ ਪਰਤਣ ਲੱਗੀਆਂ।

3

ਤੋਸ਼ਾ-ਮਾਰੂ ਜਹਾਜ਼ ਰਾਹੀਂ ਵਾਪਸ ਦੇਸ਼ ਪਰਤਣਾ

ਹਾਂਗ-ਕਾਂਗ ਤੋਂ ਤੋਸ਼ਾਮਾਰੂ ਜਹਾਜ਼ ਕਿਰਾਏ 'ਤੇ ਕਰਕੇ ਊਧਮ ਸਿੰਘ ਕਸੇਲ ਤੇ ਉਸਦੇ ਸਾਥੀ ਹਿੰਦੁਸਤਾਨ ਵੱਲ ਆਏ। ਇਹ ਜਹਾਜ਼ 19 ਅਕਤੂਬਰ, 1914 ਨੂੰ ਕਲਕੱਤੇ ਘਾਟ 'ਤੇ ਲੱਗਾ। ਰਸਤੇ ਵਿੱਚ ਪਿੰਨਾਗ ਦੀ ਬੰਦਰਗਾਹ ਤੇ ਪਹੁੰਚੇ ਤੋਸ਼ਾਮਾਰੂ ਜਹਾਜ਼ ਦੇ ਮੁਸਾਫ਼ਰਾਂ ਨੂੰ ਪਤਾ ਲੱਗਾ ਕਿ ਬੱਜ-ਬੱਜ ਦੇ ਘਾਟ ਉੱਤੇ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਤੇ ਗੋਲੀ ਚਲਾਈ ਗਈ ਹੈ। ਅੰਗਰੇਜ਼ੀ ਹਕੂਮਤ ਵੀ ਅਮਰੀਕਾ ਨੂੰ ਆ ਰਹੇ ਗ਼ਦਰੀ ਮੁਸਾਫ਼ਰਾਂ ਨੂੰ ਰੋਕਣ ਲਈ ਪਹਿਲਾਂ ਹੀ ਤਿਆਰ ਖੜ੍ਹੀ ਸੀ। ਤੋਸ਼ਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਦੀ ਅੰਗਰੇਜ਼ੀ ਹਕੂਮਤ ਦੇ ਹਥਿਆਰਬੰਦ ਸਿਪਾਹੀਆਂ ਨੇ ਤਲਾਸ਼ੀ ਲਈ ਅਤੇ 2730 ਮੁਸਾਫਰਾਂ ਨੂੰ ਫੌਜੀ ਨਿਗਰਾਨੀ ਹੇਠ ਰੇਲ ਗੱਡੀ ਤੇ ਬਿਠਾਇਆ ਗਿਆ ਅਤੇ ਲੁਧਿਆਣੇ ਸੈਂਟਰਲ ਜੇਲ੍ਹ ਲਿਆਂਦਾ ਗਿਆ। 275 ਮੁਸਾਫਰਾਂ ਨੂੰ ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਡੱਕ ਦਿੱਤਾ ਗਿਆ ਅਤੇ 2455 ਨੂੰ ਉਨ੍ਹਾਂ ਦੇ ਪਿੰਡਾਂ ਵਿੱਚ ਹਦੂਦ-ਬੰਦ ਕਰ ਦਿੱਤਾ ਗਿਆ।

ਲਾਹੌਰ ਸੈਂਟਰਲ ਜੇਲ੍ਹ ਵਿੱਚ ਇਨ੍ਹਾਂ ਅਣਖੀਲੇ ਦੇਸ਼ ਭਗਤਾਂ ਉੱਤੇ ਮੁਕੱਦਮਾ

ਚਲਾਇਆ ਗਿਆ, ਜਿਸਦੇ ਤਿੰਨਾਂ ਜੱਜਾਂ ਵਿੱਚੋਂ ਦੋ ਅੰਗਰੇਜ਼, ਇਕ ਲਾਹੌਰ ਦਾ ਜੰਜ ਸ਼ਿਵ ਨਰਾਇਣ ਸੀ। ਇਸ ਮੁਕੱਦਮੇ ਵਿੱਚ ਮਾ. ਊਧਮ ਸਿੰਘ ਕਸੇਲ ਨੂੰ ਉਮਰ ਕੈਦ, ਜਾਇਦਾਦ ਜਬਤੀ ਦੀ ਸਜ਼ਾ ਸੁਣਾ ਕੇ ਮੁਲਤਾਨ ਜੇਲ੍ਹ ਵਿੱਚ ਭੇਜਿਆ ਗਿਆ ਅਤੇ ਫੇਰ ਰਾਵਲਪਿੰਡੀ ਦੀ ਜੇਲ੍ਹ ਵਿੱਚ ਸਰਵ ਸ਼੍ਰੀ ਜਵਾਲਾ ਸਿੰਘ ਠੱਠੀਆ, ਪਿਆਰਾ ਸਿੰਘ ਲੰਗਰੀ, ਭਾਗ ਸਿੰਘ ਕਨੇਡੀਅਨ, ਰੋਡਾ ਸਿੰਘ, ਇੰਦਰ ਸਿੰਘ ਤੇ ਇਕ ਬੰਗਾਲੀ ਜਮਨਾ ਦਾਸ ਨਾਲ ਡੱਕ ਦਿੱਤਾ ਗਿਆ। ਅੰਗਰੇਜ਼ ਦਰੋਗਾ ਇਨ੍ਹਾਂ ਗ਼ਦਰੀ ਕੈਦੀਆਂ ਨਾਲ ਮੰਦਾ ਸਲੂਕ ਕਰਦਾ ਸੀ ਪਰ ਇਹ ਗ਼ਦਰੀ ਵੀ ਛੇਤੀ ਕਿਸੇ ਦੇ ਦਬਾਅ ਥੱਲੇ ਆਉਣ ਵਾਲੇ ਨਹੀਂ ਸਨ। ਇਸ ਲਈ ਇਨ੍ਹਾਂ ਨੂੰ ਕਾਲੇ ਪਾਣੀ ਦੀ ਅੰਡੇਮਾਨ ਜੇਲ੍ਹ ਵਿੱਚ ਭੇਜਣ ਦਾ ਫੈਸਲਾ ਕੀਤਾ ਗਿਆ।

4

ਲਾਹੌਰ ਤੋਂ ਰਵਾਨਗੀ

ਲਾਹੌਰ ਦੇ ਮੀਆਂ ਮੀਰ ਸਟੇਸ਼ਨ ਤੋਂ ਇਨ੍ਹਾਂ ਗ਼ਦਰੀ ਕੈਦੀਆਂ ਨੂੰ ਸੀਖਾਂ ਵਾਲੇ ਰੇਲ ਦੇ ਡੱਬਿਆਂ ਵਿੱਚ ਬਿਠਾਇਆ ਗਿਆ। ਜਿੱਥੇ ਬੇੜੀਆਂ ਤਾਂ ਨਹੀਂ ਲਾਈਆਂ ਗਈਆਂ ਸਨ, ਪਰ ਇਕ-ਇਕ ਹੱਥਕੜੀ ਨਾਲ ਦੋ-ਦੋ ਕੈਦੀਆਂ ਨੂੰ ਜੁੱਟ ਕੀਤਾ ਗਿਆ ਸੀ। ਤਿੰਨ ਦਿਨਾਂ ਤੇ ਰਾਤਾਂ ਦੇ ਸਫ਼ਰ ਪਿਛੋਂ ਇਨ੍ਹਾਂ ਗ਼ਦਰੀ ਬੰਦੀਆਂ ਨੂੰ ਅਲੀਪੁਰ ਜੇਲ੍ਹ ਵਿੱਚ ਭੇਜਿਆ ਗਿਆ। ਇਥੇ ਕੁਝ ਦਿਨ ਰੱਖਣ ਪਿਛੋਂ 7 ਦਸੰਬਰ 1915 ਨੂੰ ਮਹਾਰਾਜਾ ਜਹਾਜ਼ ਰਾਹੀਂ ਪੋਰਟ ਬਲੇਅਰ ਭੇਜਿਆ ਗਿਆ। ਇੱਥੇ ਉਨ੍ਹਾਂ ਦੀ ਡਾਕਟਰੀ ਜਾਂਚ ਕਰਾਉਣ ਪਿਛੋਂ ਉਨ੍ਹਾਂ ਨੂੰ ਅੰਡੇਮਾਨ ਦੀ ਸੈਲੂਲਰ ਜੇਲ੍ਹ ਭੇਜ ਦਿੱਤਾ ਗਿਆ। ਇਸ ਸਮੇਂ ਤੱਕ 40 ਗ਼ਦਰੀ ਦੇਸ਼ ਭਗਤ ਅੰਡੇਮਾਨ ਦੀ ਜੇਲ੍ਹ ਵਿੱਚ ਭੇਜ ਦਿੱਤੇ ਗਏ ਸਨ।

ਅਗਲਾ ਅੰਡੇਮਾਨ ਦੀ ਜੇਲ੍ਹ ਦਾ ਹਾਲ ਮਾ. ਊਧਮ ਸਿੰਘ ਕਸੇਲ ਦੀ ਆਪਣੀ ਰਚਨਾ 'ਯਾਦੇਂ ਰਫ਼ਤਗਾਨ' ਅਰਥਾਤ 'ਬੀਤੇ ਦੀਆਂ ਯਾਦਾਂ' ਵਿੱਚੋਂ -

ਦੁਨੀਆਂ ਨੂੰ ਹਉਮੈ ਨੇ ਵਿਗਾੜ ਰਖਿਆ ਹੈ। ਕਿਸੇ ਪਾਸੇ ਚਲੇ ਜਾਉ ਮਾਇਆ ਵਾਲਿਆਂ ਦੇ ਫ਼ਰੇਬ ਜਾਲ ਤਣੇ ਹੋਏ ਨਜ਼ਰ ਆਉਣਗੇ; ਪਰ ਉਨ੍ਹਾਂ ਦੇ ਧਾਗੇ ਮਾੜਿਆਂ ਤੇ ਮਜ਼ਲੂਮਾਂ ਦੇ ਖ਼ੂਨ ਨਾਲ ਲੇਥੂ ਪੇਥੂ ਦਿਸਣਗੇ, ਪਰ ਨਾਲ ਹੀ ਤੁਸੀਂ ਉਹਨਾਂ ਦਾ ਉਦਾਲਾ ਪਦਾਲਾ ਬੜਾ ਹੀ ਸੁਹਾਣਾ ਬਣਾਇਆ ਹੋਇਆ ਵੇਖੋਗੇ

ਤਾਂ ਜੋ ਸਾਧਾਰਨ ਜਨਤਾ ਉਨ੍ਹਾਂ ਨੂੰ ਬੜੇ ਹੀ ਸਾਧੂ ਤੇ ਸੰਤ ਬ੍ਰਿਤ ਸਮਝੇ। ਓਂ ਤਾਂ ਦੁਨੀਆਂ ਦੀਆਂ ਹੋਰ ਕੌਮਾਂ ਵੀ ਦੁਨੀਆਂ ਵਿੱਚ ਸਭਿਅਤਾ ਦੇ ਪ੍ਰਚਾਰ ਦੀਆਂ ਗੱਪਾਂ ਮਾਰ ਚੁੱਕੀਆਂ ਹਨ। ਔਰ ਸ਼ਾਇਦ ਅੱਗੋਂ ਵੀ ਕੋਈ ਨਾ ਕੋਈ ਐਸੀ ਕੌਮ ਜਿਸਦੇ ਸਿਰ ਵਿੱਚ ਦੁਨੀਆਂ ਦੀ ਸਭਿਅਤਾ ਨੂੰ ਸਵਾਰਨ ਦਾ ਖ਼ਬਤ (ਜਾਨੂੰਨ) ਸਮਾਇਆ ਹੋਇਆ ਹੋਵੇ। ਲੋਕਾਂ ਦੇ ਮੰਦ ਭਾਗਾਂ ਨੂੰ ਪੈਦਾ ਹੋ ਹੀ ਜਾਵੇ ਤਾਂ ਤਅੱਜਬ (ਹੈਰਾਨੀ) ਨਹੀਂ ਪਰ ਵਰਤਮਾਨ ਸਮੇਂ ਵਿੱਚ ਤਾਂ ਇਸ ਮੈਦਾਨ ਵਿੱਚ ਬਾਹਲਾ ਕਰਕੇ ਅੰਗਰੇਜ਼ੀ ਕੌਮ ਦਾ ਹੀ ਪਹਿਲਾ ਨੰਬਰ ਹੈ, ਜਿਸ ਦੇ ਸਾਹਮਣੇ ਸਾਰੇ ਸੰਸਾਰ ਦੀਆਂ ਕੌਮਾਂ ਇਸ ਦੌੜ ਵਿੱਚ ਹਾਰ ਮੰਨ ਚੁੱਕੀਆਂ ਹਨ ਅਰ ਇਕ ਮੂੰਹ ਹੋ ਕੇ ਸਭਨਾਂ ਨੇ ਅੰਗਰੇਜ਼ੀ ਕੌਮ ਦੇ ਸਿਰ ਹੀ ਅਬਲੀਸ (ਸ਼ੈਤਾਨ) ਦੇ ਸਿਰ ਦਾ ਸਿਹਰਾ ਲਾਹ ਕੇ ਬੰਨ੍ਹ ਦਿੱਤਾ ਹੈ। ਅੱਜਕਲ੍ਹ ਅਕਸਰ ਅੰਗਰੇਜ਼ ਵੀ ਦੁਨੀਆਂ ਤੇ ਸਭਿਅਤਾ ਫੈਲਾਣ ਤੇ ਜੰਗਲੀ ਕੌਮਾਂ ਨੂੰ ਸੰਵਾਰਨ ਲਈ ਅੰਗਰੇਜ਼ ਕੌਮ ਦਾ ਹੀ ਅਵਤਾਰ ਹੋਣਾ ਮੰਨਦੇ ਹਨ ਭਾਵ ਇਸ ਠੇਕੇਦਾਰੀ ਦਾ ਖਾਸ ਹੱਕ ਤੇ ਪਟਾ ਇਸ ਕੌਮ ਨੂੰ ਖੁਦ ਰੱਬ ਦੇ ਦਸਖ਼ਤਾਂ ਹੇਠ ਲੌਬਾਲੀ (ਨੂਰਾਨੀ) ਦਰਗਾਹ ’ਚੋਂ ਮਿਲ ਚੁੱਕਾ ਹੈ ਅਰ ਇਸ ਪਟੇ ਨੂੰ ਰੂ ਨਾਲ ਹੀ ਅੰਗਰੇਜ਼ਾਂ ਨੂੰ ਕੁੱਲ ਦੁਨੀਆਂ ਭਾਵ ਹਿੰਦੁਸਤਾਨ, ਈਰਾਨ, ਅਰਬ, ਅਫ਼ਰੀਕਾ, ਬਰਮਾ, ਚੀਨ, ਆਦਿਕ ਜਿਨ੍ਹਾਂ ਦੇਸ਼ਾਂ ਵਿੱਚ ਅਜੇ ਲੋਕ ਜੰਗਲੀ ਪਸ਼ੂ ਦਸ਼ਾ ਵਿੱਚ ਹੀ ਪਏ ਆਪਣੀ ਜ਼ਿੰਦਗੀ ਬਰਬਾਦ ਕਰ ਰਹੇ ਹਨ, ਇਹ ਹੱਕ ਹਾਸਲ ਹੈ ਕਿ ਜਾ ਕੇ ਆਜ਼ਾਦੀ ਤੇ ਬਰਾਬਰਤਾ ਦਾ ਝੰਡਾ ਉੱਚਾ ਕਰਨ ਤੇ ਹੋਵੇ ਵੀ ਕਿਉਂ ਨਾ? ਕਿਉਂਕਿ ਜਿਸ ਕੌਮ ਦਾ ਮੁੱਦਾ ਹੀ ਦੂਸਰੀਆਂ ਕੌਮਾਂ ਦੀ ਆਜ਼ਾਦੀ ਤੇ ਬਰਾਬਰਤਾ ਦੀ ਰਾਖੀ ਕਰਨਾ ਹੋਵੇ ਅਰ ਉਹਨਾਂ ਵਿਚੋਂ ਜੰਗਲੀ ਪੁਣਾ ਕੱਢ ਕੇ ਉਸ ਦੇ ਥਾਂ ਸਭਿਅਤਾ ਤੇ ਵਿਦਿਆ ਦਾ ਪਰਕਾਸ਼ ਕਰਨਾ ਹੋਵੇ। ਜੇ ਐਸੀ ਨਿਆਇੰਕਾਰੀ ਤੇ ਸਭਿਆ ਕੌਮ ਨੂੰ ਰੱਬ ਦੁਨੀਆਂ ਦਾ ਪਟਾ ਲਿਖ ਕੇ ਨਾ ਦੇਵੇ ਤਾਂ ਦੇਵੇ ਵੀ ਹੋਰ ਕਿਸ ਨੂੰ? ਹੁਣ ਮੈਂ ਏਥੇ ਕੁਝ ਨਮੂਨੇ ਮਾਤਰ ਮਨੁੱਖ ਜਾਤੀ ਦੀ ਸੱਚੀ ਮਿੱਤਰ ਤੇ ਕਿਰਪਾਲੂ ਅੰਗਰੇਜ਼ੀ ਗੌਰਮਿੰਟ ਤੇ ਅੰਗਰੇਜ਼ੀ ਗੌਰਮਿੰਟ ਦੇ ਅਫ਼ਸਰਾਂ ਦੇ ਇਨਸਾਫ਼ ਤੇ ਸੁਧਾਚਾਰ ਦੀਆਂ ਮਸਾਲਾਂ ਜੋ ਮੇਰੇ ਆਪਣੇ ਅਨੁਭਵ ਤੇ ਤਜਰਬੇ ਵਿੱਚ ਆ ਚੁੱਕੀਆਂ ਤੇ ਅੱਖੀਂ ਡਿੱਠੀਆਂ ਹਨ, ਪਾਠਕਾਂ ਦੇ ਪੇਸ਼ ਕਰਦਾ ਹਾਂ ਤਾਂ ਜੋ ਮੇਰੇ ਵਤਨੀ ਭਾਈਆਂ ਨੂੰ ਅੰਗਰੇਜ਼ੀ ਕੌਮ ਦੀ ਕੀਮਤ ਤੇ ਮਹਾਨਤਾ ਜਾਚਣ ਵਿੱਚ ਕੁਝ ਸੁਖਾਲ ਹੋ ਜਾਵੇ ਜੋ ਉਹਨਾਂ ਨੇ ਅਗਲੀ ਤਵਾਰੀਖ਼ ਦੇ ਪੰਨਿਆਂ ਵਿੱਚ ਦਰਜ ਕਰਨੀ ਹੈ।

ਜੋ ਸਾਜ਼ਸ਼ ਕੇਸ 1915-16 ਦੇ ਨਾਂ ਤੇ ਹਿੰਦੁਸਤਾਨ ਦੇ ਅੰਦਰ ਜਾਂ ਬਾਹਰ ਚਲਾਏ ਗਏ ਸੀ, ਉਹਨਾਂ ਮੁਕੱਦਮਿਆਂ ਵਿੱਚ ਜਿਸ ਇਨਸਾਫ਼ ਤੋਂ ਕੰਮ ਲਿਆ ਗਿਆ ਸੀ ਅਰ ਜੋ ਦੇਸ਼ ਭਗਤ ਉਹਨਾਂ ਮੁਕੱਦਮਿਆਂ ਵਿੱਚ ਮੁਜਰਮ ਠਹਿਰਾ ਕੇ ਫਾਂਸੀ ਚੜ੍ਹਨ ਵਾਲੇ ਦੇਸ਼ ਭਗਤਾਂ ਤੋਂ ਇਲਾਵਾ ਜਿਨ੍ਹਾਂ ਨੂੰ ਉਮਰ ਕੈਦ, ਕਾਲੇ ਪਾਣੀ ਦੀ ਸਜ਼ਾ ਦਿੱਤੀ ਗਈ ਸੀ, ਜੋ ਵਰਤਾਰਾ ਸਲੂਕ ਤੇ ਇਨਸਾਫ਼ ਉਹਨਾਂ ਭਾਰਤ ਮਾਤਾ ਦੇ ਸਪੂਤਾਂ ਨਾਲ ਅੰਡੇਮਾਨ ਕੀਤਾ ਗਿਆ ਤੇ ਅੰਗਰੇਜ਼ ਜੇਲ੍ਹ ਅਫ਼ਸਰਾਂ ਵੱਲੋਂ ਕੀਤਾ ਜਾ ਰਿਹਾ ਹੈ ਉਹ ਕਿਸੇ ਗਵਾਹੀ ਦਾ ਮੁਥਾਜ ਨਹੀਂ। ਉਹਨਾਂ ਦੀ ਇਕ ਕਰਤੂਤ ਵਿਚੋਂ ਅੰਗਰੇਜ਼ੀ ਗੌਰਮਿੰਟ ਦੇ ਸਾਊ ਅਫਸਰਾਂ ਦੀ ਸਭਿਅਤਾ ਦਾ ਅਸਲੀ ਰੰਗ ਪਿਆ ਟਪਕਦਾ ਹੈ, ਜੋ ਅੱਗੇ ਚਲ ਕੇ ਪਾਠਕਾਂ ਦੀਆਂ ਨਜ਼ਰਾਂ ਵਿਚੋਂ ਗੁਜ਼ਰੇਗਾ।

ਹੁਣ ਏਥੇ ਆਪ ਨੂੰ ਉਹ ਕਤਲਗਾਹ ਜਿਸ ਵਿੱਚ ਦੇਸ਼ ਭਗਤਾਂ ਦੇ ਖ਼ੂਨ ਨਾਲ ਹੱਥ ਰੰਗ ਕੇ ਅੰਗਰੇਜ਼ੀ ਗੌਰਮਿੰਟ ਬੜੇ ਮਾਣ ਨਾਲ ਆਪਣੀ ਫ਼ਤਿਹ ਦੇ ਐਲਾਨ ਕਰਦੀ ਹੈ; ਪਰ ਇਹਨਾਂ ਰਾਸ-ਘਰਾਂ ਦੇ ਕਾਰਨਾਮਿਆਂ ਨੂੰ ਜੋ ਸਿਰਫ਼ ਪਬਲਿਕ ਦੀ ਅੱਖੀਂ ਘੱਟਾ ਪਾਉਣ ਲਈ ਹੀ ਸਪੈਸ਼ਲ ਕੋਰਟਾਂ (ਖ਼ਾਸ ਅਦਾਲਤਾਂ) ਦੇ ਨਾਮ ਹੇਠ ਖੋਲ੍ਹੀਆਂ ਗਈਆਂ ਸਨ ਪਾਠਕਾਂ ਦੇ ਅੱਗੇ ਧਰਦਾ ਹਾਂ। ਇਹਨਾਂ ਸਪੈਸ਼ਲ ਕੋਰਟਾਂ ਵਿੱਚ ਇਨਸਾਫ਼ ਦੇ ਪਜ ਜਿਸ ਜ਼ੁਲਮ ਦੀ ਤੇਜ਼ ਤਲਵਾਰ ਨਾਲ ਸੈਂਕੜੇ ਬੇਗੁਨਾਹ ਦੇਸ਼ ਭਗਤਾਂ ਦੇ ਖ਼ੂਨ ਦੀਆਂ ਜੋ ਨਦੀਆਂ ਵਹਾਈਆਂ ਜਾਂਦੀਆਂ ਸਨ, ਉਹ ਛੁਪ ਕੇ ਅੰਧੇਰੀ ਰਾਤ ਦੇ ਪੜਦੇ ਵਿੱਚ ਨਹੀਂ ਸੀ ਕੀਤਾ ਜਾਂਦਾ ਬਲਕਿ ਚਿੱਟੇ ਦਿਨ ਆਮ ਕਤਲਾਮ ਹੁੰਦਾ ਸੀ। ਭਾਵੇਂ ਉਂਵ ਤਾਂ ਇਹ ਕਤਲਾਮ ਸੈਂਟਰਲ ਜੇਲ੍ਹ ਜਾਂ ਦੂਸਰੀਆਂ ਜੇਲ੍ਹਾਂ ਦੀ ਵਲਗਣ ਵਿੱਚ ਹੀ ਕੀਤਾ ਜਾਂਦਾ ਸੀ ਤਾਂ ਭੀ ਕਈ ਰਾਂਹੀਂ ਪਬਲਿਕ ਨੂੰ ਇਨਸਾਫ਼ ਦੇ ਇਸ ਢਕਵੰਜ ਦਾ ਪਤਾ ਲੱਗ ਹੀ ਜਾਂਦਾ ਸੀ। ਲੋਕ ਭਾਵੇਂ ਆਪਣੇ ਭਰਾਵਾਂ ਨੂੰ ਆਪਣੀਆਂ ਅੱਖਾਂ ਦੇ ਸਾਹਮਣੇ ਕਤਲ ਹੁੰਦਿਆਂ ਵੇਂਹਦੇ (ਦਿਸਣਾ) ਸਨ ਪਰ ਪੁਲਿਸ ਦੇ ਡਰੋਂ ਕੋਈ ਜਣਾ ਕੁਸਕਦਾ ਨਹੀਂ ਸੀ ਕਿਉਂਕਿ ਗੌਰਮਿੰਟ ਦੇ ਜ਼ੁਲਮ ਦੀ ਵਿਰੋਧਤਾ ਕਰਨਾ ਤੇ ਦੇਸ਼ ਭਗਤਾਂ ਦੀ ਹਮਦਰਦੀ ਦਾ ਕੋਈ ਸ਼ਬਦ ਮੂੰਹੋਂ ਕੱਢਣਾ ਹੀ ਮਹਾਂ ਦੋਸ਼ ਗਿਣਿਆ ਜਾਂਦਾ ਸੀ, ਪੁਲਿਸ ਦਾ ਕੋਰਟ ਦੇ ਰੂਬਰੂ ਏਨਾਂ ਸਾਬਤ ਕਰ ਦੇਣਾ ਹੀ ਮੁਜ਼ਰਮ ਦੀ ਕਿਸਮਤ ਦਾ ਫੈਸਲਾ ਕਰਨ ਲਈ ਕਾਫ਼ੀ ਸਮਝਿਆ ਜਾਂਦਾ ਸੀ ਕਿ ਇਹ ਆਦਮੀ ਅਮਰੀਕਾ ਤੋਂ ਆਇਆ ਹੋਇਆ ਹੈ ਜਾਂ ਇਹ ਅਮਰੀਕਾ ਤੋਂ ਆਏ ਹੋਏ ਲੋਕਾਂ ਨਾਲ ਫਲਾਣੇ ਥਾਂ ਖਲੋਤਾ

ਗਲਾਂ ਕਰਦਾ ਸੀ। ਬਸ ਫੇਰ ਕੀ ਸੀ? ਐਸੇ ਮੁਜਰਮਾਂ ਵਾਸਤੇ ਅਦਾਲਤ ਵੱਲੋਂ ਤਿੰਨ ਸਜ਼ਾਵਾਂ ਪਹਿਲੀ ਫਾਂਸੀ, ਦੂਜੀ ਉਮਰ ਕੈਦ ਕਾਲੇ ਪਾਣੀ ਤੇ ਤੀਜੀ ਜ਼ਬਤੀ ਜਾਇਦਾਦ ਮੁਕੱਰਰ ਹੁੰਦੀਆਂ ਸਨ। ਸਵਾਦਲੀ ਗੱਲ ਇਹ ਸੀ ਕਿ ਇਹੋ ਜਿਹੀਆਂ ਸਪੈਸ਼ਲ ਅਦਾਲਤਾਂ ਦੇ ਫੈਸਲਿਆਂ ਦੀ ਕੋਈ ਅਪੀਲ ਨਹੀਂਸੀ ਹੁੰਦੀ ਤੇ ਹੁੰਦੀ ਵੀ ਕਿਦਾਂ? ਜਦ ਕਿ ਪਹਿਲਾਂ ਹੀ ਗਿਣ ਮਿਥ ਕੇ ਗੌਰਮਿੰਟ ਨੇ ਦੇਸ਼ ਭਗਤਾਂ ਦੇ ਕਤਲਾਮ ਲਈ ਇਹ ਬੁਚੜਖ਼ਾਨੇ ਤਿਆਰ ਕੀਤੇ ਹੁੰਦੇ ਸਨ। ਇਸ ਜ਼ੁਲਮ ਦਾ ਸਬੂਤ ਜੋ ਕਿ ਕਾਨੂੰਨ ਦੇ ਨਾਂ ਹੇਠ ਅੰਗਰੇਜ਼ੀ ਗੌਰਮਿੰਟ ਨੇ ਹਿੰਦੁਸਤਾਨੀ ਦੇਸ਼ ਭਗਤਾਂ ਉੱਤੇ ਤੋੜਿਆ ਇਕ ਅੰਗਰੇਜ਼ ਅਫ਼ਸਰ ਮਿ: ਡਿਗਲਸ ਚੀਫ਼ ਕਮਿਸ਼ਨਰ ਅੰਡੇਮਾਨ ਦੀ ਜ਼ਬਾਨੀ ਇਸ ਤਰ੍ਹਾਂ ਮਿਲਦਾ ਹੈ : ਉਹ ਛੁੱਟੀ ਤੇ ਵਲੈਤ ਗਿਆ ਹੋਇਆ ਸੀ। ਜਦ ਵਾਪਸ ਆਇਆ ਤਾਂ ਇਕ ਦਿਨ 1920 ਦੇ ਆਰੰਭ ਵਿੱਚ ਸਲੋਲਰ ਜੇਲ੍ਹ (ਸੈਲੂਲਰ ਜੇਲ੍ਹ) ਦਾ ਦੌਰਾ ਕਰਨ ਆ ਗਿਆ। ਭਾਈ ਪਰਮਾਨੰਦ ਨਾਲ ਗਲੀਂ ਬਾਤੀਂ ਉਸਨੇ ਜ਼ਿਕਰ ਛੇੜਿਆ ਕਿ "ਮੈਂ ਇਕ ਦਿਨ ਲੰਡਨ ਵਿੱਚ ਇਕ ਗੱਡੀ ਵਿੱਚ ਬੈਠਾ ਜਾ ਰਿਹਾ ਸੀ ਕਿ ਤੁਹਾਡੇ ਪੰਜਾਬ ਦੇ ਗਵਰਨਰ ਮਿ: ਉਡਵਾਇਰ ਦਾ ਮੇਲ ਹੋ ਪਿਆ। ਗਲੀਂ ਬਾਤੀਂ ਲਾਹੌਰ ਦੇ ਉਮਰ ਕੈਦੀਆਂ ਦਾ ਵੀ ਸਭਾਉਕੀ ਭੋਗ ਪੈ ਗਿਆ। ਉਹ ਕਹਿਣ ਲੱਗਾ ਕਿ ਮੈਂ ਤਾਂ ਆਪ ਨੂੰ ਇਹ ਤਕਲੀਫ਼ ਨਹੀਂ ਸੀ ਦੇਣਾ ਚਾਹੁੰਦਾ, ਕਿਉਂਕਿ ਮੈਂ ਸਭ ਨੂੰ ਫਾਂਸੀ ਦਾ ਹੁਕਮ ਦੇ ਦਿੱਤਾ ਸੀ; ਪਰ ਇਹ ਗਲਤੀ ਵਾਇਸਰਾਏ ਮਿ: ਹਾਰਡਿੰਗ ਨੇ ਕੀਤੀ ਹੈ, ਜੋ ਉਨ੍ਹਾਂ ਨੂੰ ਫਾਂਸੀ ਤੋਂ ਰਿਹਾਅ ਕਰ ਦਿੱਤਾ।" ਏਥੇ ਪਾਠਕਾਂ ਨੂੰ ਚੇਤੇ ਰਹੇ ਕਿ ਵਾਇਸਰਾਏ ਹਾਰਡਿੰਗ ਨੇ ਜੋ ਫਾਂਸੀਆਂ ਦੀ ਸਜ਼ਾ ਤੋੜੀ ਸੀ, ਉਹ ਪਬਲਿਕ ਐਜੀਟੇਸ਼ਨ ਦੇ ਸਬੱਬ ਤੋੜੀ ਸੀ ਨਾ ਕਿ ਰਹਿਮ ਵਜੋਂ। ਹੁਣ ਮੈਂ ਉਹਨਾਂ ਗੱਲਾਂ ਨੂੰ ਲੈਂਦਾ ਹਾਂ, ਜਿਨ੍ਹਾਂ ਦੇ ਕਾਰਨ ਸੈਂਕੜੇ ਦੇਸ਼ ਭਗਤਾਂ ਨੂੰ ਮੁਜਰਮ ਠਹਿਰਾ ਕੇ ਮੌਤ ਦੇ ਘਾਟ ਪਾਰ ਉਤਾਰ ਦਿੱਤਾ ਗਿਆ ਅਰ ਸੈਂਕੜਿਆਂ ਨੂੰ ਜੇਲ੍ਹ ਦੀ ਤੰਗ ਤੇ ਹਨੇਰੀ ਕੋਠੜੀਆਂ ਵਿੱਚ ਬੰਦ ਕਰ ਗਾਲ ਕੇ ਪਾਰ ਬੁਲਾਇਆ ਹੈ, ਕਿਉਂਕਿ ਗੌਰਮਿੰਟ ਦੇ ਨੁਕਤਾ ਖ਼ਿਆਲ ਤੋਂ ਐਸੇ ਸਭ ਆਦਮੀ ਇਸ ਸਜ਼ਾ ਦੇ ਹੱਕਦਾਰ ਹੁੰਦੇ ਹਨ, ਜਿਸ ਨੇ ਉਸ ਦੇ ਜ਼ੁਲਮ ਤੇ ਉਂਗਲ ਕਰਨ ਦਾ ਇਰਾਦਾ ਕੀਤਾ ਹੋਵੇ ਜਾਂ ਕਦੇ ਆਪਣੀ ਕੌਮ ਦੀ ਬਦ ਕਿਸਮਤੀ ਤੇ ਦਰਦ ਦੇ ਚਾਰ ਹੰਝੂ ਕੇਰੇ ਹੋਣ। ਬਸ, ਇਹੋ ਕਸੂਰ ਅਮਰੀਕਾ ਤੋਂ ਵਾਪਸ ਮੁੜੇ ਹਿੰਦੁਸਤਾਨੀਆਂ ਦਾ ਸੀ, ਜਿਨ੍ਹਾਂ ਨੂੰ ਅਮਰੀਕਾ ਤੋਂ ਵਾਪਸ ਹੁੰਦਿਆਂ ਹੀ ਹਿੰਦੁਸਤਾਨ ਦੀਆਂ ਬੰਦਰਗਾਹਾਂ ਵਿਚੋਂ ਫੜ ਫੜ ਕੇ ਫਾਂਸੀ ਜਾਂ ਉਮਰ ਕੈਦ ਦੀਆਂ ਸਜ਼ਾਵਾਂ ਦੇ

ਦਿੱਤੀਆਂ ਸਨ, ਜੋ ਥੋੜ੍ਹੇ ਜਹੇ ਆਦਮੀ ਕਿਸੇ ਕਾਰਨ ਬੰਦਰਗਾਹਾਂ ਵਿਚੋਂ ਨਹੀਂ ਸਨ ਫੜੇ ਗਏ ਉਹਨਾਂ ਨੂੰ ਗੌਰਮਿੰਟ ਨੇ ਥੋੜ੍ਹੇ ਦਿਨਾਂ ਵਿੱਚ ਘਰਾਂ ਤੋਂ ਫੜ ਲਿਆ ਤੇ ਦੂਸਰਿਆਂ ਦੇ ਨਾਲ ਹੀ ਮੁਕੱਦਮੇ ਵਿੱਚ ਜੁੱਟ ਕਰ ਲਿਆ ਸੀ। ਇਸ ਤੋਂ ਇਲਾਵਾ ਦਸ ਨੰਬਰੀਏ ਬਦਮਾਸ਼ਾਂ ਤੇ ਹੋਰ ਜਿਨ੍ਹਾਂ ਨਾਲ ਪੁਲਿਸ ਖੌਰ (ਦੁਸ਼ਮਣੀ) ਰਖਦੀ ਸੀ ਲਾਹੌਰ ਸਾਜ਼ਸ਼ ਕੇਸ ਨੰ. 2 ਵਿੱਚ ਰਖ ਲਏ ਗਏ ਸਨ।

ਆਪਣੇ ਘਰ ਨੂੰ ਮੁੜੇ ਆ ਰਹੇ ਹਿੰਦੀ ਵੀਰਾਂ ਨਾਲ ਮਤ੍ਰੇਈ ਹਕੂਮਤ ਦਾ ਵਰਤਾਉ!

ਅਮਰੀਕਾ ਤੋਂ ਵਾਪਸ ਮੁੜੇ ਮੁਸਾਫ਼ਰਾਂ ਨੂੰ ਲੈ ਕੇ ਤੋਸ਼ਾ ਮਾਰੂ ਨਾਮੇ ਜਹਾਜ਼ ਜਦੋਂ ਕਲਕੱਤੇ ਪੁੱਜਾ ਤਾਂ ਜਹਾਜ਼ ਘਾਟ ਪੁਰ ਪੁਜਣ ਤੋਂ ਪਹਿਲਾਂ ਹੀ ਦੋ ਫ਼ੌਜੀ ਕੰਪਨੀਆਂ ਇਕ ਗੋਰਾ ਫ਼ੌਜ ਦੀ ਤੇ ਇਕ ਗੋਰਖਿਆਂ ਦੀ ਉਥੇ ਖਲ੍ਹਿਆਰੀਆਂ ਗਈਆਂ ਸਨ। ਉਹਨਾਂ ਨੂੰ ਹੁਕਮ ਸੀ ਕਿ ਜਦੋਂ ਜਹਾਜ਼ ਘਾਟ ਉੱਤੇ ਆ ਕੇ ਲੰਗਰ (ਜਹਾਜ ਨੂੰ ਸਮੁੰਦਰ ਵਿੱਚ ਇਕ ਜਗ੍ਹਾ ਰੱਖਣ ਲਈ ਬਾਰ ਬਨਣਾ) ਸੁਟੇ, ਅਮਰੀਕਾ ਤੋਂ ਵਾਪਸ ਮੁੜੇ ਹਿੰਦੀਆਂ ਨੂੰ ਝੱਟ ਪੱਟ ਜਹਾਜ਼ ਦੇ ਅੰਦਰ ਹੀ ਗ੍ਰਿਫ਼ਤਾਰ ਕਰ ਲਿਆ ਜਾਵੇ। ਬਸ, ਇਸ ਹੁਕਮ ਉੱਤੇ ਤੁਰੰਤ ਫੁਲ ਚਾੜ੍ਹੇ ਗਏ। ਉਕਤ ਦੋਹਾਂ ਕੰਪਨੀਆਂ ਨੇ ਪੰਜਾਂ-ਪੰਜਾਂ ਮੁਸਾਫ਼ਰਾਂ ਨੂੰ ਜਹਾਜ਼ੋਂ ਉਤਾਰ ਕੇ ਉਹਨਾਂ ਦੀ ਜਾਮਾ ਤਲਾਸ਼ੀ ਸ਼ੁਰੂ ਕਰ ਦਿੱਤੀ। ਫੋਲਾ ਫਾਲੀ ਕਰਕੇ ਪਹਿਰੇ ਵਿੱਚ ਬਠਾਈ ਜਾਂਦੇ ਤੇ ਮੁੜ ਰੇਲ ਗੱਡੀ ਵਿੱਚ ਬੰਦ ਕਰਕੇ ਬੂਹਿਆਂ ਨੂੰ ਚਾਬੀਆਂ ਮਾਰੀ ਜਾਂਦੇ। ਇਸ ਜਹਾਜ਼ ਵਿਚੋਂ ਇਸ ਤਰ੍ਹਾਂ ਕੋਈ ਸੌ ਕੁ ਮੁਸਾਫ਼ਰਾਂ ਨੂੰ ਫੜ ਕੇ ਗੱਡੀ ਵਿੱਚ ਬੰਦ ਕਰ ਲਿਆ ਗਿਆ। ਸਵਾਦਲੀ ਗੱਲ ਇਹ ਵੇ ਕਿ ਇਹਨਾਂ ਮੁਸਾਫ਼ਰਾਂ ਦੀ ਜਾਮਾ-ਤਲਾਸ਼ੀ ਵਿਚੋਂ ਏਤਰਾਜ਼ ਵਾਲੇ ਕਾਗ਼ਜ਼ ਦਾ ਇਕ ਪੁਰਜ਼ਾ ਵੀ ਨਾ ਨਿਕਲਿਆ। ਪਰ ਤਾਂ ਵੀ ਉਹਨਾਂ ਨੂੰ ਫ਼ੌਜੀ ਪਹਿਰੇ ਅੰਦਰ ਬੰਦ ਰੇਲ ਗੱਡੀਆਂ ਰਾਹੀਂ ਪੰਜਾਬ ਨੂੰ ਘਲਿਆ ਗਿਆ।

ਏਥੇ ਆ ਕੇ ਪੁਲਿਸ ਨੇ ਇਹਨਾਂ ਸਾਰਿਆਂ ਦਾ ਚਾਲਾਨ ਪੰਜਾਬ ਦੀਆਂ ਵੱਖੋ-ਵੱਖ ਜੇਲ੍ਹਾਂ ਨੂੰ ਕਰ ਦਿੱਤਾ। ਅਮਰੀਕਾ ਤੋਂ ਵਾਪਸ ਮੁੜੇ ਬਹੁਤ ਸਾਰੇ ਹੋਰਨਾਂ ਹਿੰਦੀਆਂ ਨਾਲ ਇਹੋ ਵਰਤਾਉ ਕੀਤਾ ਗਿਆ। ਜਦੋਂ ਅਸੀਂ ਲੋਕ ਜੇਲ੍ਹਾਂ ਵਿੱਚ ਨਜ਼ਰ ਬੰਦ ਸਾਂ, ਓਦੋਂ ਸਾਨੂੰ ਚੱਤੋ ਪਹਿਰ ਜੇਲ੍ਹ ਦੀਆਂ ਕਾਲ ਕੋਠੜੀਆਂ ਅੰਦਰ ਹੀ ਬੰਦ ਰੱਖਿਆ ਜਾਂਦਾ ਸੀ। 24 ਘੰਟਿਆਂ ਵਿਚੋਂ ਮਸਾਂ ਇਕ ਘੰਟਾ ਬਾਹਰ ਵਿਹੜੇ ਵਿੱਚ ਟਹਿਲਣ ਲਈ ਮਿਲਦਾ ਸੀ। ਖੁਰਾਕ ਬਹੁਤ ਹੀ ਭੈੜੀ ਬਣੀ ਹੋਈ ਤੇ

ਰੋਟੀਆਂ ਵਿੱਚ ਮਿੱਟੀ ਰਲੀ ਹੋਈ ਹੁੰਦੀ ਸੀ। ਇਸ ਤਰ੍ਹਾਂ ਦੀ ਰੱਦੀ ਖੁਰਾਕ ਵੀ ਏਨੀ ਘੱਟ ਮਿਲਦੀ ਸੀ ਕਿ ਆਪ ਭੁੱਖੇ ਰਹਿ ਕੇ ਹੀ ਡੰਗ ਚਲਾਉਂਦੇ ਸਾਂ। ਬਹੁਤ ਸਾਰੇ ਦੇਸ਼ ਭਗਤਾਂ ਨੇ ਇਸ ਭੈੜੀ ਖੁਰਾਕ ਤੇ ਭੁੱਖ ਦੇ ਦੁੱਖੋਂ ਤੰਗ ਆ ਕੇ ਭੁੱਖ ਹੜਤਾਲ ਕਰ ਦਿੱਤੀ। ਇਸ ਭੁੱਖ ਦੀ ਕਠਨ ਤਪੱਸਿਆ ਤੋਂ ਜੇਲ੍ਹ ਕਰਮਚਾਰੀਆਂ ਦਾ ਪੱਥਰ ਦਿਲ ਪਸੀਜਣਾ ਤਾਂ ਕੀ ਸੀ, ਸਗੋਂ ਮੜ੍ਹੇਈ ਹਕੂਮਤ ਦੇ ਕਾਬੂ ਚੜ੍ਹੇ ਕੌਮੀ ਪ੍ਰਵਾਨਿਆਂ ਨੂੰ ਹੋਰ ਵੀ ਔਕੜਾਂ ਦੇ ਮੂੰਹ ਪੈਣਾ ਪਿਆ।

ਰਾਵਲ ਪਿੰਡੀ ਜੇਲ੍ਹ ਦੀ ਗੱਲ ਏ, ਕਿ ਭਾਈ ਕੇਸਰ ਸਿੰਘ ਜੀ ਨੂੰ ਵਰਤ ਧਾਰਿਆ ਜਦੋਂ ਚਾਰ ਦਿਨ ਲੰਘ ਗਏ ਤਾਂ ਇਕ ਦਿਨ ਸੁਪ੍ਰੰਟੰਡੰਟ ਜੇਲ੍ਹ ਮਿ. ਕੋਲਮੈਨ ਨੇ ਆ ਕੇ ਭਾਈ ਸਾਹਿਬ ਜੀ ਨੂੰ ਪੁੱਛਿਆ : 'ਟੁਮ ਰੋਟੀ ਕਿਉਂ ਨਹੀਂ ਖਾਟੇ?' ਅਗੋਂ ਭਾਈ ਸਾਹਿਬ ਨੇ ਉੱਤਰ ਦਿੱਤਾ ਕਿ ਮੈਂ ਇਸ ਤੋਂ ਪਹਿਲਾਂ ਕਈ ਵਾਰੀ ਕਹਿ ਚੁੱਕਿਆ ਹਾਂ ਪਈ ਸਾਨੂੰ ਰੱਜਵੀਂ ਰੋਟੀ ਨਹੀਂ ਮਿਲਦੀ, ਤੇ ਜੇ ਹਕੂਮਤ ਸਾਨੂੰ ਇਸ ਤੋਂ ਵੱਧ ਭੋਜਨ ਨਹੀਂ ਦੇ ਸਕਦੀ ਤਾਂ ਸਾਡੀ ਜਾਮਾ ਤਲਾਸ਼ੀ ਦੀ ਜਮ੍ਹਾਂ ਹੋਈ ਮਾਇਆ ਵਿਚੋਂ ਹੀ ਅਸਾਂ ਲੋਕਾਂ ਨੂੰ ਰੱਜ ਖਾਣ ਜੋਗੀ ਖੁਰਾਕ ਦੀ ਆਗਿਆ ਦਿੱਤੀ ਜਾਵੇ। ਇਸ ਦਾ ਹੈਂਕੜ ਭਰਿਆ ਉੱਤਰ ਜੋ ਗੋਰੇ ਸੁਪ੍ਰੰਟੰਡੰਟ ਨੇ ਦਿੱਤਾ, ਰਤਾ ਸੀਨੇ ਸੰਭਾਲ ਕੇ ਸੁਣੋ। ਆਖਣ ਲੱਗਾ : "ਯੇਹ ਕਮ ਖੁਰਾਕ ਟੁਮਕੋ ਗਵਰਨਮੈਂਟ ਸੋਚ ਸਮਝ ਕਰ ਹੀ ਡੇਟੀ ਹੈ ਵੁਹ ਇਸ ਲੀਏ ਕਿ ਫਾਂਸੀ ਕੇ ਡਿਨ ਟੁਮਾਰੇ ਗਲੋਂ ਮੈਂ ਡਾਲਨੇ ਕੇ ਲੀਏ ਮੋਟੇ ਰਸੋਂ ਕੀ ਜਰੂਰਤ ਨਾ ਪੜੇ।"

ਵਾਹ ਜੀ ਵਾਹ, ਆਫ਼ਰੀਨ ਹੈ ਫ਼ਰੰਗੀ ਨੌਕਰਸ਼ਾਹੀ ਦੇ! ਵਿਦਵਾਨ ਤੇ ਨੀਤੀ ਨਿਪੁੰਨ ਅੰਗਰੇਜ਼ੀ ਕੌਮ ਦੇ ਸਰੇਸ਼ਟ ਸੁਭਾ ਡਾਕਟਰ ਦੇ ਉੱਤਰ ਉੱਤੇ ਵੀ ਕੁਰਬਾਨ! ਜੇਕਰ ਅਜਿਹੇ ਫੁੱਲ ਇਕ ਅੰਗਰੇਜ਼ੀ ਡਾਕਟਰ ਦੇ ਮੁਖੜੇ ਤੋਂ ਨਾ ਕਿਰਨ ਤਾਂ ਹੋਰ ਕੀਹਦੇ ਕੋਲੋਂ ਆਸ ਹੋ ਸਕਦੀ ਹੈ ਕਿਉਂ ਜੋ 'ਜਹੀ ਕੋਕੋ ਤਿਹੇ ਉਸ ਦੇ ਬੱਚੇ!' ਉਹਨਾਂ ਨੂੰ ਤਾਂ ਪੰਘੂੜੇ ਵਿੱਚ ਹੀ ਰੱਬ ਦੇ ਜੀਆਂ ਦਾ ਲਹੂ ਚੂਸਨ ਤੇ ਖੁਦਾਈ ਖ਼ਲਕਤ ਨੂੰ ਗੋਲੇ ਬਣਾਈ ਰੱਖਣ ਦੀ ਸੰਥਾ (ਸਿੱਖਿਆ) ਦਿੱਤੀ ਜਾਂਦੀ ਹੈ, ਨਾ ਕਿ ਮਨੁੱਖ ਜ਼ਾਤੀ ਦੀ ਸੁਤੰਤਰਤਾ ਅਰ ਪ੍ਰਸਪਰ ਪ੍ਰੇਮ ਦੀ।

ਏਸੇ ਤਰ੍ਹਾਂ ਹੀ ਕੁਝ ਮਹੀਨੇ ਔਖਿਆਂ ਸੌਖਿਆਂ ਲੰਘ ਗਏ। ਉਪਰੰਤ ਇਕ ਬੁਚੜਖਾਨਾ ਲਾਹੌਰ ਸੈਂਟਰਲ ਜੇਲ੍ਹ ਵਿੱਚ ਖੋਲ੍ਹਿਆ ਗਿਆ ਨਾਮ ਉਸ ਦਾ ਰਖਿਆ ਗਿਆ, 'ਖ਼ਾਸ ਅਦਾਤਲ!' ਇਸ ਵਿੱਚ ਤਿੰਨ ਬੁਚੜ ਜਿਨ੍ਹਾਂ ਵਿਚੋਂ ਦੋ ਅੰਗਰੇਜ਼ ਤੇ ਇਕ ਹਿੰਦੀ ਗੋਲਾ ਸੀ ਦੇਸ਼ ਭਗਤਾਂ ਦੇ ਰੁਕੜੇ ਖਾਣ ਲਈ ਟਿਕਾਏ ਗਏ। ਉਧਰ

ਦੇਸ਼ ਭਗਤ ਵੀ ਨੌਕਰਸ਼ਾਹੀ ਦੇ ਇਸ ਅਤਿਆਚਾਰ ਭਰੇ ਵਤੀਰੇ ਤੋਂ ਚੰਗੀ ਤਰ੍ਹਾਂ ਜਾਣੂ ਸਨ। ਉਹ ਵੀ ਉਮਾਹ ਔਰ ਪ੍ਰਸੰਨਤਾ ਨਾਲ, ਇਸ ਸੁਤੰਤਰਤਾ ਰੂਪੀ ਦੀਵੇ ਪੁਰ ਪਤੰਗਿਆਂ ਵਾਂਗੂੰ ਆਪਾ ਵਾਰਨ ਵਿੱਚ ਫ਼ਖ਼ਰ ਸਮਝਦੇ ਸਨ। ਜਾਤੀ ਦੇ ਹਵਨ ਕੁੰਡ ਵਿੱਚ ਇਸ ਮਿਥਿਆ ਸਰੀਰਾਂ ਦੀ ਅਹੂਤੀ ਪਾਉਣੀ ਤੇ ਆਜ਼ਾਦੀ ਦੇਵੀ ਉਤੋਂ ਨਿਛਾਵਰ ਹੋ ਜਾਣਾ ਉਹਨਾਂ ਲਈ ਇਕ ਵਡਿਆਈ ਦਾ ਕੰਮ ਸੀ। ਉਹਨਾਂ ਨੂੰ ਇਹ ਵੀ ਚੰਗੀ ਤਰ੍ਹਾਂ ਗਿਆਨ ਸੀ ਕਿ ਸ਼ਹੀਦਾਂ ਦਾ ਖ਼ੂਨ ਇਕ ਨਾ ਇਕ ਦਿਨ ਜ਼ਰੂਰ ਫਲ ਲਿਆਵੇਗਾ ਤੇ ਮੁਰਦਾ ਕੌਮ ਦੇ ਸਰੀਰ ਵਿੱਚ ਫੇਰ ਨਵੇਂ ਸਿਰੇ ਤੋਂ ਜੋਸ਼ ਤੇ ਜੀਵਨ ਸ਼ਕਤੀ ਉਤਪੰਨ ਕਰੇਗਾ।

ਆਖ਼ਰ ਸਾਰੇ ਦੇਸ਼ ਭਗਤਾਂ ਨੂੰ ਵੱਖੋ-ਵੱਖ ਜੇਲ੍ਹਾਂ ਵਿਚੋਂ ਲਿਆ ਕੇ ਲਾਹੌਰ ਸੈਂਟਰਲ ਜੇਲ੍ਹ ਵਿੱਚ ਮੁਕੱਦਮੇ ਚਲਾਣ ਲਈ ਇਕੱਠਿਆਂ ਕੀਤਾ ਗਿਆ। ਪਹਿਲਾ ਕਾਨਸਪੀਰੇਸੀ ਕੇਸ (ਸਾਜ਼ਸ਼ ਦਾ ਮੁਕੱਦਮਾ) 62 ਦੇਸ਼ ਭਗਤਾਂ ਵਿਰੁੱਧ 29 ਅਪ੍ਰੈਲ 1915 ਨੂੰ ਜੇਲ੍ਹ ਦੇ ਇਹਾਤੇ ਅੰਦਰ ਹੀ 'ਖ਼ਾਸ ਅਦਾਲਤ' ਨਾਮੀ ਤਿੰਨਾਂ ਬੁਚੜਾਂ ਦੇ ਪੇਸ਼ ਕੀਤਾ ਗਿਆ। ਇਹ ਤਿੰਨੇ ਇਨਸਾਫ਼ ਮੂਰਤੀਆਂ ਦਿਲ ਦੀ ਕਾਲੀ ਹਕੂਮਤ ਨੇ ਦੇਸ਼ ਭਗਤਾਂ ਨੂੰ ਮੁਕਾਣ ਲਈ ਪਹਿਲਾਂ ਹੀ ਚੁਣ ਕੇ ਰੱਖੇ ਹੋਏ ਸਨ। ਹਿੰਦੀ ਬੁਚੜ (ਜੱਜ) ਦਾ ਨਾਂ ਸ਼ਿਵ ਨਰਾਇਣ ਸੀ ਤੇ ਲਾਹੌਰ ਦਾ ਵਸਨੀਕ ਸੀ।

ਨੌਕਰਸ਼ਾਹੀ ਪੁਲਿਸ ਦੇ ਕਾਰਨਾਮੇ ਹਰ ਇਕ ਹਿੰਦੀ ਚੰਗੀ ਤਰ੍ਹਾਂ ਜਾਣਦਾ ਏ; ਇਸ ਲਈ ਏਥੇ ਲਿਖਣ ਦੀ ਵਧੇਰੇ ਲੋੜ ਤਾਂ ਨਹੀਂ ਸੀ; ਪਰ ਫੇਰ ਵੀ ਕੁਝ ਕੁ ਕਾਲੀਆਂ ਕਰਤੂਤਾਂ ਏਥੇ ਦੱਸੀਆਂ ਜਾਂਦੀਆਂ ਹਨ ਜੋ ਜ਼ਰੂਰ ਪਾਠਕਾਂ ਦੀ ਦਿਲਚਸਪੀ ਦਾ ਕਾਰਨ ਬਣਨਗੀਆਂ। ਇਹਨਾਂ ਗੱਲਾਂ ਤੋਂ ਉਹਨਾਂ ਗਵਾਹੀਆਂ ਦੇ ਪਾਜ ਖੁਲ੍ਹਣਗੇ, ਜਿਨ੍ਹਾਂ ਦੇ ਆਸਰੇ 'ਖ਼ਾਸ ਅਦਾਲਤ' ਨੇ ਦੇਸ਼ ਭਗਤਾਂ ਨੂੰ ਫਾਹੇ ਟੰਗ ਕੇ ਲਹੂ ਨਾਲ ਹੱਥ ਰੰਗੇ ਤੇ ਕਈਆਂ ਨੂੰ ਉਮਰ ਕੈਦ ਔਰ ਦੇਸ਼ ਨਿਕਾਲੇ ਦੀਆਂ ਸਜ਼ਾਵਾਂ ਦੇ ਕੇ ਨੌਕਰਸ਼ਾਹੀ ਨੇ ਆਪਣਾ ਗੁਬਾਰ (ਗੁੱਸਾ) ਕਢਿਆ। ਇਕ ਗਵਾਹ ਨੂੰ ਸ਼ਨਾਖ਼ਤ ਪਰੇਡ ਸਮੇਂ ਭਾਈ ਜਗਤ ਸਿੰਘ ਦਾ ਹੁਲੀਆ ਦਸ ਕੇ ਸਮਝਾਇਆ ਕਿ ਜਿਸ ਆਦਮੀ ਦੀ ਖੱਬੀ ਪੁੜਪੜੀ ਉੱਤੇ ਰਸੌਲੀ (ਗੁੱਮੀ) ਹੋਵੇ ਉਸ ਨੂੰ ਤੂੰ ਜਗਤ ਸਿੰਘ ਆਖ ਦੇਵੀਂ। ਹੁਣ ਏਸ ਵਿਚਾਰੇ ਨੇ ਪਹਿਲਾਂ ਕਦੀਂ ਭਾ: ਜਗਤ ਸਿੰਘ ਜੀ ਨੂੰ ਡਿਠਾ ਹੀ ਨਹੀਂ ਸੀ ਜਦੋਂ ਇਹ ਭੋਲਾ ਭਰਾ ਬੱਧੇ ਭਰਾਵਾਂ ਦੀ ਪਾਲ ਕੋਲ ਆਇਆ ਤਾਂ ਲੱਗਾ ਹਰ ਇਕ ਬੰਦੇ ਦੇ ਮਥਿਆਂ ਤੇ ਪੁੜ-ਪੁੜੀਆਂ ਨੂੰ ਨੀਝ ਲਾ ਕੇ ਦੇਖਣ। ਜਿਸ ਤੋਂ ਅਸਾਂ ਸਾਰਿਆਂ ਨੇ ਜਾਚ ਲਿਆ ਕਿ ਪੁਲਿਸ ਜ਼ਰੂਰ ਇਸਨੂੰ ਕੋਈ ਖ਼ਾਸ

ਨਿਸ਼ਾਨ ਸਿਆਨਣ ਲਈ ਦੱਸ ਕੇ ਲਿਆਈ ਹੈ। ਅਖ਼ੀਰ ਉਸਨੇ ਸਮਝਾਏ ਅਨੁਸਾਰ ਭਾ: ਜਗਤ ਸਿੰਘ ਦੀ ਰਸੌਲੀ ਵੇਖ ਕੇ ਓਹਨਾਂ ਉੱਤੇ ਹੱਥ ਧਰ ਦਿੱਤਾ। ਪਰ ਅਦਾਲਤ ਵਿੱਚ ਜਦੋਂ ਵਕੀਲ ਨੇ ਉਸ ਗੁਵਾਹ ਪੁਰ ਜਿਰਹ ਕਰਦਿਆਂ ਹੋਇਆਂ ਪੁੱਛਿਆ ਕਿ ਤੂੰ ਕਦੀ ਪਹਿਲਾਂ ਵੀ ਜਗਤ ਸਿੰਘ ਨੂੰ ਦੇਖਿਆ ਸੀ? ਤਾਂ ਉਸ ਨੇ ਘਬਰਾ ਕੇ ਸੱਚ-ਸੱਚ ਹੀ ਦਸ ਦਿੱਤਾ, ਅਖੇ ਨਹੀਂ, ਮੈਨੂੰ ਤਾਂ ਪੁਲਿਸ ਨੇ ਰਸੌਲੀ ਦੀ ਨਿਸ਼ਾਨੀ ਦਸੀ ਸੀ, ਜਿਸਦੇ ਸਹਾਰੇ ਮੈਂ ਉਸਨੂੰ ਪਛਾਣਿਆ ਹੈ। (2) ਦੂਜਾ ਇਕ ਹੋਰ ਗਵਾਹ ਆਇਆ। ਉਸਨੂੰ ਪੁਲੀਸ ਨੇ ਭਾਈ ਕੇਸਰ ਸਿੰਘ ਬਾਰੇ ਸਮਝਾਇਆ ਸੀ ਕਿ ਜਿਸ ਮਨੁੱਖ ਦੇ ਗਲ ਓਵਰ ਆਲ (ਉਹ ਪਤਲੂਨ ਜਿਸਨੂੰ ਅਮਰੀਕਾ ਵਿੱਚ ਕੰਮ ਕਾਰ ਕਰਨ ਵੇਲੇ ਪਹਿਨਿਆ ਜਾਂਦਾ ਏ)। ਪਾਈ ਹੋਈ ਹੋਵੇ, ਓਹ ਕੇਸਰ ਸਿੰਘ ਜਾਣ ਲੈਣਾ। ਪਰ ਸੁਤੇ ਹੀ ਉਸ ਦਿਨ ਉਹ ਪਤਲੂਨ ਭਾ: ਨਿਧਾਨ ਸਿੰਘ ਨੇ ਪਹਿਨੀ ਹੋਈ ਸੀ। ਗਵਾਹ ਨੇ ਭਾ: ਨਿਧਾਨ ਸਿੰਘ ਜੀ ਵੱਲ ਉਂਗਲ ਕਰਕੇ ਆਖ ਦਿੱਤਾ ਕਿ ਔਹ ਭਾ: ਕੇਸਰ ਸਿੰਘ ਖੜਾ ਏ। (3) ਪਲਟਨ ਨੰਬਰ 23 ਦੇ ਗ੍ਰੰਥੀ ਦਾ ਪੁੱਤਰ ਭਾ: ਲਾਲ ਸਿੰਘ ਨੂੰ ਸਿਆਨਣ ਲਈ ਆਇਆ। ਉਸਨੇ ਭਾਈ ਸਾਹਿਬ ਨੂੰ ਪਹਿਲਾਂ ਕਦੀ ਵੇਖਿਆ ਹੀ ਨਹੀਂ ਸੀ, ਇਸ ਲਈ ਪੁਲਿਸ ਨੇ ਉਸਨੂੰ ਅਜਿਹੀ ਥਾਂ ਓਹਲੇ ਖਲ੍ਹਾਰ ਕੇ, ਜਿਥੋਂ ਕਿ ਓਹ ਭਾ: ਲਾਲ ਸਿੰਘ ਜੀ ਨੂੰ ਦੇਖ ਸਕਦਾ ਸੀ, ਕਿਸੇ ਬਹਾਨੇ ਭਾਈ ਲਾਲ ਸਿੰਘ ਜੀ ਨੂੰ ਆਪਣੇ ਕੋਲ ਸਦਿਆ। ਇਸ ਤਰ੍ਹਾਂ ਗਵਾਹ ਨੂੰ ਪਹਿਲਾਂ ਦਿਖਾ ਕੇ ਮਗਰੋਂ ਸ਼ਨਾਖਤ ਪ੍ਰੇਡ ਵਿੱਚ ਪਛਾਣ ਕਰਾਈ ਸੀ। (4) ਭਾ: ਜਵਾਲਾ ਸਿੰਘ ਜੀ ਦੀ ਸਿਆਣ ਕਰਨ ਲਈ ਇਕ ਗੁਵਾਹ ਬੁਲਾਇਆ ਗਿਆ। ਜਦੋਂ ਓਹ ਭਾਈ ਸਾਹਿਬ ਨੂੰ ਨਾ ਸਿਆਣ ਸਕਿਆ ਤਾਂ ਸਰਕਾਰੀ ਵਕੀਲ ਪਿਟ ਮੈਨ ਨੇ-ਜੋ ਗਵਾਹ ਦੇ ਲਾਗੇ ਹੀ ਖੜਾ ਸੀ-ਇਸ਼ਾਰਾ ਕਰਕੇ ਗਵਾਹ ਨੂੰ ਸਮਝਾ ਦਿੱਤਾ। ਇਸ ਪੁਰ ਭਾਈ ਜਵਾਲਾ ਸਿੰਘ ਜੀ ਨੇ ਸਰਕਾਰੀ ਵਕੀਲ ਨੂੰ ਕਿਹਾ ਕਿ ਇਹ ਕੋਈ ਨਿਆਂ ਨਹੀਂ ਹੈ, ਜੇਕਰ ਤੁਸਾਂ ਲੋਕਾਂ ਨੇ ਸਾਨੂੰ ਫਾਹੇ ਚਾੜ੍ਹਨ ਦੀ ਹੀ ਗੱਲ ਮਿਥੀ ਹੋਈ ਹੈ, ਤਾਂ ਫੇਰ ਅਦਾਲਤ ਆਦਿਕ ਦਾ ਅਡੰਬਰ ਰਚ ਕੇ ਇਨਸਾਫ਼ ਦਾ ਨਾਂ ਬੱਦੂ ਕਰਨ ਦੀ ਕੀ ਲੋੜ ਹੈ, ਓਵੇਂ ਹੀ ਫੜ ਕੇ ਕਤਲ ਕਿਉਂ ਨਹੀਂ ਕਰ ਦੇਂਦੇ? ਸਰਕਾਰੀ ਵਕੀਲ ਨੇ ਗੁੱਸੇ ਨਾਲ ਭਾਈ ਸਾਹਿਬ ਨੂੰ ਝਿੜਕ ਕੇ ਕਿਹਾ : 'ਚੁੱਪ ਰਹੋ'। ਭਾਈ ਸਾਹਿਬ ਨੇ ਅਗੋਂ ਓਸੇ ਤਰ੍ਹਾਂ ਕਿਹਾ : ਮੈਂ ਚੁੱਪ ਕਿਉਂ ਰਹਾਂ ? ਚੁੱਪ ਤੂੰ ਰਹਿ, ਜਿਹੜਾ ਕਿ ਬੇਈਮਾਨੀ ਤੇ ਦੁਸ਼ਟ ਪੁਣਾ ਕਰਦਾ ਏਂ। ਏਸੇ ਕਸੂਰ ਬਦਲੇ ਅਦਾਲਤ ਨੇ ਭਾਈ

ਜਵਾਲਾ ਸਿੰਘ ਨੂੰ ਤੀਹ ਬੈਂਤਾਂ ਮਾਰਨ ਦੀ ਸਜ਼ਾ ਦੇ ਦਿੱਤੀ। ਹਾਲਾਂ ਕਿ ਬੇਈਮਾਨੀ ਪ੍ਰਤੱਖ ਸਰਕਾਰੀ ਵਕੀਲ ਦੀ ਸੀ, ਔਰ ਜੱਜ ਬਹਾਦਰ ਇਸ ਬੇਈਮਾਨੀ ਨੂੰ ਸਾਹਮਣੇ ਬੈਠੇ ਦੇਖ ਰਹੇ ਸਨ। ਬੈਂਤ ਮਾਰਨ ਲਈ ਜਦੋਂ ਭਾਈ ਸਾਹਿਬ ਨੂੰ ਟਿਕ ਟਿਕੀ ਪੁਰ ਲੈ ਗਏ, ਤਾਂ ਸੁਪ੍ਰੰਟੰਡੰਟ ਜੇਲ੍ਹ ਨੇ ਭਾਈ ਸਾਹਿਬ ਨੂੰ ਕਿਹਾ, ਕਿ ਅਦਾਲਤ ਵੱਲੋਂ ਆਪ ਨੂੰ ਤੀਹ ਬੈਂਤ ਮਾਰਨ ਦੀ ਸਜ਼ਾ ਮਿਲੀ ਹੈ, ਇਸ ਲਈ ਮੈਂ ਆਪ ਨੂੰ (30) ਬੈਂਤ ਲਗਾਉਣ ਲਗਾ ਹਾਂ। ਭਾਈ ਸਾਹਿਬ ਨੇ ਹੱਸ ਕੇ ਉੱਤਰ ਦਿੱਤਾ, 'ਜੀ ਸਦਕੇ ਮਾਰੋ! ਜ਼ਾਲਮਾਂ ਦਾ ਕੰਮ ਹੈ ਜ਼ੁਲਮ ਕਰਨਾ ਤੇ ਸਾਡਾ ਧਰਮ ਹੈ ਜ਼ੁਲਮ ਨੂੰ ਖਿੜੇ ਮਥੇ ਸਹਾਰਨਾ!' ਬਸ ਫੇਰ ਓਥੇ ਢਿਲ ਕਾਹਦੀ ਸੀ! ਭਾਈ ਸਾਹਿਬ ਨੂੰ ਬੈਂਤ ਠੁਕਣ ਲੱਗ ਪਏ! ਜਲਾਦ ਨੇ ਵੀ ਆਪਣੀ ਮਾਂ ਦੀਆਂ ਧਾਰਾਂ ਸਫ਼ਲ ਕਰਨ ਵਿੱਚ ਪੂਰਾ ਪੂਰਾ ਟਿੱਲ ਲਾਇਆ। ਭਾਈ ਸਾਹਿਬ ਦੇ ਸਰੀਰ ਉਤੋਂ ਭਾਵੇਂ ਚਮੜੀ ਰੋਟੀ ਦੇ ਪੜਦੇ ਵਾਂਗੂੰ ਉਦੜ ਰਹੀ ਸੀ ਤੇ ਲਹੂ ਦੀਆਂ ਧਾਰਾਂ ਵਗ ਰਹੀਆਂ ਸਨ, ਪਰ ਉਸ ਭਾਰਤ ਮਾਤਾ ਦੇ ਸਪੁੱਤਰ ਨੇ ਮੂੰਹੋਂ 'ਸੀ' ਤੱਕ ਨਹੀਂ ਉਚਾਰੀ।

ਸੱਚ ਤਾਂ ਇਹ ਹੈ ਕਿ ਇਕ ਭਾਈ ਜਵਾਲਾ ਸਿੰਘ ਕੀ, ਸਾਰੇ ਹੀ ਦੇਸ਼ ਭਗਤ ਇਕ ਦੂਜੇ ਨਾਲੋਂ ਵਧ ਕੇ ਜਾਤੀ ਅਣਖ ਔਰ ਇੱਜ਼ਤ ਪੁਰ ਮਰ ਮਿਟਣ ਲਈ ਤਨੋ, ਮਨੋ ਤਿਆਰ ਹੋ ਕੇ ਜੁਟੇ ਹੋਏ ਸਨ। ਹਰ ਇਕ ਦੀ ਇਹੋ ਇੱਛਾ ਸੀ ਕਿ ਸਭ ਤੋਂ ਪਹਿਲਾਂ ਮੈਂ ਹੀ ਕੌਮੀ ਸੇਵਾ ਦੇ ਇਸ ਹਵਨ ਕੁੰਡ ਵਿੱਚ ਆਪਣੇ ਸਰੀਰ ਦੀ ਅਹੂਤੀ ਪਾ ਕੇ ਆਪਣਾ ਜਨਮ ਸਫ਼ਲਾ ਕਰ ਲਵਾਂ। ਬੈਂਤ ਕੀ ਚੀਜ਼ ਸਨ, ਉਸ ਵੇਲੇ ਜੇ ਇਹਨਾਂ ਦੇਸ਼ ਭਗਤਾਂ ਦੇ ਬੰਦ ਬੰਦ ਵੀ ਜੁਦੇ ਕਰਾਏ ਜਾਂਦੇ ਤਾਂ ਵੀ ਓਹਨਾਂ ਦੀਆਂ ਰਸਨਾਂ ਉੱਤੇ 'ਹਾਇ' ਤਕ ਦਾ ਸ਼ਬਦ ਨਾ ਔਂਦਾ। ਉਦਾਹਰਣ ਵਜੋਂ ਮੈਂ ਏਥੇ ਇਕ 17 ਵਰ੍ਹੇ ਦੇ ਗਭਰੀਟ ਕਰਤਾਰ ਸਿੰਘ ਦੀ ਮਿਸਾਲ ਪੇਸ਼ ਕਰਦਾ ਹਾਂ, ਜਿਸ ਤੋਂ ਆਪ ਲੋਕ ਇਹਨਾਂ ਦੇਸ਼ ਭਗਤਾਂ ਦੀ ਸੱਚੀ ਸੁੱਚੀ ਕੁਰਬਾਨੀ ਦਾ ਖੁਦ ਅੰਦਾਜ਼ਾ ਲਾ ਲਵੋਗੇ।

ਜਦ ਇਹ ਨੌਜਵਾਨ ਬਾਲਕ ਆਪਣੇ ਬਿਆਨ ਦੇਣ ਹਿਤ ਅਦਾਲਤ ਦੇ ਸਾਹਮਣੇ ਜਾ ਖਲੋਤਾ ਤਾਂ ਅਦਾਲਤ ਨੇ ਪ੍ਰਸ਼ਨ ਕੀਤਾ ਕਿ ਕਰਤਾਰ ਸਿੰਘ 'ਤੁਮ ਨੇ ਅੰਗਰੇਜ਼ੀ ਹਕੂਮਤ ਦੇ ਵਿਰੁੱਧ ਅਤੇ ਅੰਗਰੇਜ਼ੀ ਰਾਜ ਨੂੰ ਹਿੰਦ ਵਿਚੋਂ ਬਾਹਰ ਕੱਢਣ ਵਾਸਤੇ ਇਸ ਸਾਜ਼ਸ਼ ਵਿੱਚ ਹਿੱਸਾ ਲਿਆ ਜਾਂ ਨਹੀਂ? ਤਾਂ ਉਸ ਨੌਜਵਾਨ ਨੇ ਉੱਤਰ ਦਿੱਤਾ ਕਿ ਹਿੱਸਾ ਤਾਂ ਕੀ ਮੇਰਾ ਤਾਂ ਧਰਮ ਔਰ ਕੇਵਲ ਇਕੋ ਧਰਮ ਇਹੋ ਹੈ ਕਿ

ਆਪਣੇ ਦੇਸ਼ ਔਰ ਜਾਤੀ ਨੂੰ ਗ਼ੈਰਾਂ ਤੋਂ ਬਚਾਉਣ ਦੀ ਕਰਾਂ ਅਤੇ ਮੈਂ ਅੰਗਰੇਜ਼ਾਂ ਦਾ ਖੁਰਾ ਖੋਜ ਮਟਾਉਣ ਹਿਤ ਸਾਰੇ ਹੀ ਸਾਧਨ ਗ੍ਰਹਿਣ ਕੀਤੇ ਹਨ। ਅਖ਼ਬਾਰਾਂ, ਸ਼ਸਤਰਾਂ ਅਤੇ ਫ਼ੌਜਾਂ ਵਿੱਚ ਪਰਚਾਰ ਕਰਨਾ ਮੇਰਾ ਮੁੱਖ ਕੰਮ ਅਰ ਧਰਮ ਹੈ।' ਇਹ ਉੱਤਰ ਸੁਣ ਕੇ ਜੱਜਾਂ ਨੇ ਪੁੱਛਿਆ ਕਿ ਇਸ ਬਿਆਨ ਦਾ ਸਿੱਟਾ ਤੇਰੇ ਵਾਸਤੇ ਕੀ ਨਿਕਲੇਗਾ? ਉੱਤਰ ਮਿਲਿਆ ਕਿ ਹਾਂ ਮੈਂ ਜਾਣਦਾ ਹਾਂ "ਮੌਤ", ਪਰ ਮੈਂ ਮੌਤ ਤੋਂ ਕਦਾਚਿਤ ਭੈ ਨਹੀਂ ਖਾਂਦਾ। ਇਹ ਇਕ ਆਯੂ ਕੀ ਜੇਕਰ ਅਜਿਹੀਆਂ ਸੈਂਕੜੇ ਉਮਰਾਂ ਵੀ ਮੈਨੂੰ ਵਾਰਨੇ ਕਰਨੀਆਂ ਪੈਣ ਤਾਂ ਬੜੀ ਪ੍ਰਸੰਨਤਾ ਨਾਲ ਕਰਾਂਗਾ। ਹੁਣ ਮੈਂ ਸੱਚਾਈ ਵਜੋਂ ਏਥੇ ਇਹ ਪਰਗਟ ਕਰ ਦੇਣਾ ਉਚਿਤ ਸਮਝਦਾ ਹਾਂ ਕਿ ਜਿਹੜੇ ਡਾਕੂ ਆਦਿਕਾਂ ਦੇ ਦੋਸ਼ ਪੁਲਿਸ ਨੇ ਇਨ੍ਹਾਂ ਦੇਸ਼ ਭਗਤਾਂ ਤੇ ਥਪੇ ਸਨ, ਉਹ ਕੇਵਲ ਪੁਲਿਸ ਦੇ ਆਦਮੀਆਂ ਦੀਆਂ ਆਪਣੀਆਂ ਹੀ ਕਰਤੂਤਾਂ ਸਨ, ਜਿਹੜੀਆਂ ਕਿ ਇਸ ਲਹਿਰ ਨੂੰ ਹਾਨੀ ਪਹੁੰਚਾਣ ਲਈ ਨੌਕਰ ਸ਼ਾਹੀ ਵਲੋਂ ਕੀਤੀਆਂ ਗਈਆਂ ਅਰਥਾਤ ਖੁਫ਼ੀਆ ਪੁਲਿਸ ਦੇ ਚਾਟੜੇ ਅਮਰੀਕਾ ਤੋਂ ਹੀ ਇਹਨਾਂ ਦੇਸ਼ ਭਗਤਾਂ ਦੀ ਪਾਰਟੀ ਵਿੱਚ ਮਿਲ ਗਏ ਸਨ, ਜਿਹਾ ਕਿ ਨਵਾਬ ਖਾਂ ਹਲਵਾਰਾ ਨਿਵਾਸੀ ਅਤੇ ਕ੍ਰਿਪਾਲ ਸਿੰਘ ਜਿਸ ਨੂੰ ਪੁਲਿਸ ਨੇ ਪੰਜਾਬ ਵਿੱਚ ਅਮਰੀਕਾ ਵਾਲਿਆਂ ਦੇ ਆਉਣ ਪੁਰ ਸ਼ਾਮਲ ਕਰ ਦਿੱਤਾ ਸੀ ਜਿਹੜੇ ਕਿ ਪਿਛੋਂ ਮੁਖਬਰਾਂ ਦੇ ਭੇਸ ਵਿੱਚ ਪਰਗਟ ਹੋ ਕੇ ਸਾਹਮਣੇ ਆਏ। ਨਵਾਬ ਖ਼ਾਂ ਪਿੰਡ ਹਲਵਾਰਾ ਜ਼ਿਲ੍ਹਾ ਲੁਧਿਆਣਾ ਅਤੇ ਕ੍ਰਿਪਾਲ ਸਿੰਘ ਪਿੰਡ ਬਰਾੜ ਜ਼ਿਲ੍ਹਾ ਅੰਮ੍ਰਿਤਸਰ। ਇਹਨਾਂ ਦੋਹਾਂ ਨੇ ਅਦਾਲਤ ਵਿੱਚ ਆਪਣੀ ਜ਼ਬਾਨੀ ਮੰਨਿਆ ਹੈ ਕਿ ਅਸੀਂ ਖੁਫੀਆ ਪੁਲਿਸ ਦੇ ਨਾਲ ਨਾਲ ਹੀ ਸਾਰੇ ਕੰਮਾਂ ਦੀ ਪੂਰੀ-ਪੂਰੀ ਸੂਹ ਪਹੁੰਚਾਂਦੇ ਰਹੇ ਹਾਂ। ਅਜਿਹਾ ਹੀ ਮੂਲਾ ਸਿੰਘ ਪਿੰਡ ਮੀਰਾਂ ਕੋਟ ਜ਼ਿਲ੍ਹਾ ਅੰਮ੍ਰਿਤਸਰ ਵਾਲਾ ਸੀ। ਬਸ ਇਹ ਸਪਸ਼ਟ ਪਰਗਟ ਹੈ ਕਿ ਦੇਸ਼ ਭਗਤਾਂ ਨੂੰ ਬਦੂ ਕਰਨ ਅਰ ਹਾਨੀ ਪਹੁੰਚਾਣ ਹਿਤ ਹੀ ਪੁਲਿਸ ਨੇ ਲੋਕਾਂ ਪੁਰ ਡਾਕੇ ਮਰਵਾਏ ਔਰ ਇਸ ਸਾਧਨ ਦਵਾਰਾ ਕਿਸੇ ਹਦ ਤੱਕ ਪੁਲਿਸ ਨੂੰ ਦੇਸ਼ ਭਗਤਾਂ ਤੇ ਤਰ੍ਹਾਂ ਤਰ੍ਹਾਂ ਨਾਲ ਝੂਠੀਆਂ ਖ਼ਬਰਾਂ ਆਮ ਜਨਤਾ ਵਿੱਚ ਫੈਲਾ ਕੇ ਕੌਮ ਨੂੰ ਆਪਣੇ ਸੱਚੇ ਸੇਵਕਾਂ ਤੇ ਸ਼ੁਭ ਚਿੰਤਕਾਂ ਤੋਂ ਬਦਜ਼ਨ (ਬਦਨਾਮ/ਨਫ਼ਰਤ) ਕਰਨ ਵਿੱਚ ਸਫ਼ਲਤਾ ਵੀ ਪ੍ਰਾਪਤ ਹੋ ਗਈ। ਨਹੀਂ ਤਾਂ ਦੇਸ਼ ਭਗਤਾਂ ਦਾ ਆਪਣੇ ਭਰਾਵਾਂ ਤੇ ਡਾਕਾ ਮਾਰਨਾ ਜਾਂ ਕਿਸੇ ਪ੍ਰਕਾਰ ਦਾ ਉਹਨਾਂ ਨੂੰ ਦੁੱਖ ਦੇਣਾ ਉਹਨਾਂ ਦੇ ਖ਼ਿਆਲਾਂ ਤੋਂ ਉੱਕਾ ਹੀ ਵਿਰੁੱਧ ਸੀ। ਉਹ ਤਾਂ ਅਪਾਣੇ ਭਰਾਵਾਂ ਨੂੰ ਫੁੱਲ ਦੀ ਸੱਟ ਵੀ ਮਾਰਨਾ ਨਹੀਂ ਚਾਹੁੰਦੇ ਸਨ। ਉਹਨਾਂ ਦਾ ਦੇਸ਼ ਪ੍ਰੇਮ ਅਤੇ ਜਾਤੀ ਸਭਿਅਤਾ ਇਸ ਬਿਆਨ ਤੋਂ ਸਪਸ਼ਟ

ਪਰਗਟ ਹੈ, ਜਿਹੜਾ ਪਿੰਡ ਚਬੇ ਜਿਲ੍ਹਾ ਅੰਮ੍ਰਿਤਸਰ ਦੀ ਇਕ ਕੰਨਿਆ ਨੇ ਅਦਾਲਤ ਵਿੱਚ ਦਿੱਤਾ ਸੀ, ਜਿਸ ਦੇ ਪਿਤਾ ਦੇ ਘਰ ਮੂਲਾ ਸਿੰਘ ਤੇ ਕਿਰਪਾਲ ਸਿੰਘ ਨੇ ਦੇਸ਼ ਭਗਤਾਂ ਨੂੰ ਪਰੇਰ ਕੇ ਡਾਕਾ ਪਵਾਇਆ ਸੀ, ਉਹ ਲੜਕੀ ਇਸ ਪ੍ਰਕਾਰ ਬਿਆਨ ਦਿੰਦੀ ਹੈ ਕਿ "ਜਦ ਡਾਕੂ ਸਾਡੇ ਘਰ ਵਿੱਚ ਆਣ ਵੜੇ ਤਾਂ ਮੈਂ ਭੈ ਖਾ ਕੇ ਇਕ ਦੂਜੇ ਅੰਦਰ ਜਿਹੜਾ ਸਾਡੇ ਘਰ ਵਿਚੋਂ ਹੀ ਸੀ ਜਾਕੇ ਛੁਪ ਗਈ। ਮੈਨੂੰ ਓਥੇ ਜਾਕੇ ਫੇਰ ਡਾਕੂਆਂ ਨੇ ਘੇਰ ਲਿਆ ਤੇ ਕਿਹਾ ਕਿ ਰੁਪਿਆ ਦਸ ਤਾਂ ਮੈਂ ਕਿਹਾ ਕਿ ਮੈਂ ਤਾਂ ਆਪਣੇ ਪਿਤਾ ਦੀ ਗ਼ਰੀਬ ਲੜਕੀ ਹਾਂ ਤੇ ਇਹ ਘਰ ਮੇਰੇ ਮਾਤਾ ਪਿਤਾ ਦਾ ਹੈ ਇਸ ਲਈ ਮੈਨੂੰ ਉਹਨਾਂ ਦੇ ਰਖੇ ਰਖਾਏ ਦਾ ਕੀ ਪਤਾ ਹੋ ਸਕਦਾ ਹੈ। ਜਿਸ ਪੁਰ ਡਾਕੂਆਂ ਵਿਚੋਂ ਇਕ ਜਵਾਨ ਲੜਕੇ ਨੇ ਕਿਹਾ ਕਿ ਭੈਣ ਤੂੰ ਡਰ ਨਾ, ਅਸੀਂ ਡਾਕੂ ਨਹੀਂ ਹਾਂ ਅਸੀਂ ਦੇਸ਼ ਭਗਤ ਹਾਂ ਅਰ ਆਪਣੇ ਦੇਸ਼ ਦੇ ਕੰਮ ਵਾਸਤੇ ਇਹ ਰੁਪਿਆ ਤੇਰੇ ਪਿਤਾ ਤੋਂ ਲੈਂਦੇ ਹਾਂ ਅਤੇ ਜਿਸ ਦਿਨ ਸਾਡਾ ਦੇਸ਼ ਸੁਤੰਤਰ ਹੋ ਜਾਏਗਾ ਅਸੀਂ ਤੇਰੇ ਪਿਤਾ ਨੂੰ ਇਸ ਤੋਂ ਦੂਣਾ ਰੁਪਿਆ ਮੋੜ ਦੇਵਾਂਗੇ ਅਤੇ ਤੂੰ ਸਾਡੀ ਭੈਣ ਹੈ। ਇਸ ਦੀ ਇਹ ਗੱਲ ਸੁਣ ਕੇ ਮੈਂ ਆਪਣੇ ਹੱਥ ਦੀ ਮੁੰਦਰੀ ਲਾਹ ਉਸ ਭਰਾ ਨੂੰ ਦੇ ਦਿੱਤੀ ਤੇ ਕਿਹਾ ਕਿ ਜੇਕਰ ਤੂੰ ਮੈਨੂੰ ਭੈਣ ਸਮਝਦਾ ਹੈਂ ਤਾਂ ਇਹ ਲੈ ਮੁੰਦਰੀ ਮੈਂ ਆਪਣੀ ਖੁਸ਼ੀ ਨਾਲ ਤੈਨੂੰ ਆਪਣਾ ਭਾਈ ਜਾਣ ਕੇ ਯਾਦਗੀਰੀ ਵਜੋਂ ਦੇਂਦੀ ਹਾਂ।" ਏਸ ਨੌਜਵਾਨ ਦਾ ਨਾਮ ਅਰਜਨ ਸਿੰਘ ਸੀ ਔਰ ਇਹ ਮੁੰਦਰੀ ਉਸ ਦੇ ਪਾਸ ਅਖ਼ੀਰਲੇ ਦਮਾਂ ਤਕ ਰਹੀ ਅਤੇ ਸਦਾ ਹੀ ਉਹ ਇਸ ਮੁੰਦਰੀ ਨੂੰ ਵੇਖ ਕੇ ਆਪਣੇ ਸਾਥੀਆਂ ਨੂੰ ਕਿਹਾ ਕਰਦਾ ਸੀ ਕਿ "ਇਹ ਸਾਡੀ ਭੈਣ ਦੀ ਮੁੰਦਰੀ ਅਤੇ ਯਾਦਗੀਰੀ ਹੈ।" ਇਹ ਸੂਰਮਾ ਲਾਹੌਰ ਵਿੱਚ ਪੁਲਿਸ ਅਫ਼ਸਰ ਨੂੰ ਮਾਰ ਕੇ ਫਾਂਸੀ ਹੋਇਆ ਸੀ। ਅੰਤ ਨੂੰ ਕਈ ਮਹੀਨੇ ਮੁਕੱਦਮਾ ਚਲਿਆ ਰਹਿਣ ਤੋਂ ਪਿਛੋਂ ਜਨਤਾ ਨੂੰ ਮਦਾਰੀ ਦੇ ਖੇਲ ਦੀ ਨਿਆਈਂ ਨੌਕਰਸ਼ਾਹੀ ਧੋਖਾ ਦੇਂਦੀ ਹੋਈ ਆਪਣੇ ਅਤਿਆਚਾਰ ਨੂੰ ਅਦਲ (ਇਨਸਾਫ਼) ਦੇ ਰੂਪ ਵਿੱਚ ਵਿਖਾਉਣ ਦਾ ਬੇ-ਅਰਥ ਯਤਨ ਕਰਦੀ ਰਹੀ।

ਉਸ ਸਮੇਂ ਜਦੋਂ ਕਿ ਸਾਡਾ ਮੁਕੱਦਮਾ ਚਲ ਰਿਹਾ ਸੀ ਸਾਡੇ ਮੁਕੱਦਮੇ ਦੇ ਅੰਦਰ ਇਸ ਅਦਾਲਤ ਵਿੱਚ ਕਈ ਦੇਸ਼ ਭਗਤਾਂ ਨੂੰ ਜਿਨ੍ਹਾਂ ਨੂੰ ਪੁਲਿਸ ਨੇ ਖ਼ੂਨ ਦੇ ਦੋਸ਼ ਵਿੱਚ ਪਕੜ ਕੇ ਪੇਸ਼ ਕੀਤਾ ਸੀ ਅਦਾਲਤ ਨੇ ਕੇਵਲ ਇਕ ਦੋ ਦਿਨ ਦੇ ਅੰਦਰ ਹੀ ਪੁਲਿਸ ਦੀ ਮਾਮੂਲੀ ਗਵਾਹੀ ਹੀ ਲੈਣ ਪੁਰ ਉਹਨਾਂ ਸਭਨਾਂ ਨੂੰ ਮੌਤ ਦੀ ਸਜ਼ਾ ਦਾ ਹੁਕਮ ਸੁਣਾ ਦਿੱਤਾ ਸੀ। ਸਾਡੀਆਂ ਅੱਖਾਂ ਦੇ ਸਾਹਮਣੇ ਹੀ ਬਹੁਤ ਸਾਰੇ ਸੂਰਬੀਰ ਸ਼ਹੀਦੀ ਦਾ ਸ਼ਰਬਤ ਪੀ ਬੈਠੇ ਸਨ। ਅੰਤ ਨੂੰ ਅਸਾਂ ਲੋਕਾਂ ਦੀ ਵਾਰੀ

ਆਈ ਅਤੇ 13 ਸਤੰਬਰ 1915 ਈਸਵੀ ਨੂੰ ਸਾਡੇ ਮੁਕੱਦਮੇ ਦਾ ਵੀ ਫੈਸਲਾ ਜੱਜ਼ਾਂ ਨੇ ਸਾਨੂੰ ਪੁਲਿਸ ਦੇ ਕਰੜੇ ਪਹਿਰੇ ਵਿੱਚ ਰਖ ਕੇ ਸੁਣਾਉਣਾ ਆਰੰਭ ਦਿੱਤਾ ਜਿਸ ਵਿੱਚ 24 ਆਦਮੀਆਂ ਨੂੰ ਮੌਤ ਦੀ ਸਜ਼ਾ ਔਰ ਜਾਇਦਾਦ ਜ਼ਬਤੀ ਦਾ ਹੁਕਮ ਦਿੱਤਾ ਔਰ ਬਾਕੀਆਂ ਨੂੰ ਉਮਰ ਕੈਦ ਸਮੁੰਦਰੋਂ ਪਾਰ ਤੇ ਜਾਇਦਾਦ ਜ਼ਬਤੀ ਦਾ ਹੁਕਮ ਸੁਣਾਇਆ ਅਰ ਕੁਝ ਥੋੜੇ ਜਿਹੇ ਆਦਮੀਆਂ ਨੂੰ ਜਿਨ੍ਹਾਂ ਵਿੱਚ ਹਾਈ ਸਕੂਲ ਲੁਧਿਆਣਾ ਦੇ ਵਿਦਿਆਰਥੀ ਭੀ ਸ਼ਾਮਲ ਸਨ, ਦਸ ਦਸ ਸਾਲ ਕੈਦ ਸਖ਼ਤ ਦੀ ਸਜ਼ਾ ਦਿੱਤੀ ਗਈ। ਪੰਜ ਆਦਮੀ ਛੱਡ ਦਿੱਤੇ ਗਏ ਜਿਨ੍ਹਾਂ ਵਿਚੋਂ ਦੋ ਆਦਮੀਆਂ ਨੂੰ ਹੁਣ ਛੱਡਿਆ ਗਿਆ (ਨੋਟ) ਜਿਨ੍ਹਾਂ ਪੰਜਾਂ ਆਦਮੀਆਂ ਨੂੰ ਅਦਾਲਤ ਨੇ ਰਿਹਾਅ ਕੀਤਾ ਉਹ ਕੇਵਲ ਪੁਲਿਸ ਨੇ ਪਕੜੇ ਹੀ ਛਡਣ ਲਈ ਸਨ, ਤਾਂ ਜੋ ਆਮ ਲੋਕਾਂ ਨੂੰ ਅਦਾਲਤ ਦੇ ਉਹਲੇ ਧੋਖਾ ਦੇ ਸਕਣ।

ਬਸ, ਹੁਕਮ ਦਾ ਸੁਣਾਉਣਾ ਸੀ ਕਿ ਭਾਰਤ ਮਾਤਾ ਦੇ ਦੁਲਾਰਿਆਂ ਵਿੱਚ ਬੀਰ ਰਸ ਉਮਡਿਆ ਔਰ ਉਹਨਾਂ ਦੇ ਚਿਹਰੇ ਇਕ ਅਸਚਰਜ ਦਿਬਯ ਦਰਸ਼ਨ ਵਿੱਚ ਸਨ। ਜਿਨ੍ਹਾਂ ਨੂੰ ਫਾਂਸੀ ਦਾ ਹੁਕਮ ਸੁਣਾਇਆ ਜਾਂਦਾ ਸੀ ਉਹ ਤਾਂ ਹੰਸੂ ਹੰਸੂ ਕਰਕੇ ਬੜੇ ਚਾਉ ਵਿੱਚ ਦੂਜੇ ਭਰਾਵਾਂ ਨੂੰ ਸਤਿ ਸ੍ਰੀ ਅਕਾਲ ਔਰ ਬੰਦੇ ਮਾਤਰਮ ਕਹਿੰਦੇ ਹੋਏ ਫਾਂਸੀ ਵਾਲੀਆਂ ਕੋਠੜੀਆਂ ਵਲ ਟੁਰ ਜਾਂਦੇ ਸਨ ਔਰ ਜਿਨ੍ਹਾਂ ਨੂੰ ਕੈਦ ਦੀ ਸਜ਼ਾ ਸੁਣਾਈ ਜਾਂਦੀ ਸੀ ਉਹ ਜੱਜਾਂ ਨੂੰ ਇਸ ਪ੍ਰਕਾਰ ਕਹਿੰਦੇ ਸਨ ਕਿ ਤੁਸਾਂ ਸਾਨੂੰ ਕਿਸ ਤੋਂ ਡਰਦਿਆਂ ਫਾਂਸੀ ਦੀ ਸਜ਼ਾ ਨਹੀਂ ਦਿੱਤੀ। ਅਸੀਂ ਤਾਂ ਆਪਣੇ ਪਿਆਰੇ ਭਾਈਆਂ ਦਾ ਕਿਸੇ ਦਸ਼ਾ ਵਿੱਚ ਵੀ ਸਾਥ ਛੱਡਣ ਨੂੰ ਤਿਆਰ ਨਹੀਂ ਹਾਂ, ਚੰਗਾ ਹੋਵੇ ਜੇ ਸਾਡੀਆਂ ਕੈਦ ਦੀਆਂ ਸਜ਼ਾਵਾਂ ਮੌਤ ਵਿੱਚ ਬਦਲ ਦਿੱਤੀਆਂ ਜਾਣ, ਅਸੀਂ ਫਾਂਸੀ ਦਾ ਹੁਕਮ ਸੁਣ ਕੇ ਮੁਕਤੀ ਦੇ ਦਿਬਯ ਦਰਸ਼ਨਾਂ ਤੋਂ ਝਲਕ ਲੈ ਸਕਦੇ ਹਾਂ। ਪਰ ਅਖ਼ੀਰ ਨੂੰ ਪੁਲਿਸ ਬਦੋ ਬਦੀ ਉਨ੍ਹਾਂ ਨੂੰ ਅਦਾਲਤੀ ਜੇਲ੍ਹ ਦੀਆਂ ਕੋਠੜੀਆਂ ਵਿੱਚ ਲੈ ਜਾ ਕੇ ਬੰਦ ਕਰ ਦਿੰਦੀ।

ਇਸ ਪਵਿੱਤਰ ਪਿਆਰ ਅਤੇ ਜੋਸ਼ ਨੂੰ ਦੇਖ ਕੇ ਉਸੇ ਰਾਤ ਹੀ ਕੈਦ ਦੀ ਸਜ਼ਾ ਵਾਲਿਆਂ ਦਾ ਚਲਾਨ ਲਾਹੌਰ ਤੋਂ ਦੂਜੀਆਂ ਜੇਲ੍ਹਾਂ ਵਿੱਚ ਕਰ ਦਿੱਤਾ ਗਿਆ। ਇਸ ਦੇ ਪਿਛੋਂ ਜੇਲ੍ਹ ਦਾ ਸੁਪਰੰਟੰਡੰਟ ਫਾਂਸੀ ਵਾਲਿਆਂ ਦੇ ਪਾਸ ਆਇਆ ਔਰ ਸਭਨਾਂ ਨੂੰ ਅਪੀਲ ਕਰਨ ਹਿਤ ਕਿਹਾ, ਪਰ ਚਾਰ ਆਦਮੀਆਂ ਨੇ ਅਪੀਲ ਕਰਨੋਂ ਨਾਹ ਕਰ ਦਿੱਤੀ, ਜਿਨ੍ਹਾਂ ਦੇ ਨਾਂ ਇਹ ਹਨ : ਭਾਈ ਸੋਹਣ ਸਿੰਘ ਜੀ, ਭਾਈ ਕਰਤਾਰ ਸਿੰਘ ਜੀ, ਭਾਈ ਕੇਸਰ ਸਿੰਘ ਜੀ ਤੇ ਭਾਈ ਹਰਨਾਮ ਸਿੰਘ ਜੀ। ਜਦੋਂ

ਸੁਪਰੰਟੰਡੰਟ ਨੇ ਭਾਈ ਸੋਹਣ ਸਿੰਘ ਜੀ ਨੂੰ ਅਪੀਲ ਕਰਨ ਵਾਸਤੇ ਬਹੁਤ ਵਾਰ ਕਿਹਾ ਤਾਂ ਇਸ ਪੁਰ ਭਾਈ ਜੀ ਨੇ ਸੁਪਰੰਟੰਡੰਟ ਨੂੰ ਅਤੀ ਧੀਰਜ ਨਾਲ ਕਿਹਾ ਕਿ ਮਿਸਟਰ ਵਾਰਡ ਅਪੀਲ ਸਦਾ ਅਦਲ ਦੇ ਟਾਕਰੇ ਤੇ ਕੀਤੀ ਜਾਂਦੀ ਹੈ ਨਾ ਕਿ ਅਤਿਆਚਾਰ ਦੇ, ਆਪ ਦੀ ਇਸ ਕਿਰਪਾਲਤਾ ਦਾ ਮੈਂ ਅਤੀ ਧੰਨਵਾਦੀ ਹਾਂ ਜਿਹੜਾ ਆਪ ਨੇ ਮੁੜ ਮੁੜ ਕੇ ਮੈਨੂੰ ਕਹਿਣ ਦੀ ਖੇਚਲ ਕੀਤੀ ਹੈ ਅਤੇ ਅਜਿਹੇ ਹੀ ਸਭਿਅਤਾ ਭਰੇ ਸ਼ਬਦਾਂ ਵਿੱਚ ਭਾਈ ਕੇਸਰ ਸਿੰਘ ਜੀ ਨੇ ਉੱਤਰ ਦਿੱਤਾ : ਮਿਸਟਰ ਵਾਰਡ 'ਜਹਾਜ਼ਾਂ ਵਿਚੋਂ ਪਕੜਕੇ ਅਸਾਂ ਲੋਕਾਂ ਨੂੰ ਬਗੈਰ ਕਿਸੇ ਸਬੂਤ ਦੇ ਜਿਸ ਹਕੂਮਤ ਨੇ ਫਾਂਸੀ ਲਗਾਣ ਵਿੱਚ ਅੰਧਾ-ਧੁੰਧ ਪਾਲਿਸੀ ਤੋਂ ਕੰਮ ਲਿਆ ਹੈ, ਐਸੀ ਜ਼ਾਲਮ ਹਕੂਮਤ ਅੱਗੇ ਅਪੀਲ ਕਰਕੇ ਅਦਲ ਦੀ ਕੀ ਆਸ ਬਝ ਸਕਦੀ ਹੈ। ਇਹੋ ਜਹੇ ਸ਼ਬਦਾਂ ਵਿੱਚ ਭਾਈ ਕਰਤਾਰ ਸਿੰਘ ਜੀ ਔਰ ਭਾਈ ਹਰਨਾਮ ਸਿੰਘ ਜੀ ਨੇ ਅਪੀਲ ਕਰਨੋਂ ਨਾਂਹ ਕਰ ਦਿੱਤੀ ਅਤੇ ਸਭਨਾਂ ਨੇ ਇਸ ਗੁਲਾਮੀ ਦੀ ਦਸ਼ਾ ਵਿੱਚ ਜਿਊਣ ਨਾਲੋਂ ਸ਼ਹੀਦੀ ਦੇ ਪਿਆਲੇ ਨੂੰ ਖਿੜੇ ਮਥੇ ਪੀਣਾ ਹੀ ਸਵੀਕਾਰ ਕੀਤਾ। ਨੋਟ-ਵਿੱਦਤ ਹੋਵੇ ਕਿ ਸਭ ਆਦਮੀ ਜਿਨ੍ਹਾਂ ਨੂੰ ਫਾਂਸੀ ਤੇ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਦਿੱਤੀ ਗਈ। ਇਹ ਜਹਾਜ਼ ਵਿਚੋਂ ਹੀ ਪਕੜੇ ਗਏ ਸਨ ਅਤੇ ਇਨ੍ਹਾਂ ਨੇ ਹਿੰਦ ਦੀ ਭੂਮੀ ਪਰ ਅਮਰੀਕਾ ਤੋਂ ਵਾਪਸ ਆਉਂਦੇ ਸਮੇਂ ਪੈਰ ਵੀ ਨਹੀਂ ਰਖਿਆ ਸੀ। ਇਹਨਾਂ ਦੇ ਨਾਉਂ ਇਹ ਸਨ : ਭਾਈ ਸੋਹਣ ਸਿੰਘ ਜੀ, ਭਾਈ ਕੇਸਰ ਸਿੰਘ ਜੀ, ਭਾਈ ਜਵਾਲਾ ਸਿੰਘ ਜੀ, ਮਾਸਟਰ ਊਧਮ ਸਿੰਘ ਜੀ, ਭਾਈ ਮੰਗਲ ਸਿੰਘ ਜੀ, ਭਾਈ ਸ਼ੇਰ ਸਿੰਘ ਅਤੇ ਭਾਈ ਹਰਨਾਮ ਸਿੰਘ ਜੀ।

ਨੌਕਰਸ਼ਾਹੀ ਭਾਵੇਂ ਕਈ ਦਲੀਲਾਂ ਨਾਲ ਇਸ ਜ਼ੁਲਮ ਪੁਰ ਪੜਦਾ ਪਾ ਕੇ ਆਮ ਜਨਤਾ ਨੂੰ ਅਗਿਆਨ ਵਿੱਚ ਰਖਣਾ ਚਾਹੁੰਦੀ ਸੀ, ਪਰ ਅੰਤ ਨੂੰ ਇਸ ਅੱਤਿਆਚਾਰ ਦਾ ਭਾਂਡਾ ਪਬਲਿਕ ਵਿੱਚ ਭੱਜ ਹੀ ਪਿਆ ਅਤੇ ਚੌਹਾਂ ਪਾਸਿਆਂ ਤੋਂ ਹਾਹਾਕਾਰ ਦੇ ਸ਼ਬਦਾਂ ਦੀ ਉੱਚੀ ਧੁਨੀ ਉਤਪੰਨ ਹੋਣ ਲੱਗ ਪਈ, ਜਿਸ ਤੋਂ ਚੌਕਸ ਹੋ ਕੇ 16 ਆਦਮੀਆਂ ਦੀ ਫਾਂਸੀ ਵਾਇਸਰਾਏ ਹਾਰਡਿੰਗ ਨੇ ਤੋੜ ਦਿੱਤੀ ਔਰ ਇਕ ਦੀ ਫਾਂਸੀ ਪਹਿਲਾਂ ਹੀ ਹਕੂਮਤ ਪੰਜਾਬ ਨੇ ਤੋੜ ਦਿੱਤੀ ਸੀ। ਬਾਕੀ ਸਤ ਦੇਸ਼ ਭਗਤਾਂ ਨੂੰ ਫਾਂਸੀ ਪੁਰ ਚੜ੍ਹਾਇਆ ਗਿਆ ਜਿਨ੍ਹਾਂ ਦੇ ਨਾਂਉਂ ਇਹ ਹਨ : ਭਾਈ ਕਰਤਾਰ ਸਿੰਘ ਜੀ, ਭਾਈ ਹਰਨਾਮ ਸਿੰਘ ਜੀ, ਭਾਈ ਜਗਤ ਸਿੰਘ ਜੀ, ਭਾਈ ਬਖਸ਼ੀਸ਼ ਸਿੰਘ ਜੀ, ਭਾਈ ਸੁਰੈਣ ਸਿੰਘ ਛੋਟਾ, ਭਾਈ ਸੁਰੈਣ ਸਿੰਘ ਦੂਜਾ ਔਰ ਪਿੰਗਲੇ ਜੀ। ਪਿੰਗਲੇ ਨਾਉਂ ਦਾ ਇਕ ਮਰਹਟਾ ਨੌਜਵਾਨ ਲੜਕਾ ਸੀ ਅਰ

ਅਮਰੀਕਾ ਵਿੱਚ ਬਰਕਲੇ ਯੂਨੀਵਰਸਿਟੀ ਵਿੱਚ ਵਿਦਿਆ ਅਧਿਐਨ ਕਰਦਾ ਸੀ। ਦੇਸ਼ ਪ੍ਰੇਮ ਦੀ ਉਮੰਗ ਵਿੱਚ ਪੜ੍ਹਨਾ ਛੱਡ ਕੇ ਆਪਣੀ ਮਾਤਰ ਭੂਮੀ ਦੇ ਦੁਖੜੇ ਕੱਟਣ ਵਾਸਤੇ ਹਿੰਦ ਵਿੱਚ ਆ ਕੇ ਉਸ ਨੇ ਆਪਣਾ ਬਲੀਦਾਨ ਕਰ ਦਿੱਤਾ। ਇਹ ਬਹੁਤ ਹੀ ਸਿੱਧਾ ਅਤੇ ਹਰਮਨ ਪਿਆਰਾ ਨੌ ਨਿਹਾਲ ਸੀ। ਭਾਈ ਕਰਤਾਰ ਸਿੰਘ ਜੀ ਆਪਣੇ ਵਰਗੇ ਇਕ ਆਪ ਹੀ ਸਨ। ਇਹ ਸੂਰਬੀਰ 17 ਬਰਸ ਦੀ ਉਮਰ ਦਾ ਨੌਜਵਾਨ ਬਾਲਕ ਜਿਸ ਦਾ ਦਿਲ ਨੈਪੋਲੀਅਨ ਵਰਗੇ ਬਹਾਦਰਾਂ ਤੋਂ ਵੀ ਵਧਕੇ ਨਿਡਰ ਅਤੇ ਦਲੇਰ ਸੀ। ਉਸ ਦੀ ਸੂਰਬੀਰਤਾ ਅਤੇ ਸੱਚੀ ਦੇਸ਼ ਭਗਤੀ ਦੀ ਤਸਵੀਰ ਖਿਚਣੀ ਮੇਰੀ ਕਲਮ ਦੀ ਸ਼ਕਤੀ ਤੋਂ ਪਰੇ ਹੈ। ਭਾਈ ਹਰਨਾਮ ਸਿੰਘ ਜੀ, ਆਹ! ਇਹ ਉਹ ਸੂਰਬੀਰ ਸੀ, ਜਿਸ ਨੂੰ ਸੁਪਨੇ ਵਿੱਚ ਭੀ ਕਦੀ ਮੌਤ ਤੋਂ ਭੈ ਔਰ ਡਰ ਨਹੀਂ ਲੱਗਦਾ ਸੀ, ਲੰਗੋਟੇ ਦਾ ਜਤੀ ਅੰਤਲੇ ਸਵਾਸ ਤਕ ਇਸ ਦਾ ਚਿਹਰਾ ਸਵਰਨ ਦੀ ਤਰ੍ਹਾਂ ਚਮਕਦਾ ਰਿਹਾ ਔਰ ਦਿਨ ਪਰ ਦਿਨ ਫਾਂਸੀ ਦੀ ਕੋਠੀ ਵਿੱਚ ਲਾਲ ਹੁੰਦਾ ਗਿਆ। ਭਾਈ ਜਗਤ ਸਿੰਘ ਜੀ ਦਲੇਰ ਅਤੇ ਸੂਰਬੀਰ ਸਦਾ ਹੀ ਦੇਸ਼ ਔਰ ਜਾਤੀ ਤੋਂ ਵਾਰਨੇ ਜਾਣ ਵਾਲੇ ਸਨ। ਏਸੇ ਤਰ੍ਹਾਂ ਨਾਲ ਭਾਈ ਸੋਹਣ ਸਿੰਘ ਜੀ ਅਰ ਭਾਈ ਬਖ਼ਸ਼ੀਸ਼ ਸਿੰਘ ਆਦਿਕ ਸਾਰੇ ਹੀ ਇਕ ਦੂਜੇ ਤੋਂ ਵਧ ਕੇ ਸੂਰਬੀਰ ਤੇ ਨਿਰਭੈ ਯੋਧੇ ਸਨ ਜਿਨ੍ਹਾਂ ਨੇ ਕੌਮ ਦੇ ਕਸ਼ਟ ਕੱਟਣ ਹਿਤ ਆਪਣੇ ਲਹੂ ਨੂੰ ਪਾਣੀ ਦੀ ਨਿਆਈਂ ਵਗਾ ਦਿੱਤਾ ਅਤੇ ਪ੍ਰਸੰਨਤਾ ਦੀ ਝਲਕ ਨੂੰ ਮੁਖੜੇ ਤੋਂ ਕਦੇ ਨਾ ਗਵਾਇਆ। ਉਹਨਾਂ ਨੇ ਜ਼ਾਲਮ ਨੌਕਰਸ਼ਾਹੀ ਦੀਆਂ ਫਾਂਸੀਆਂ ਨੂੰ ਹਾਸੇ ਵਿੱਚ ਗਵਾ ਦਿੱਤਾ। ਸਾਰੇ ਦੇਸ਼ ਭਗਤ ਫਾਂਸੀ ਘਰ ਨੂੰ ਜਾਣ ਸਮੇਂ ਕੌਮੀ ਗੀਤ ਗਾਉਂਦੇ ਹੋਏ ਫਾਂਸੀ ਵਲ ਜਾਂਦੇ ਸਨ। ਇਸੇ ਕਾਰਨ ਕਰਕੇ ਜੇਲ੍ਹ ਦੇ ਹੋਰ ਕੈਦੀਆਂ ਪੁਰ ਉਹਨਾਂ ਦਾ ਪ੍ਰਭਾਵ ਬਹੁਤ ਪੈਂਦਾ ਸੀ ਜਿਸ ਪ੍ਰਭਾਵ ਨੂੰ ਦੇਖ ਕੇ ਜੇਲ੍ਹ ਦੇ ਕਰਮਚਾਰੀਆਂ ਨੇ ਇਕ ਹੋਰ ਦਰਵਾਜ਼ਾ ਕਢਿਆ ਜਿਸ ਤੋਂ ਫਾਂਸੀ ਘਰ ਬਹੁਤ ਨੇੜੇ ਸੀ ਤਾਂ ਜੋ ਆਮ ਕੈਦੀ ਇਹਨਾਂ ਦੇਸ਼ ਭਗਤਾਂ ਦੇ ਕੌਮੀ ਗੀਤ ਸੁਣ ਕੇ ਭੜਕ ਨਾ ਉਠਣ; ਪਰ ਸ਼ਹੀਦਾਂ ਦਾ ਲਹੂ ਕਿਸ ਤਰ੍ਹਾਂ ਛੁਪ ਸਕਦਾ ਸੀ। ਆਖਰ 9 ਨਵੰਬਰ 1915 ਈਸਵੀ ਨੂੰ ਰਾਤ ਦੇ ਅੱਠ ਵਜੇ ਉਮਰ ਕੈਦ ਕੀਤੇ ਗਏ ਦੇਸ਼ ਭਗਤਾਂ ਦਾ ਚਾਲਾਣ ਲਾਹੌਰ ਸੰਟਰਲ ਜੇਲ੍ਹ ਤੋਂ ਕਾਲੇ ਪਾਣੀ (ਅੰਡੇਮਾਨ) ਪਹੁੰਚਾਣ ਲਈ ਕਲਕੱਤੇ ਨੂੰ ਕੀਤਾ ਗਿਆ। ਸ਼ੇਰਾਂ ਨੇ ਕੌਮੀ ਗੀਤਾਂ ਦੀਆਂ ਚੰਘਾੜਾਂ ਨਾਲ ਜੇਲ੍ਹ ਕੰਬਾ ਦਿੱਤੀ।

ਪੰਜਾਬੋਂ ਲਿਜਾ ਕੇ ਲਗਭਗ ਇਕ ਹਫਤਾ ਸਾਨੂੰ ਕਲਕੱਤਾ ਅਲੀਪੁਰ ਜੇਲ੍ਹ ਵਿੱਚ ਰਖਿਆ ਗਿਆ ਤੇ ਜਹਾਜ਼ ਦੀ ਉਡੀਕ ਹੁੰਦੀ ਰਹੀ। ਕਲਕੱਤਿਉਂ ਚਲ ਕੇ

10 ਦਸੰਬਰ 1915 ਨੂੰ ਸਾਡਾ ਜਹਾਜ਼ ਪੋਰਟ ਬਲੇਅਰ (ਅੰਡੇਮਾਨ) ਜਾ ਕੇ ਲਗਾ ਔਰ ਉਸੇ ਦਿਨ ਸਲੋਲਰ ਜੇਲ੍ਹ ਵਿੱਚ ਦਾਖਲ ਕੀਤੇ ਗਏ। ਹੁਣ ਏਥੇ ਇਹ ਦਸ ਦੇਣਾ ਜ਼ਰੂਰੀ ਹੈ ਕਿ ਸਾਥੋਂ ਪਹਿਲਾਂ ਅੰਡੇਮਾਨ ਤੇ ਸਲੋਲਰ ਜੇਲ੍ਹ ਦੀ ਕੀ ਹਾਲਤ ਸੀ। ਉਹਦੇ ਵਾਸਤੇ ਸਿਰਫ਼ ਏਨਾ ਕਹਿ ਦੇਣਾ ਕਿ ਉਸ ਜੇਲ੍ਹ ਦਾ ਜੇਲ੍ਹਰ ਬੁਚੜ ਦਾ ਅਵਤਾਰ ਸੀ, ਕਾਫ਼ੀ ਹੈ। ਉਸਦਾ ਨਾ ਬੈਰੀ ਸੀ, ਤੇ ਇਕ ਆਇਰਸ਼ ਗ਼ੁਲਾਮ ਸੀ ਪੰਜਾਬ ਦਾ ਉਡਾਵਇਰ ਉਸੇ ਦੀ ਨਸਲ ਵਿਚੋਂ ਸੀ। ਉਹਦੇ ਲਈ ਕੈਦੀਆਂ ਨੂੰ ਵਾਰਡ, ਪੇਟੀ ਅਫ਼ਸਰ ਤੇ ਟੈਂਡਲੀਆਂ ਪਾਸੋਂ ਕੁਟਵਾਣਾ ਤੇ ਉਹਨਾਂ ਦੀ ਬੇਪਤੀ ਕਰਨਾ ਬਿਲਕੁਲ ਮਾਮੂਲੀ ਗੱਲ ਸੀ। ਕਈ ਕੈਦੀ ਉਹਦੀ ਮਾਰ ਦੇ ਮਾਰੇ ਹੋਏ ਮਰ ਹੀ ਜਾਂਦੇ ਸਨ। ਕੋਈ ਮਹੀਨਾ ਖਾਲੀ ਨਹੀਂ ਸੀ ਜਾਂਦਾ ਜਦ ਉਹਦੇ ਹਥੋਂ ਸਤੇ ਹੋਏ ਦੋ ਚਾਰ ਕੈਦੀ ਫਾਂਸੀ ਲਗ ਕੇ ਛੁਟਕਾਰਾ ਨਹੀਂ ਸੀ ਪਾਉਂਦੇ। ਕੁਦਰਤ ਨਾਲ ਸੁਪ੍ਰੰਟੰਡੰਟ ਜੇਲ੍ਹ ਮਰੇ ਵੀ ਉਹਦਾ ਹੀ ਹਮ-ਖ਼ਿਆਲ ਸੀ। ਓਨ ਕਦੇ ਕੋਈ ਹਫ਼ਤਾ ਖਾਲੀ ਨਹੀਂ ਸੀ ਜਾਣ ਦਿੱਤਾ ਜਦ ਟਿਕਟਿਕੀ ਤੇ ਤਿੰਨ ਚਾਰ ਬੇਵਸ ਤੇ ਬੇਜ਼ਬਾਨ ਕੈਦੀਆਂ ਨੂੰ ਬੰਨ੍ਹ ਕੇ ਉਨ੍ਹਾਂ ਦੇ ਚਿਤੜਾਂ ਵਿਚੋਂ ਖ਼ੂਨ ਨਾ ਕਢਿਆ ਹੋਵੇ। ਕੈਦੀਆਂ ਦੀ ਕੀ ਮਜਾਲ ਸੀ ਕਿ ਉਹ ਤੀਹ ਪੌਂਡ ਤੋਂ ਦੋ ਔਂਸ ਵੀ ਘੱਟ ਤੇਲ ਕਢਦੇ। ਕਈ ਵੇਰ ਤਾਂ ਦੋ-ਦੋ ਜਾਂ ਚਾਰ-ਚਾਰ ਔਂਸ ਤੇਲ ਕਮਤੀ ਹੋਣ ਦੇ ਅਪਰਾਧ ਵਿੱਚ ਕੈਦੀਆਂ ਨੂੰ ਬੈਂਤ ਲਗਾਏ ਜਾਂਦੇ ਸਨ ਔਰ ਕਈ ਵਾਰ ਡਬਲ ਮੁਸ਼ੱਕਤ ਕਰਾਈ ਜਾਂਦੀ ਸੀ। ਖਾਣਾ ਬਹੁਤ ਘੱਟ ਦਿੱਤਾ ਜਾਂਦਾ ਸੀ। ਉਹੀ ਖਾਣਾ ਇਕ ਕਮਜ਼ੋਰ ਰਸੀ ਵਟਣ ਵਾਲੇ ਨੂੰ ਤੇ ਉਹੀ ਤੀਹ ਪੌਂਡ ਤੇਲ ਕਢਣ ਵਾਲੇ ਨੂੰ ਦਿੱਤਾ ਜਾਂਦਾ ਸੀ। ਇਸ ਵਿਚੋਂ ਵੀ ਕਫਾਇਤ (ਘਟਣਾ) ਕੀਤੀ ਜਾਂਦੀ ਸੀ। ਪਹਿਲੇ ਫ਼ੀ ਕੈਦੀ ਇਕ ਔਂਸ ਤੇਲ, ਹਫ਼ਤੇ ਵਿੱਚ ਦੋ ਵਾਰ ਮੱਛੀ ਔਰ ਦੋ ਵਾਰ ਦਹੀਂ ਮਿਲਦਾ ਸੀ। ਸੁਪਰੰਟੰਡੰਟ ਮਰੇ ਨੇ ਘਟਾ ਕੇ ਤਿੰਨ ਚੌਥਾਈ ਤੇਲ ਕਰ ਦਿੱਤਾ। ਮੱਛੀ ਮੂਲੋਂ ਬੰਦ ਕਰ ਦਿੱਤੀ ਤੇ ਦਹੀਂ ਕਿਸੇ ਹਫ਼ਤੇ ਮਿਲਦਾ ਤੇ ਕਿਸੇ ਮਿਲਦਾ ਹੀ ਨਾ। ਬਾਕੀ 14 ਔਂਸ ਚੌਲ, ਦਸ ਔਂਸ ਆਟਾ, ਚਾਰ ਔਂਸ ਦਾਲ ਤੇ ਨਿਕਸੁਕ ਦੀ ਭਾਜੀ ਰਹਿਣ ਦਿੱਤੀ। ਮਜ਼ੇ ਦੀ ਗੱਲ ਇਹ ਸੀ ਕਿ ਸਭ ਨਾਲੋਂ ਪਹਿਲਾਂ ਓਵਰਸੀਅਰ ਖਾਂਦੇ, ਫੇਰ ਜਮਾਂਦਾਰ, ਫੇਰ ਭੰਡਾਰੀ ਤੇ ਫੇਰ ਜਾ ਕੇ ਕੈਦੀਆਂ ਦੀ ਵਾਰੀ ਆਉਂਦੀ ਸੀ। ਗਲ ਕੀ ਕੈਦੀਆਂ ਤੱਕ ਪੁੱਜਣ ਵੇਲੇ ਨੂੰ ਇਹ ਖਾਣਾ ਇਕ ਬੱਚੇ ਦੀ ਖ਼ੁਰਾਕ ਤੋਂ ਵੱਧ ਨਹੀਂ ਸੀ ਹੁੰਦਾ। ਇਹ ਖਾ ਕੇ ਕੈਦੀਆਂ ਨੂੰ ਕੋਹਲੂ ਚਲਾਉਣਾ, ਛਿਲਕਾ ਕੁਟਣਾ, ਜੰਗਲ ਕੱਟਣਾ ਤੇ ਜ਼ਮੀਨ ਪੁੱਟਣੀ ਆਦਿ ਦੀ ਸਖ਼ਤ ਤੋਂ ਸਖ਼ਤ ਮੁਸ਼ੱਕਤ ਕਰਨੀ ਪੈਂਦੀ ਸੀ। ਕਈ

ਵਾਰ ਕੋਹਲੂ ਗੇੜਨ ਵਾਲੇ ਭੁੱਖ ਦੇ ਮਾਰੇ ਤੋਂ ਖਲ ਖਾਂਦੇ ਵੇਖੇ ਗਏ। ਹਸਪਤਾਲ ਦਾ ਇਹ ਹਾਲ ਸੀ ਕਿ ਜਿਸ ਨੂੰ ਅੱਜ ਬੁਖ਼ਾਰ ਹੈ ਜੇ ਅਗਲੇ ਦਿਨ ਥੋੜ੍ਹਾ ਬਹੁਤਾ ਘੱਟ ਹੋ ਗਿਆ ਹੈ ਤਾਂ ਉਸ ਨੂੰ ਹਸਪਤਾਲੋਂ ਬੁਲਾ ਕੇ ਮੁਸ਼ੱਕਤ ਤੇ ਤੋਰ ਦਿੱਤਾ ਜਾਂਦਾ। ਇਸ ਤਰ੍ਹਾਂ ਕਈ ਬੀਮਾਰ ਕੈਦੀਆਂ ਨੇ ਮੁਸ਼ੱਕਤ ਕਰਦਿਆਂ ਕਰਦਿਆਂ ਜਾਨ ਦੇ ਦਿੱਤੀ ਔਰ ਜ਼ੁਲਮ ਤੋਂ ਖ਼ੁਲਾਸੀ ਪਾਈ।

ਸਾਡੇ ਦੇਸ਼ ਭਗਤ ਵੀ ਇਸ ਜ਼ੁਲਮ ਤੋਂ ਬਚ ਨਾ ਸਕੇ। ਪੰਜਾਬ ਪਾਰਟੀ ਦੇ ਪੁੱਜਣ ਤੋਂ ਪਹਿਲਾਂ ਬੰਗਾਲ ਪਾਰਟੀ ਦੇ ਦੇਸ਼ ਭਗਤਾਂ ਤੋਂ ਬਿਨ੍ਹਾਂ ਮਹਾਂਰਾਸ਼ਟਰ ਦੇ ਸਾਵਰਕਰ ਤੇ ਗਣੇਸ਼ ਆਦਿ ਪੁੱਜੇ ਹੋਏ ਸਨ। ਇਹ ਦੋਵੇਂ ਸਜਣ ਆਪੋ ਵਿੱਚ ਭਰਾ ਸਨ। ਇਨ੍ਹਾਂ ਤੋਂ ਇਲਾਵਾ ਬੰਗਾਲ ਪਾਰਟੀ ਦੇ ਲੀਡਰ ਬਾਬੂ ਬੈਰੰਗ ਜੋ ਬਾਬੂ ਬਾਰਿੰਦਰ ਜੀ ਦੇ ਸਕੇ ਭਾਈ ਸਨ, ਬਾਬੂ ਹੇਮ ਚੰਦਰ ਤੇ ਬਾਬੂ ਓਪਨ ਆਦਿਕ ਸਨ। ਇਹ ਸਾਰੇ ਕੋਹਲੂ ਦੀ ਮੁਸ਼ੱਕਤ ਵਿਚੋਂ ਲੰਘ ਚੁੱਕੇ ਸਨ। ਕਿਸੇ ਦੀ ਮਜਾਲ ਨਹੀਂ ਸੀ ਪੈਂਦੀ ਕਿ ਜੇਲ੍ਹਰ ਦੇ ਸਾਹਮਣੇ ਕੁਸਕ ਸਕੇ। ਅਖ਼ੀਰ ਨੂੰ ਇਹਨਾਂ ਦੇਸ਼ ਭਗਤਾਂ ਨੇ ਹੜਤਾਲ ਕਰ ਦਿੱਤੀ ਜੋ ਕਈਆਂ ਕਾਰਨਾਂ ਕਰਕੇ ਸਿਰੇ ਨਾ ਚੜ੍ਹੀ। ਇਸ ਤੋਂ ਬਾਅਦ ਮਿਆਦੀ (ਉਮਰ ਕੈਦ ਤੋਂ ਘੱਟ) ਬੰਗਾਲੀ ਦੇਸ਼ ਭਗਤ ਹਿੰਦੁਸਤਾਨੀ ਜੇਲ੍ਹਾਂ ਵਿੱਚ ਵਾਪਸ ਭੇਜ ਦਿੱਤੇ ਗਏ। ਉਹਨਾਂ ਵਿੱਚ ਇਕ ਪੰਜਾਬੀ ਦੇਸ਼ ਭਗਤ ਨੰਦ ਲਾਲ ਵੀ ਸੀ ਜੋ ਬੜਾ ਚੰਗੀ ਤਰ੍ਹਾਂ ਨਾਲ ਜ਼ੁਲਮ ਅੱਗੇ ਡਟ ਜਾਣ ਵਾਲਾ ਸ਼ੇਰ ਮਰਦ ਸੀ। ਸਲੋਲਰ ਜੇਲ੍ਹ ਦਾ ਜੇਲ੍ਹਰ ਵੀ ਉਸ ਕੋਲੋਂ ਦਬਦਾ ਸੀ। ਉਸ ਦੀ ਸਿਫ਼ਤ ਅਸਾਂ ਪੁਰਾਣੇ ਦੇਸ਼ ਭਗਤਾਂ, ਬੰਗਾਲੀ ਪਾਰਟੀ ਤੇ ਸਾਵਰਕਰ ਦੀ ਜ਼ਬਾਨੀ ਵੀ ਸੁਣੀ ਸੀ। ਜਿਹੜੇ ਪਿਛੇ ਬਾਬੂ ਬੈਰੰਗ ਆਦਿਕ ਰਹਿ ਗਏ ਉਹ ਜੇਲ੍ਹਰ ਨਾਲ ਮਿਲ ਕੇ ਆਪਣੇ ਦਿਨ ਗੁਜ਼ਾਰਨ ਲੱਗੇ। ਇਹੋ ਹਾਲ ਸਾਵਰਕਰ ਆਦਿ ਬੰਗਾਲੀ ਦੇਸ਼ ਭਗਤਾਂ ਦਾ ਸੀ ਪਰ ਕਦੇ ਕਦੇ ਇਸ ਜ਼ੁਲਮ ਨੂੰ ਵੇਖ ਕੇ ਗਣੇਸ਼ ਦਾ ਖ਼ੂਨ ਉਬਲ ਆਉਂਦਾ ਸੀ ਪਰ ਜੇਲ੍ਹਰ ਦੇ ਸਾਹਮਣੇ ਉਸ ਦੀ ਵੀ ਪੇਸ਼ ਨਹੀਂ ਜਾਂਦੀ ਸੀ। ਓੜਕ ਉਸ ਨੂੰ ਵੀ ਖਾਮੋਸ਼ ਹੀ ਹੋਣਾ ਪਿਆ।

ਜੇਲ੍ਹਰ ਤੇ ਸੁਪ੍ਰੰਟੰਡੰਟ ਦਾ ਜ਼ੁਲਮ ਪਹਿਲੇ ਵਾਂਗ ਹੀ ਜਾਰੀ ਰਿਹਾ। ਮਾਰ ਕੁਟ, ਬੇਇਜ਼ਤੀ, ਸਖ਼ਤ ਮੁਸ਼ੱਕਤ ਤੇ ਕਮਤੀ ਖੁਰਾਕ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਨਾਜਾਇਜ਼ ਤਕਲੀਫ਼ਾਂ ਦਿੱਤੀਆਂ ਜਾਂਦੀਆਂ ਸਨ, ਜਿਹਾ ਕਿ ਇਕ ਦੋ ਦੇਸ਼ ਭਗਤ ਇਕ ਥਾਂ ਇਕੱਠੇ ਬਹਿ ਕੇ ਖਾਣਾ ਖਾ ਜਾਂ ਗੱਲਬਾਤ ਨਹੀਂ ਕਰ ਸਕਦੇ ਸਨ। ਖਾਣਾ ਖਾ ਕੇ ਇਕੱਠਿਆਂ ਉਠਣਾ ਪੈਂਦਾ ਸੀ। ਜੋ ਹੌਲੀ ਖਾਣ ਦੇ ਆਦੀ ਸਨ

ਜਾਂ ਛੇਤੀ ਨਹੀਂ ਸਨ ਖਾ ਸਕਦੇ ਬਾਜੇ (ਕਿਸੇ ਵੇਲੇ) ਵੇਲੇ ਵਿਚੇ ਹੀ ਛਡ ਕੇ ਬਾਕੀਆਂ ਦੇ ਨਾਲ ਫਾਈਲ ਵਿੱਚ ਉਠਣਾ ਪੈਂਦਾ ਸੀ ਔਰ ਨੰਬਰ ਵਿੱਚ ਵੀ ਜੋੜਾ-ਜੋੜਾ ਹੋ ਕੇ ਚਲਣਾ ਪੈਂਦਾ ਸੀ ਜੇ ਕੋਈ ਦੂਰੋਂ ਹੀ ਸਤਿ ਸ੍ਰੀ ਅਕਾਲ ਜਾਂ ਬੰਦੇ ਮਾਤਰਮ ਕਹਿ ਦੇਂਦਾ ਤਾਂ ਉਸ ਨੂੰ ਸਜ਼ਾ ਮਿਲਦੀ ਸੀ। ਰਾਤ ਨੂੰ ਕੋਠੀਆਂ ਵਿੱਚ ਗੱਲ ਕਰਨੀ ਸਖ਼ਤ ਮਨ੍ਹਾ ਸੀ। ਹੋਰ ਵੀ ਅਨੇਕਾਂ ਦੁੱਖ ਸਨ ਜਿਹਾ ਕਿ ਐਤਵਾਰ ਵਾਲੇ ਦਿਨ ਵਿਹੜੇ ਦਾ ਘਾਹ ਸਾਫ਼ ਕਰਨਾ ਪੈਂਦਾ ਸੀ। ਇਹ ਤਾਂ ਹਾਲਤ ਸੀ ਜੇਲ੍ਹ ਦੀ। ਹੁਣ ਉਹਨਾਂ ਕੈਦੀਆਂ ਦੀ ਸੁਣੋ ਜੋ ਜੇਲ੍ਹ ਤੋਂ ਬਾਹਰ ਸਨ ਉਹਨਾਂ ਦੀ ਦਰਦਨਾਕ ਹਾਲਤ ਦਾ ਹੂ-ਬ-ਹੂ ਫ਼ੋਟੋ ਖਿਚਣਾ ਤਾਂ ਮੁਸ਼ਕਲ ਹੈ ਪਰ ਸੰਖੇਪ ਹਾਲ ਏਥੇ ਦਿੱਤੇ ਜਾਂਦੇ ਹਨ।

ਇਹ ਟਾਪੂ ਜਿਸ ਦਾ ਨਾਂ ਅੰਡੇਮਾਨ ਹੈ ਸਮੁੰਦਰ ਵਿੱਚ ਛੋਟੇ ਛੋਟੇ ਕਈ ਇਕ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ। ਕੁਝ ਹਿੱਸੇ ਵਿੱਚ ਤਾਂ ਕੈਦੀ ਆਬਾਦ ਹਨ ਤੇ ਬਹੁਤ ਸਾਰਾ ਹਿੱਸਾ ਜੰਗਲ ਹੈ। ਟਾਪੂ ਵਿੱਚ ਜੰਗਲੀ ਕੌਮ ਵੀ ਰਹਿੰਦੀ ਹੈ। ਉਸ ਨੂੰ ਅਜੇ ਤੱਕ ਗੌਰਮਿੰਟ ਨੇ ਤਬਾਹ ਇਸ ਲਈ ਨਹੀਂ ਕੀਤਾ ਕਿ ਜਿਹੜਾ ਕੈਦੀ ਉਨ੍ਹਾਂ ਜਾਂਗਲੀਆਂ ਨੂੰ ਜੰਗਲ ਵਿੱਚ ਟੱਕਰ ਪੈਂਦਾ ਹੈ ਉਸ ਨੂੰ ਉਹ ਆਪਣਾ ਦੁਸ਼ਮਣ ਸਮਝ ਕੇ ਮਾਰ ਦੇਂਦੇ ਹਨ। ਜੰਗਲ ਵਿੱਚ ਕੰਮ ਕਰਨ ਵਾਲੇ ਕੈਦੀਆਂ ਤੋਂ ਇਲਾਵਾ ਜਿਹੜੇ ਅੰਗਰੇਜ਼ੀ ਪੁਲਿਸ ਦੇ ਸਿਪਾਹੀ ਉਨ੍ਹਾਂ ਦੀ ਨਿਗਹਬਾਨੀ ਲਈ ਜਾਂਦੇ ਹਨ, ਉਨ੍ਹਾਂ ਨੂੰ ਵੀ ਉਹ ਪਾਰ ਬੁਲਾਉਂਦੇ ਹਨ। ਜਾਂਗਲੀਆਂ ਦੇ ਡਰੋਂ ਅਕਸਰ ਕੈਦੀ ਸੰਘਣੇ ਜੰਗਲਾਂ ਵਿੱਚ ਭਜ ਕੇ ਨਹੀਂ ਜਾਂਦੇ। ਜੋ ਭਜਦੇ ਵੀ ਹਨ ਉਹ ਦੂਰ ਨਹੀਂ ਜਾਂਦੇ ਅਰ ਥੋੜ੍ਹੇ ਦਿਨਾਂ ਵਿੱਚ ਹੀ ਪੁਲਿਸ ਉਨ੍ਹਾਂ ਨੂੰ ਲਭ ਕੇ ਜੇਲ੍ਹ ਬੰਦ ਕਰ ਦਿੰਦੀ ਹੈ। ਗੌਰਮਿੰਟ ਨੂੰ ਜਾਂਗਲੀਆਂ ਕੋਲੋਂ ਇਹ ਫ਼ਾਇਦਾ ਹੈ। ਉਹ ਕਿਸੇ ਗੌਰਮਿੰਟ ਦੇ ਗੁਲਾਮ ਨਹੀਂ ਹਨ। ਉਹ ਲੋਕ ਬਹਾਦਰ ਤੇ ਅਹਿਲਾ ਧਣਖ-ਬਾਣੀ ਹੁੰਦੇ ਹਨ। ਸਿਰ ਤੋਂ ਪੈਰਾਂ ਤੀਕ ਨੰਗੇ ਤੇ ਰੰਗ ਦੇ ਕਾਲੇ ਹੁੰਦੇ ਹਨ। ਮਾਸ ਤੇ ਜੰਗਲੀ ਫਲ ਫੁੱਲ ਉਨ੍ਹਾਂ ਦੀ ਖ਼ੁਰਾਕ ਹੈ। ਜੰਗਲੀਆਂ ਦੀ ਇਕ ਨਸਲ ਨੂੰ 'ਝਰਾ ਵਾਲੇ' ਕਰਕੇ ਸਦਿਆ ਜਾਂਦਾ ਹੈ। ਉਨ੍ਹਾਂ ਲੋਕਾਂ ਦਾ ਰੰਗ ਏਨਾ ਕਾਲਾ ਨਹੀਂ ਹੁੰਦਾ ਤੇ ਦੂਜੇ ਕਾਲੇ ਜਾਂਗਲੀਆਂ ਨਾਲੋਂ ਕਦਾਵਰ ਤੇ ਬਹਾਦਰ ਵੀ ਬਹੁਤ ਹੁੰਦੇ ਹਨ। ਇਹ ਲੋਕ ਅੰਗਰੇਜ਼ਾਂ ਦੇ ਸਖ਼ਤ ਦੁਸ਼ਮਨ ਹਨ। ਅੰਗਰੇਜ਼ਾਂ ਨੂੰ ਮਿਲਣਾ ਤੇ ਉਨ੍ਹਾਂ ਪਾਸੋਂ ਕੋਈ ਚੀਜ਼ ਲੈਣਾ ਉਕਾ ਪਸੰਦ ਨਹੀਂ ਕਰਦੇ। ਦੂਜੀ ਕਾਲੀ ਕੌਮ ਦੇ ਆਦਮੀ ਕੁਝ ਹਦ ਤੀਕ ਅੰਗਰੇਜ਼ਾਂ ਦੇ ਅੱਡੇ ਲਗ ਗਏ ਹਨ। ਉਨ੍ਹਾਂ ਦੇ ਰਾਹੀਂ ਜੰਗਲ ਵਿੱਚ ਭਜ ਗਏ

ਕੈਦੀਆਂ ਨੂੰ ਪੁਲਿਸ ਛੇਤੀ ਲੱਭ ਲੈਂਦੀ ਹੈ।

ਏਥੋਂ ਦੀ ਆਬੋ-ਹਵਾ ਇਨਸਾਨ ਦੀ ਤੰਦਰੁਸਤੀ ਲਈ ਸਖ਼ਤ ਹਾਨੀਕਾਰਕ ਹੈ। ਰੂਸੀ ਸਾਇਬੇਰੀਆ ਨਾਲੋਂ ਵੀ ਏਥੋਂ ਦਾ ਪੌਣ ਪਾਣੀ ਖ਼ਰਾਬ ਹੈ ਅਰ ਨੌਂ ਮਹੀਨੇ ਏਥੇ ਬਰਸਾਤੀ ਮੌਸਮ ਰਹਿੰਦਾ ਹੈ। ਵਰਖਾ ਕਰਕੇ ਮੱਛਰ ਤੇ ਜੋਕ ਜੰਗਲੀ ਇਲਾਕੇ ਵਿੱਚ ਬਹੁਤ ਹੁੰਦੇ ਹਨ। ਮਲੇਰੀਆ, ਤਪਦਿਕ, ਦਸਤ, ਮਰੋੜ, ਚੰਬਲ ਤੇ ਤਿਲੀ ਆਦਿ ਤਾਂ ਏਥੇ ਦੀਆਂ ਮਾਮੂਲੀ ਬੀਮਾਰੀਆਂ ਹਨ। ਇਨ੍ਹਾਂ ਤੋਂ ਇਕ ਕੈਦੀ ਵੀ ਨਹੀਂ ਬਚਿਆ ਹੋਇਆ। ਏਸੇ ਕਰਕੇ ਗੌਰਮਿੰਟ ਨੇ 1857 ਤੋਂ ਬਾਅਦ ਇਸ ਟਾਪੂ ਨੂੰ ਲਭ ਕੇ ਚੁਣਿਆ ਹੈ। ਉਸਨੇ ਸੋਚਿਆ ਕਿ ਹਿੰਦੁਸਤਾਨੀ ਕੌਮ ਦੀ ਏਥੇ ਜਲਦੀ ਮੁਕਤੀ ਹੋ ਜਾਏਗੀ। ਹਿੰਦੁਸਤਾਨੀ ਜੇਲ੍ਹਾਂ ਨਾਲੋਂ ਮੌਤਾਂ ਦੀ ਗਿਣਤੀ ਏਥੇ ਦੂਣੀ ਹੈ। ਹਰ ਸਾਲ ਏਥੇ ਬਾਰਾਂ ਸੌ ਦੇ ਕਰੀਬ ਕੈਦੀ ਲਿਆਂਦਾ ਜਾਂਦਾ ਹੈ ਪਰ ਹੁਣ 1921 ਵਿੱਚ ਕੁਲ ਯਾਰਾਂ ਹਜ਼ਾਰ ਜ਼ਿੰਦਾ ਹੈ। ਜਿੰਨੇ ਕੈਦੀ ਏਥੇ ਲਿਆਂਦੇ ਗਏ ਹਨ ਸ਼ਾਇਦ ਹੀ ਉਹਨਾਂ ਦਾ ਪੰਜ ਫ਼ੀਸਦੀ ਰਿਹਾਅ ਹੋ ਕੇ ਵਾਪਸ ਹਿੰਦੁਸਤਾਨ ਗਿਆ ਹੋਵੇ। ਏਥੇ ਮੁਸ਼ੱਕਤ ਵੀ ਜ਼ਿਆਦਾ ਕਰਾਈ ਜਾਂਦੀ ਹੈ। ਜੰਗਲ ਕਟਣਾ, ਰਬੜ ਦੀ ਮੁਸ਼ੱਕਤ, ਚਾਹ ਦਾ ਕੰਮ, ਇੱਟਾਂ ਤੇ ਚੂਨੇ ਦੇ ਭਠ ਆਦਿਕ ਏਥੇ ਬਹੁਤ ਸਖ਼ਤ ਕੰਮ ਕਰਾਏ ਜਾਂਦੇ ਹਨ। ਖਾੜੀਆਂ ਵੀ ਪੂਰਾਈਆਂ ਜਾਂਦੀਆਂ ਹਨ। ਇਹ ਕੰਮ ਸਾਰਾ ਦਿਨ ਕੈਦੀਆਂ ਨੂੰ ਭਿਜੇ ਕਪੜੀਂ ਬਾਰਸ਼ ਵਿੱਚ ਕਰਨਾ ਪੈਂਦਾ ਹੈ ਜਿਸ ਕਰਕੇ ਕੈਦੀ ਬੀਮਾਰ ਹੋ ਕੇ ਥੋੜ੍ਹੇ ਸਾਲਾਂ ਵਿੱਚ ਹੀ ਮੌਤ ਦਾ ਗਿਰਾਸ (ਸ਼ਿਕਾਰ) ਬਣ ਜਾਂਦਾ ਹੈ। ਜੰਗਲ ਵਿੱਚ ਕੰਮ ਕਰਦਿਆਂ ਲੱਤਾਂ ਨਾਲ ਏਨੀਆਂ ਜੋਕਾਂ ਚੰਬੜ ਜਾਂਦੀਆਂ ਹਨ ਕਿ ਹੱਥਾਂ ਨਾਲ ਉਹਨਾਂ ਦਾ ਲਾਹੁਣਾ ਨਿਹਾਇਤ ਹੀ ਮੁਸ਼ਕਲ ਕੰਮ ਹੈ। ਅੱਧੇ ਅੱਧੇ ਘੰਟੇ ਮਗਰੋਂ ਜੰਗਲ ਵਿੱਚ ਕੰਮ ਕਰਨ ਵਾਲੇ ਦਾਤਰ ਨਾਲ ਲੱਤਾਂ ਤੇ ਫੇਰ ਕੇ ਵਿਚਾਰੇ ਕੈਦੀ ਉਨ੍ਹਾਂ ਜੋਕਾਂ ਨੂੰ ਲਾਹੁੰਦੇ ਰਹਿੰਦੇ ਹਨ। ਇਸ ਤਰ੍ਹਾਂ ਉਨ੍ਹਾਂ ਦੀਆਂ ਲੱਤਾਂ ਪੱਕ ਕੇ ਗਲ ਜਾਂਦੀਆਂ ਹਨ। ਬਹੁਤਿਆਂ ਦੀਆਂ ਲੱਤਾਂ ਜ਼ਿਆਦਾ ਖ਼ਰਾਬ ਹੋ ਜਾਣ ਦੇ ਕਾਰਨ ਕੱਟ ਦਿੱਤੀਆਂ ਜਾਂਦੀਆਂ ਹਨ। ਇਹੋ ਜਿਹੀ ਮੁਸ਼ੱਕਤ ਦੇ ਬਾਵਜੂਦ ਖਾਣਾ ਜੋ ਮਿਲਦਾ ਹੈ ਉਹ ਉੱਤੇ ਤੁਸਾਂ ਪੜ੍ਹ ਹੀ ਲਿਆ ਹੈ। ਹੋਰ ਵੇਖੋ ਜੰਗਲ ਵਿੱਚ ਕੋਈ ਬਰਤਨ ਤਾਂ ਲੈ ਜਾ ਹੀ ਨਹੀਂ ਸਕਦੇ, ਐਸਾ ਕਰਨ ਦਾ ਹੁਕਮ ਹੀ ਨਹੀਂ ਹੁੰਦਾ, ਬਿਰਛਾਂ ਦੇ ਪੱਤਿਆਂ ਤੇ ਉਨ੍ਹਾਂ ਨੂੰ ਚੌਲ ਦਿੱਤੇ ਜਾਂਦੇ ਹਨ। ਉਤੋਂ ਮੀਂਹ ਦਬਾਸਟ ਪੈ ਰਿਹਾ ਹੁੰਦਾ ਹੈ। ਉਹ ਚੌਲਾਂ ਨੂੰ ਤਾਂ ਰੋੜ੍ਹ ਕੇ ਥਲੇ ਭੋਂ ਤੇ ਲੈ ਜਾਂਦਾ ਹੈ ਤੇ ਕੈਦੀ ਕੋਲ ਸਿਰਫ਼ ਦੋ ਰੋਟੀਆਂ ਰਹਿ ਜਾਂਦੀਆਂ ਹਨ। ਹੁਣ ਉਹ ਫਰਿਆਦ ਕਰਨ ਤਾਂ ਕਿਸ

ਕੋਲ? ਉਨ੍ਹਾਂ ਦੀ ਸੁਣਨ ਵਾਲਾ ਹੀ ਕੌਣ ਹੈ। ਉਹ ਤਾਂ ਮਜ਼ੇ ਨਾਲ ਬੰਗਲਿਆਂ ਵਿੱਚ ਸੁਖ-ਆਸਣਾ ਤੇ ਬਰਾਜਮਾਨ ਹਨ ਤੇ ਆਪਣੇ ਦਿਲ-ਲਗੀ ਦੇ ਕੰਮਾਂ ਵਿੱਚ ਮਸਤ ਹਨ। ਉਨ੍ਹਾਂ ਨੂੰ ਦੂਸਰਿਆਂ ਦੀ ਤਕਲੀਫ਼ ਨਾਲ ਕੀ ਮਤਲਬ! ਜੇ ਕਿਸੇ ਨੇ ਅੱਕ ਕੇ ਸ਼ਿਕਾਇਤ ਕੀਤੀ ਵੀ ਕਿ ਪੂਰੀ ਖ਼ੁਰਾਕ ਨਹੀਂ ਮਿਲਦੀ ਤਾਂ ਓਵਰਸੀਅਰਾਂ ਨੇ ਦੋ ਚਾਰ ਗਾਲਾਂ ਦੇ ਕੇ ਪਿਛੇ ਹਟਾ ਦਿੱਤਾ। ਜੇ ਕਿਸੇ ਭੁੱਖੇ ਮਰਦ ਨੇ ਬਹੁਤੀ ਜ਼ਿਦ ਕੀਤੀ ਤਾਂ ਮੈਜਿਸਟ੍ਰੇਟ ਪਾਸ ਉਸਦਾ ਚਾਲਾਨ ਕਰ ਦਿੱਤਾ ਜਾਂਦਾ ਕਿ ਇਹ ਫਾਇਲ ਨੂੰ ਵਿਗਾੜਦਾ ਹੈ। ਮੈਜਿਸਟ੍ਰੇਟ ਵੀ ਕੈਦੀਆਂ ਦਾ ਖ਼ੂਨ ਪੀਣਿਆਂ ਦੀ ਕਲਾਸ ਵਿੱਚ ਹੁੰਦਾ ਹੈ, ਉਹ ਫ਼ੌਰਨ ਬੈਂਤਾਂ ਦੀ ਸਜ਼ਾ ਆਦਿਕ ਦੇ ਕੇ ਜੇਲ੍ਹ ਅੰਦਰ ਭੇਜ ਦੇਂਦਾ ਹੈ। ਐਸੀ ਹਾਲਤ ਵਿੱਚ ਕਈ ਕੈਦੀ ਜੰਗਲ ਵਿੱਚ ਭੱਜ ਜਾਂਦੇ ਹਨ ਜਿਥੋਂ ਕਈਆਂ ਨੂੰ ਪੁਲਿਸ ਫੜ ਲਿਆਉਂਦੀ ਹੈ ਤੇ ਕਈ ਜੰਗਲ ਵਿੱਚ ਫਾਹ ਲੈ ਕੇ ਇਸ ਅਤਿਆਚਾਰ ਤੋਂ ਖ਼ਲਾਸੀ ਪਾਉਂਦੇ ਹਨ।

ਹੁਣ ਸਵਾਲ ਇਹ ਹੈ ਕਿ ਅਫ਼ਸਰ ਉਹਨਾਂ ਦੀਆਂ ਸ਼ਿਕਾਇਤਾਂ ਤੇ ਦੁੱਖਾਂ ਵਲ ਕਿਉਂ ਧਿਆਨ ਨਹੀਂ ਕਰਦੇ। ਇਸ ਦੇ ਬਹੁਤ ਸਾਰੇ ਕਾਰਨ ਹਨ। ਅਵਲ ਤਾਂ ਏਥੇ ਕੋਈ ਹੋਮ ਮੈਂਬਰ ਸਬਬ ਨਾਲ ਸਤ ਅੱਠ ਸਾਲ ਪਿਛੋਂ ਆ ਵੀ ਜਾਂਦਾ ਤਾਂ ਏਥੋਂ ਦੇ ਅਫ਼ਸਰ ਉਸ ਨੂੰ ਮਹਿਮਾਨੀਆਂ ਵਿੱਚ ਹੀ ਖ਼ੁਸ਼ ਰਖਦੇ ਔਰ ਹੱਛੇ ਹੱਛੇ ਥਾਂ ਵਿਖਾ ਕੇ ਵਾਪਸ ਕਰ ਦਿੱਤਾ ਜਾਂਦਾ। ਜੋ ਕੁਝ ਚੀਫ਼ ਕਮਿਸ਼ਨਰ ਜਾਂ ਹੋਰ ਅਫ਼ਸਰ ਉਸ ਦੇ ਕੰਨੀਂ ਵਹਾ ਦੇਂਦੇ ਉਹ ਸੰਤੁਸ਼ਟ ਹੋ ਜਾਂਦਾ ਤੇ ਵਾਪਸ ਚਲਿਆ ਜਾਂਦਾ। ਉਸ ਨੂੰ ਗ਼ਰੀਬ ਕੈਦੀਆਂ ਦੇ ਦੁਖ ਦਾ ਕੀ ਦਰਦ। ਉਹ ਤਾਂ ਆਪਣੇ ਕੌਮੀ ਭਾਈਆਂ ਦੇ ਸੁਖ ਆਰਾਮ ਨੂੰ ਹੀ ਵੇਂਹਦਾ ਹੈ। ਇਸ ਤਰ੍ਹਾਂ ਅੰਡੇਮਾਨ ਓਵਰਸੀਅਰ ਤੋਂ ਲੈ ਕੇ ਚੀਫ ਕਮਿਸ਼ਨਰ ਤਕ ਸਭ ਆਪ ਹੁਦਰੇ ਬਾਦਸ਼ਾਹ ਹਨ। ਦੂਜੇ ਓਵਰਸੀਅਰ ਕੈਦੀਆਂ ਦੀ ਖ਼ੁਰਾਕ ਵਿਚੋਂ ਹੀ ਖਾਂਦੇ ਹਨ, ਕਿਉਂਕਿ ਉਹਨਾਂ ਦੀ ਤਨਖਾਹ ਬਹੁਤ ਥੋੜ੍ਹੀ ਹੁੰਦੀ ਹੈ। ਅਕਸਰ ਇਹ ਲੋਕ ਅਦਨਾ ਦਰਜੇ ਦੇ ਆਇਰਸ਼ ਜਾਂ ਸਕਾਚ ਹੁੰਦੇ ਹਨ ਜਾਂ ਕੋਈ ਕਮੀਨ ਅੰਗਰੇਜ਼ ਹੁੰਦਾ ਹੈ। ਹੋਰ ਇਹ ਕਿ ਇਕ ਇਕ ਅਫ਼ਸਰ ਨੇ ਛੇ ਛੇ ਆਦਮੀ ਸਿਰਫ਼ ਗੱਡੀ ਖਿਚਣ ਲਈ ਰਖੇ ਹੁੰਦੇ ਹਨ। ਹਾਂ ਜੇ ਆਰਾਮ ਹੈ ਤਾਂ ਪੰਜ ਫ਼ੀਸਦੀ ਉਹਨਾਂ ਲੋਕਾਂ ਨੂੰ ਜਿਨ੍ਹਾਂ ਨੂੰ ਅਫ਼ਸਰਾਂ ਆਪਣੇ ਸੁਖ ਨੂੰ ਦਫ਼ਤਰਾਂ ਵਿੱਚ ਕਲਰਕ ਜਾਂ ਅਰਦਲੀ ਰਖਿਆ ਹੋਇਆ ਹੁੰਦਾ ਹੈ ਜਾਂ ਟੈਂਡਲ ਤੇ ਜਮਾਂਦਾਰ ਜੋ ਕੈਦੀਆਂ ਨੂੰ ਦਬਾ ਕੇ ਰਖਣ ਲਈ ਥਾਪੇ ਹੁੰਦੇ ਹਨ ਅਰਥਾਤ ਉਹ ਲੋਕ ਜੋ ਅਫ਼ਸਰਾਂ ਦੇ ਹਥਿਆਰ ਹੁੰਦੇ ਹਨ ਜ਼ਰੂਰ ਆਰਾਮ ਵਿੱਚ ਹੁੰਦੇ ਹਨ।

ਬਾਕੀ ਕੈਦੀਆਂ ਲਈ ਅੰਡੇਮਾਨ ਦੋਜਕ (ਨਰਕ) ਤੋਂ ਘੱਟ ਨਹੀਂ। ਹੁਣ ਮੈਂ ਇਸ ਤੇ ਜ਼ਿਆਦਾ ਲਿਖਣਾ ਮੁਨਾਸਬ ਨਹੀਂ ਸਮਝਦਾ ਆਸ ਹੈ, ਪਾਠਕਾਂ ਦੀ ਜਾਣਕਾਰੀ ਲਈ ਇਹ ਥੋੜ੍ਹੀਆਂ ਜਿਹੀਆਂ ਪੰਗਤੀਆਂ ਕਾਫ਼ੀ ਹੋਣਗੀਆਂ ਹੁਣ ਮੈਂ ਆਪ ਦਾ ਧਿਆਨ ਫੇਰ ਸਲੋਲਰ ਜੇਲ੍ਹ ਦੇ ਜ਼ੁਲਮਾਂ ਵਲ ਦਿਵਾਉਂਦਾ ਹਾਂ।

ਦਸ ਦਸੰਬਰ 1915 ਨੂੰ ਜਦ ਅਸੀਂ ਸਲੋਲਰ ਜੇਲ੍ਹ ਵਿੱਚ ਦਾਖਲ ਕੀਤੇ ਗਏ ਤਾਂ ਅਗਲੇ ਦਿਨ ਜੋ ਜੋ ਮੁਸ਼ੱਕਤ ਸਾਨੂੰ ਦਿੱਤੀ ਗਈ, ਅਸੀਂ ਸਭਨਾਂ ਨੇ ਕਰਨੀ ਸ਼ੁਰੂ ਕਰ ਦਿੱਤੀ। ਹਾਲਾਂਕਿ ਜੇਲ੍ਹ ਦਾ ਕਾਨੂੰਨ ਸੀ ਕਿ ਜਦ ਤੱਕ ਡਾਕਟਰੀ ਮਲਾਹਜ਼ਾ ਤੇ ਚੀਫ਼ ਕਮਿਸ਼ਨਰ ਦਾ ਦਫ਼ਤਰੀ ਮਲਾਹਜ਼ਾ ਹੋ ਕੇ ਸੁਪ੍ਰੰਟੰਡੰਟ ਜੇਲ੍ਹ ਟਿਕਟ ਤੇ ਮੁਸ਼ੱਕਤ ਨਹੀਂ ਸੀ ਲਿਖ ਦੇਂਦਾ ਉਸ ਵੇਲੇ ਤੱਕ ਭਾਵੇਂ ਮੁਸ਼ੱਕਤ ਵੱਧ ਹੋਵੇ ਜਾਂ ਘੱਟ ਰਜਿਸਟਰ ਨਹੀਂ ਕੀਤੀ ਜਾਂਦੀ ਸੀ ਔਰ ਨਾ ਹੀ ਜੇਲ੍ਹਰ ਨੂੰ ਹਕ ਸੀ ਕਿ ਉਸ ਤੋਂ ਪਹਿਲਾਂ ਕਿਸੇ ਦੀ ਪੇਸ਼ੀ ਕਰ ਸਕੇ ਔਰ ਮਲਾਹਜ਼ਾ ਤਕਰੀਬਨ ਦੋ ਹਫ਼ਤੇ ਬਾਅਦ ਹੁੰਦਾ ਸੀ। ਦੂਜੇ ਨਵਾਂ ਆਦਮੀ ਜਿਸ ਨੂੰ ਛਿਲਕਾ ਕੁੱਟਣਾ ਨਾ ਆਉਂਦਾ ਹੋਵੇ ਦਸ ਬਾਰਾਂ ਦਿਨ ਤੱਕ ਕੁਟ ਵੀ ਨਹੀਂ ਸਕਦਾ ਪਰ ਜੇਲ੍ਹਰ ਨੇ ਅਗਲੇ ਦਿਨ ਹੀ ਭਾਈ ਪਰਮਾ ਨੰਦ ਝਾਂਸੀ ਵਾਲੇ ਨੂੰ ਘੱਟ ਮੁਸ਼ੱਕਤ ਬਾਰੇ ਦਫ਼ਤਰ ਵਿੱਚ ਹਾਜ਼ਰ ਹੋਣ ਦਾ ਹੁਕਮ ਦੇ ਦਿੱਤਾ। ਜਦ ਉਹ ਦਫ਼ਤਰ ਵਿੱਚ ਹਾਜ਼ਰ ਕੀਤਾ ਗਿਆ ਤਾਂ ਜੇਲ੍ਹਰ ਬੈਰੀ ਨੇ ਉਨ੍ਹਾਂ ਨੂੰ ਧਮਕਾਉਣ ਤੋਂ ਇਲਾਵਾ ਗਾਲ ਵੀ ਕੱਢ ਦਿੱਤੀ, ਜਿਸਦੇ ਜਵਾਬ ਵਿੱਚ ਪਰਮਾਨੰਦ ਨੇ ਵੀ ਵੈਸੀ ਹੀ ਗਾਲ ਕੱਢ ਦਿੱਤੀ। ਇਸ ਤੇ ਜੇਲ੍ਹਰ ਉਸਨੂੰ ਮਾਰਨ ਵਾਸਤੇ ਕੁਰਸੀ ਤੋਂ ਉਠ ਕੇ ਉਹਦੇ ਵਲ ਅਗਾਂਹ ਹੋਇਆ ਹੀ ਸੀ ਕਿ ਉਹਦੇ ਹਥ ਚੁਕਦਿਆਂ-ਚੁਕਦਿਆਂ ਪਰਮਾਨੰਦ ਨੇ ਉਹਦੇ ਢਿਡ ਵਿੱਚ ਇਕ ਐਸੇ ਜ਼ੋਰ ਦੀ ਲੱਤ ਟਿਕਾ ਦਿੱਤੀ ਕਿ ਉਹ ਉਲਟਕੇ ਕੁਰਸੀ ਤੇ ਡਿਗ ਪਿਆ। ਚੂੰਕਿ ਉਹਦਾ ਢਿਡ ਬੜਾ ਭਾਰਾ ਸੀ ਉਹ ਆਪ ਤਾਂ ਛੇਤੀ ਛੇਤੀ ਉਠ ਨਾ ਸਕਿਆ ਪਰ ਕੋਲ ਖਲੋਤੇ ਗੁਲਾਮ ਹਿੰਦੁਸਤਾਨੀ ਹੌਲਦਾਰ ਨੇ ਪਰਮਾਨੰਦ ਨੂੰ ਫੜ ਲਿਆ ਸੀ। ਏਨਾ ਹੋ ਜਾਣ ਨਾਲ ਹੀ ਜੇਲ੍ਹਰ ਦੀ ਅੱਖ ਖੁਲ੍ਹ ਗਈ ਕਿਉਂਕਿ ਇਸ ਤਰ੍ਹਾਂ ਦਾ ਜਵਾਬ ਉਸ ਨੂੰ ਅੱਜ ਤੱਕ ਕਿਸੇ ਨਹੀਂ ਸੀ ਦਿੱਤਾ। ਪਰਮਾਨੰਦ ਨੂੰ ਹਵਾਲਾਤ ਵਿੱਚ ਬੰਦ ਕਰ ਦਿੱਤਾ ਤੇ ਇਹ ਉਸੇ ਹਾਲਤ ਵਿੱਚ ਸਿੱਧਾ ਚੀਫ਼ ਕਮਿਸ਼ਨਰ ਦੇ ਬੰਗਲੇ ਚਲਿਆ ਗਿਆ ਤਾਂ ਜੋ ਉਸ ਨੂੰ ਆਪਣੀ ਬਹਾਦਰੀ ਦਸੇ। ਇਸ ਦੇ ਬਾਅਦ ਜੇਲ੍ਹ ਕਮਿਸ਼ਨਰ ਆਇਆ। ਭਾਈ ਸੋਹਣ ਸਿੰਘ ਨੇ ਜੇਲ੍ਹਰ ਦੀ ਵਧੀਕੀ ਪਰ ਗਾਲ ਦਾ ਸਾਰਾ ਮਾਜਰਾ ਕਹਿ ਸੁਣਾਇਆ। ਉਸ ਨੇ ਕਿਹਾ ਕਿ

ਤੁਸੀਂ ਲੋਕ ਵੀ ਚੰਗੇ ਚੰਗੇ ਰਹੋ ਤੇ ਅਗੋਂ ਨੂੰ ਐਸੀ ਕੋਈ ਗੱਲ ਨਹੀਂ ਹੋਵੇਗੀ, ਜਿਸ ਨਾਲ ਤੁਸਾਂ ਲੋਕਾਂ ਦੀ ਬੇਇੱਜ਼ਤੀ ਹੋਵੇ। ਇਸਦੇ ਜਵਾਬ ਵਿੱਚ ਭਾਈ ਸੋਹਣ ਸਿੰਘ ਜੀ ਨੇ ਕਿਹਾ ਕਿ ਸਾਡੀ ਮਨਸ਼ਾ ਕਿਸੇ ਜੇਲ੍ਹ ਅਫ਼ਸਰ ਜਾਂ ਕਿਸੇ ਹੋਰ ਅਥਾਰਿਟੀ ਦੀ ਬੇਇੱਜ਼ਤੀ ਕਰਨ ਦੀ ਨਹੀਂ ਹੈ ਪਰ ਅਸੀਂ ਆਪਣੀ ਬੇਇੱਜ਼ਤੀ ਵੀ ਨਹੀਂ ਕਰਾਉਣਾ ਚਾਹੁੰਦੇ। ਅਖ਼ੀਰ ਵਿੱਚ ਚੀਫ਼ ਕਮਿਸ਼ਨਰ ਨੇ ਕਿਹਾ ਕਿ ਹੁਣ ਜੋ ਹੋ ਚੁੱਕਾ ਹੈ, ਉਸ ਨੂੰ ਭੁੱਲ ਜਾਉ ਔਰ ਪਰਮਾਨੰਦ ਨੂੰ ਭੀ ਅਸਾਂ ਇਸ ਵਾਰ ਮਾਫ਼ ਕਰ ਦਿੱਤਾ ਹੈ।

ਪਰ ਚਾਰ ਪੰਜ ਦਿਨ ਵਿੱਚ ਹੀ ਪਤਾ ਲੱਗ ਗਿਆ ਕਿ ਇਹ ਉਹਦੀਆਂ ਮਿੱਠੀਆਂ ਮਿੱਠੀਆਂ ਗੱਲਾਂ ਤੇ ਇਕਰਾਰ ਸਿਰਫ਼ ਕਹਿਣ ਨੂੰ ਹੀ ਸਨ ਅਮਲ ਨੂੰ ਨਹੀਂ ਸਨ। ਪਰਮਾਨੰਦ ਦਾ ਮੁਕੱਦਮਾ ਬਾਹਰ ਮੈਜਿਸਟਰੇਟ ਪਾਸ ਭੇਜਿਆ ਗਿਆ ਜਿਸਨੇ ਉਸ ਦੀ ਦੋ ਸਾਲ ਤਾਂ ਕੈਦ ਵਧਾ ਦਿੱਤੀ ਤੇ ਵੀਹ ਬੈਂਤਾਂ ਦੀ ਸਜ਼ਾ ਦਾ ਹੁਕਮ ਦਿੱਤਾ। ਇਸ ਸਜ਼ਾ ਤੋਂ ਇਲਾਵਾ ਸੁਪ੍ਰੰਟੰਡੰਟ ਮਰੇ ਨੇ ਜਿੰਨਾ ਕਿ ਉਸਦਾ ਅਖਤਿਆਰ ਸੀ ਛੇ ਮਹੀਨੇ ਕੋਠੀ ਬੰਦ ਤੇ ਬੇੜੀ ਦੀ ਸਜ਼ਾ ਦੇ ਦਿੱਤੀ। ਜੇਲ੍ਹਰ ਨੇ ਖੁਦ ਕੋਲ ਖਲੋ ਕੇ ਸਖ਼ਤ ਬੈਂਤ ਲਗਵਾਏ ਪਰ ਇਸ ਭਾਰਤ ਦੇ ਸ਼ੇਰ ਮਰਦ ਸਪੂਤ ਨੇ ਸੀ ਤੱਕ ਨਾ ਕੀਤੀ। ਪਰਮਾਨੰਦ ਨੂੰ ਬੈਂਤ ਲਗਣ ਤੇ ਅਸਾਂ ਸਾਰਿਆਂ ਕੰਮ ਕਰਨਾ ਬੰਦ ਕਰ ਦਿੱਤਾ ਪਰ ਜੇਲ੍ਹਰ ਨੇ ਸਾਨੂੰ ਸਾਰਿਆਂ ਨੂੰ ਇਕੱਠਾ ਕਰਕੇ ਕਿਹਾ ਕਿ ਜੋ ਮੈਥੋਂ ਹੋ ਚੁੱਕਾ ਹੈ ਤੁਸੀਂ ਜਾਣ ਦਿਓ ਤੇ ਅਗੋਂ ਨੂੰ ਐਸਾ ਨਹੀਂ ਹੋਵੇਗਾ। ਖ਼ੈਰ ਅਸਾਂ ਸਾਰਿਆਂ ਨੇ ਸਲਾਹ ਕਰਕੇ ਜੇਲ੍ਹਰ ਨੂੰ ਕਿਹਾ ਕਿ ਹੁਣ ਜਿਹੜੇ ਬੈਂਤ ਲੱਗ ਚੁੱਕੇ ਹਨ, ਉਹ ਤਾਂ ਮੁੜ ਨਹੀਂ ਸਕਦੇ ਪਰ ਜੋ ਛੇ ਮਹੀਨੇ ਕੋਠੀ ਬੰਦ ਤੇ ਬੇੜੀ ਦੀ ਸਜ਼ਾ ਦਿੱਤੀ ਗਈ ਹੈ ਉਹ ਸੁਪ੍ਰੰਟੰਡੰਟ ਮਾਫ਼ ਕਰ ਦੇਵੇ ਤਾਂ ਅਸੀਂ ਸਾਰੇ ਕੰਮ ਕਰਨ ਲੱਗ ਜਾਵਾਂਗੇ। ਜੇਲ੍ਹਰ ਨੇ ਕਿਹਾ ਕਿ ਤੁਸੀਂ ਕੰਮ ਤੇ ਚਲੇ ਜਾਓ ਔਰ ਮੈਂ ਸੁਪ੍ਰੰਟੰਡੰਟ ਨੂੰ ਕਹਿ ਕੇ ਸਜ਼ਾ ਮਾਫ਼ ਕਰਾ ਦਿਆਂਗਾ। ਅਸੀਂ ਜੇਲ੍ਹਰ ਤੇ ਇਤਬਾਰ ਕਰਕੇ ਅਗਲੇ ਦਿਨ ਕੰਮ ਤੇ ਚੱਲੇ ਗਏ। ਇਕ ਹਫ਼ਤੇ ਪਿਛੋਂ ਜੇਲ੍ਹ ਅਥਾਰਟੀ ਨੇ ਇਕ ਗਾਰਦ ਗੋਰਿਆਂ ਦੀ ਜੋ ਹਮੇਸ਼ਾਂ ਬੰਦੂਕਾਂ ਭਰ ਕੇ ਜੇਲ੍ਹ ਦੇ ਬੁਰਜ ਦੇ ਉਪਰ ਟਹਿਲਦੀ ਰਹਿੰਦੀ ਸੀ ਤੇ ਦੋ ਗੋਰੇ ਜੋ ਨੰਬਰਾਂ ਵਿੱਚ ਹਮੇਸ਼ਾਂ ਸਾਰਾ ਦਿਨ ਗਸ਼ਤ ਲਾਉਂਦੇ ਰਹਿੰਦੇ ਸਨ ਸਾਡੇ ਤੇ ਲਾ ਦਿੱਤੇ ਤਾਂ ਜੋ ਅਸੀਂ ਬੰਦੂਕਾਂ ਤੋਂ ਡਰ ਕੇ ਦਬ ਜਾਈਏ। ਇਸਦੇ ਬਾਦ ਦੋ ਤਿੰਨ ਵਾਰ ਜੇਲ੍ਹਰ ਨੂੰ ਪੁੱਛਿਆ ਗਿਆ ਪਰ ਉਸਨੇ ਲਮਲੇਟ ਵਿੱਚ ਕਈ ਦਿਨ ਗੁਜ਼ਾਰ ਦਿੱਤੇ। ਜਦ ਉਹ ਗੋਰਿਆਂ ਦੀ ਗਾਰਦ ਦਾ ਹੱਥੀ ਤਰ੍ਹਾਂ

ਬੰਦੋਬਸਤ ਕਰ ਚੁੱਕਾ ਤਾਂ ਉਸ ਨੇ ਦੂਜਿਆਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਆਖਰ ਅਸਾਂ ਜੇਲ੍ਹ ਅਥਾਰਟੀ ਦੇ ਜ਼ਾਲਮਾਨਾ ਵਤੀਰੇ ਨੂੰ ਵੇਖ ਕੇ ਫੇਰ ਕੰਮ ਦੀ ਹੜਤਾਲ ਕਰ ਦਿੱਤੀ ਪਰ ਲਾਹੌਰ ਵਾਲਾ ਪਰਮਾਨੰਦ ਓਦਨ ਸਾਥੋਂ ਵੱਖਰਾ ਹੋ ਗਿਆ ਅਰ ਉਸਨੇ ਸਾਡੀ ਨਾਬਰੀ ਜਾਂ ਇਨਕਾਰੀ ਵਿੱਚ ਸ਼ਾਮਲ ਹੋਣੋਂ ਇਨਕਾਰ ਕਰ ਦਿੱਤਾ। ਇਸ ਵਿੱਚ ਸ਼ੱਕ ਨਹੀਂ ਕਿ ਉਸ ਦੇ ਵੱਖਰਾ ਹੋ ਜਾਣ ਨਾਲ ਸਾਡੀ ਤਾਕਤ ਨੂੰ ਜ਼ਰੂਰ ਠੇਸ ਲੱਗੀ ਸੀ। ਜੇਲ੍ਹ ਅਥਾਰਟੀ ਤਾਂ ਸਦਾ ਇਹੋ ਚਾਹੁੰਦੀ ਸੀ ਕਿ ਕਿਵੇਂ ਨਾ ਕਿਵੇਂ ਪੁਰਾਣੇ ਦੇਸ਼ ਭਗਤਾਂ ਵਾਂਗ ਸਾਡੇ ਵਿੱਚ ਵੀ ਦੁਫੇੜ ਪਵੇ ਔਰ ਸਾਡੀ ਤਾਕਤ ਦੋ ਥਾਈਂ ਵੰਡੀ ਜਾਵੇ ਤੇ ਸਾਨੂੰ ਵੱਖੋ ਵੱਖ ਕਰਕੇ ਦਬਾ ਲਵੇ ਪਰ ਅਸੀਂ ਵੀ ਇਸ ਚਾਲ ਨੂੰ ਹੱਛੀ ਤਰ੍ਹਾਂ ਸਮਝਦੇ ਸੀ। ਸਾਰੇ ਦੇਸ਼ ਭਗਤ ਭਾਈ ਪਰਮਾਨੰਦ ਦੀ ਅਲਹਿਦਗੀ ਦੀ ਪਰਵਾਹ ਨਾ ਕਰਦੇ ਹੋਏ ਅੱਗੇ ਵਧੇ। ਭਾਵੇਂ ਉਸ ਵੇਲੇ ਭਾਈ ਪਰਮਾਨੰਦ ਦਾ ਕੁਝ ਵੀ ਖ਼ਿਆਲ ਕਿਉਂ ਨਾ ਹੋਏ ਪਰ ਅਖ਼ੀਰ ਵਿੱਚ ਉਹ ਇਸ ਗੱਲ ਨੂੰ ਮੰਨਦਾ ਸੀ ਕਿ ਜੇ ਜਦੋਜਹਿਦ ਨਾ ਹੁੰਦੀ ਤਾਂ ਕੋਹਲੂ ਗੇੜਨ ਤੇ ਹਰ ਰੋਜ਼ ਦੀ ਬੇਇੱਜ਼ਤੀ ਤੋਂ ਕੋਈ ਵੀ ਨਾ ਬਚਦਾ। ਲਗਭਗ ਡੇਢ ਮਹੀਨੇ ਪਿਛੋਂ ਬਾਕੀ ਵੀ ਜੋ ਲਾਹੌਰ ਕਾਂਸਪੀਰੇਸੀ ਕੇਸ ਨੰਬਰ ਅੱਵਲ (ਪਹਿਲਾ) ਦੇ ਕੈਦੀ ਪੰਜਾਬ ਦੀਆਂ ਜੇਲ੍ਹਾਂ ਵਿੱਚ ਸਨ ਅੰਡੇਮਾਨ ਸਲੋਲਰ ਜੇਲ੍ਹ ਵਿੱਚ ਪੁੱਜ ਗਏ। ਚੂੰਕਿ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਹੀ ਅਸਾਂ ਇਹ ਫ਼ੈਸਲਾ ਕਰ ਲਿਆ ਹੋਇਆ ਸੀ ਕਿ ਭਾਵੇਂ ਕੁਝ ਹੋਵੇ ਕੋਈ ਵੀ ਸਖ਼ਤ ਤੇ ਵਹਿਸ਼ੀਆਨਾ ਕੰਮ ਨਹੀਂ ਕਰਾਂਗੇ ਤੇ ਇਸ ਗੱਲ ਦਾ ਪਤਾ ਜੇਲ੍ਹ ਅਥਾਰਟੀ ਨੂੰ ਲੱਗ ਚੁੱਕਿਆ ਸੀ। ਇਸ ਲਈ ਜਿਹੜੇ ਦੇਸ਼ ਭਗਤ ਮਗਰੋਂ ਆਏ ਉਨ੍ਹਾਂ ਨੂੰ ਵੀ ਕੋਈ ਸਖ਼ਤ ਕੰਮ ਨਾ ਦਿੱਤਾ ਗਿਆ ਤਾਂ ਜੋ ਉਹ ਵੀ ਸਾਡੇ ਨਾਲ ਨਾ ਮਿਲ ਜਾਣ। ਜੇ ਕਿਸੇ ਨੂੰ ਦਿੱਤਾ ਵੀ ਤਾਂ ਉਸਨੇ ਇਨਕਾਰ ਕਰ ਦਿੱਤਾ। ਜੇਲ੍ਹ ਵਿੱਚ ਇਨਕਾਰੀ ਵੱਧ ਜਾਣ ਦੇ ਡਰ ਤੋਂ ਕਿਸੇ ਤੇ ਭੀ ਦਬਾ ਨਾ ਪਾਇਆ ਗਿਆ। ਇਸ ਇਨਕਾਰੀ ਦੀ ਸਜ਼ਾ ਸਾਨੂੰ ਛੇ ਛੇ ਮਹੀਨੇ ਕੋਠੀ ਬੰਦ, ਬੇੜੀ, ਘੱਟ ਖ਼ੁਰਾਕ ਤੇ ਸਤ-ਸਤ ਦਿਨ ਦੀ ਹਥਕੜੀ ਮਿਲੀ। ਇਹ ਇਨਕਾਰੀ 13 ਜਨਵਰੀ, 1918 ਨੂੰ ਹੋਈ। ਸਜ਼ਾ ਮਿਲਣ ਤੋਂ ਬਾਅਦ ਜੇਲ੍ਹਰ ਸਾਨੂੰ ਕਈ ਛੋਟੀਆਂ-ਛੋਟੀਆਂ ਗੱਲਾਂ ਤੇ ਤੰਗ ਕਰਨ ਲੱਗਾ ਜਿਹਾ ਕਿ ਇਕ-ਦੂਜੇ ਨੂੰ ਸਤਿ ਸ੍ਰੀ ਅਕਾਲ ਜਾਂ ਬੰਦੇ ਮਾਤਰਮ ਬੁਲਾਣ ਤੋਂ ਸਜ਼ਾਈਂ ਹੋਈਆਂ। ਮੁਸ਼ੱਕਤ ਕਰਕੇ ਦਸ ਬਜੇ ਤੋਂ ਪਹਿਲਾਂ ਕਿਤਾਬ ਪੜ੍ਹਨਾ ਵੀ ਜ਼ੁਰਮ ਸੀ। ਭਾਈ ਨਧਾਨ ਸਿੰਘ ਨੂੰ ਕਿਤਾਬ ਪੜ੍ਹਨ ਦੇ ਜ਼ੁਰਮ ਵਿੱਚ ਸਜ਼ਾ ਹੋਈ। ਜੇਲ੍ਹਰ ਦੇ ਆਉਣ ਤੇ ਜੇ ਕੋਈ ਆਦਮੀ ਕਿਤਾਬ ਪੜ੍ਹਨੀ ਬੰਦ ਕਰਕੇ

ਉਠਦਾ ਨਹੀਂ ਸੀ ਤਾਂ ਜੇਲ੍ਹਰ ਸਾਹਿਬ ਦੀ ਹਤਕ ਕਰਨ ਦੇ ਜ਼ੁਰਮ ਵਿੱਚ ਸਜ਼ਾ ਮਿਲਦੀ ਸੀ। ਸਿੱਖਾਂ ਨੂੰ ਕੇਸੀਂ ਅਸ਼ਨਾਨ ਕਰਨ ਨੂੰ ਸਾਬਨ ਤਾਂ ਕੁਜਾ ਮਿੱਠੇ ਪਾਣੀ ਦਾ ਇਕ ਕਟੋਰਾ ਲੈਣ 'ਤੇ ਸਜ਼ਾ ਮਿਲਦੀ ਜਿਹਾ ਕਿ ਭਾਈ ਜਵਾਲਾ ਸਿੰਘ ਨੂੰ। ਇਕੱਠੇ ਬੈਠ ਕੇ ਖਾਣਾ ਖਾਣ ਤੇ ਗੱਲਬਾਤ ਕਰਨੀ ਤਾਂ ਨਿਹਾਇਤ ਸੰਗੀਨ ਜ਼ੁਰਮ ਸੀ। ਕੋਠੀ ਬੰਦ ਕਰਨ ਵੇਲੇ ਚਾਰ ਚਾਰ ਪੰਜ ਪੰਜ ਕੋਠੀਆਂ ਵਿੱਚ ਛਡ ਕੇ ਦੇਸ਼ ਭਗਤਾਂ ਨੂੰ ਬੰਦ ਕੀਤਾ ਜਾਂਦਾ ਸੀ ਤਾਂ ਜੋ ਆਪੋ ਵਿੱਚ ਗੱਲਬਾਤ ਕਰਕੇ ਆਪਣਾ ਦਿਲ ਨਾ ਪਰਚਾ ਲੈਣ।

ਜਿਹੜੇ ਦੇਸ਼ ਭਗਤ ਭਰਾ ਪਿਛੋਂ ਆਏ ਸਨ, ਐਸੇ ਕਰੜੇ ਅਤਿਆਚਾਰਾਂ ਨੂੰ ਵੇਖ ਕੇ ਉਹ ਵੀ ਨਾ ਸਹਾਰ ਸਕੇ ਅਤੇ ਉਹ ਵੀ ਕੰਮ ਛੱਡ ਕੇ ਸਾਡੇ ਨਾਲ ਹੋ ਗਏ। ਏਸ ਇਨਕਾਰੀ ਦੇ ਖ਼ਤਮ ਹੋਣ ਲਗਿਆਂ ਜੇਲ੍ਹਰ ਨੇ ਫਿਰ ਸਾਡੇ ਨਾਲ ਮਿੱਠੀਆਂ-ਮਿੱਠੀਆਂ ਗੱਲਾਂ ਕਰਨੀਆਂ ਆਰੰਭ ਦਿੱਤੀਆਂ। ਖ਼ੈਰ! 6 ਮਹੀਨੇ ਕੈਦ ਪੂਰੀ ਹੋਣ ਪਿਛੋਂ ਅਸੀਂ ਫੇਰ ਕੰਮ ਤੇ ਆਏ ਪਰ ਜੇਲ੍ਹਰ ਤੇ ਸੁਪ੍ਰੰਟੰਡੰਟ ਐਨੀ ਕੱਚੀ ਮਿੱਟੀ ਦੇ ਬਣੇ ਹੋਏ ਸਨ ਕਿ ਉਹ ਜ਼ੁਲਮ ਕਰਨ ਤੋਂ ਟਲੇ ਰਹਿੰਦੇ? ਉਪਰੰਤ ਐਤਵਾਰ ਵਾਲੇ ਦਿਨ ਦੇਸ਼ ਭਗਤਾਂ ਨੇ ਏਸ ਬਿੱਨਾ ਤੇ ਸਿਹਨ (ਵਿਹੜਾ) ਵਿਚਲਾ ਘਾਹ-ਪੱਤ੍ਰ ਸਾਫ਼ ਕਰਨੋਂ ਨਾਂਹ ਕਰ ਦਿੱਤੀ ਕਿ ਹਕੂਮਤ ਵੱਲੋਂ ਐਤਵਾਰ ਛੁੱਟੀ ਦਾ ਦਿਨ ਹੁੰਦਾ ਹੈ ਏਸ ਕਰਕੇ ਜੇਲ੍ਹ ਵਾਲਿਆਂ ਦਾ ਕੋਈ ਹੱਕ ਨਹੀਂ ਕਿ ਉਹ ਛੁੱਟੀ ਵਾਲੇ ਦਿਨ ਕੈਦੀਆਂ ਪਾਸੋਂ ਕੋਈ ਵੀ ਕੰਮ ਲੈ ਸਕਣ। ਏਸ ਜ਼ੁਰਮ ਵਿੱਚ ਅੱਠ ਦੇਸ਼ ਭਗਤਾਂ ਨੂੰ 6-6 ਮਹੀਨੇ ਚੱਕੀ-ਬੰਦ, ਕਮ ਖ਼ੁਰਾਕ ਤੇ 6-6 ਮਹੀਨੇ ਬੇੜੀ ਦੀਆਂ ਸਜ਼ਾਵਾਂ ਮਿਲੀਆਂ। ਇਹਨਾਂ ਅੱਠ ਹੀ ਦੇਸ਼ ਭਗਤਾਂ ਦੇ ਇਹ ਨਾਉਂ ਹਨ : ਮਾਸਟਰ ਚਤਰ ਸਿੰਘ ਜੀ, ਭਾ: ਜਵਾਲਾ ਸਿੰਘ ਜੀ, ਮਾਸਟਰ ਊਧਮ ਸਿੰਘ ਜੀ, ਭਾ: ਹਜ਼ਾਰਾ ਸਿੰਘ ਜੀ, ਭਾ: ਸਾਊਣ ਸਿੰਘ ਜੀ, ਭਾ: ਕੇਹਰ ਸਿੰਘ ਜੀ, ਭਾ: ਖੁਸ਼ਹਾਲ ਸਿੰਘ ਜੀ, ਭਾ: ਜਗਤ ਰਾਮ। ਪਰ ਭਾ: ਜਗਤ ਰਾਮ ਨੇ ਤਾਂ ਇਹਨਾਂ ਛੇ ਮਹੀਨਿਆਂ ਵਿੱਚ ਹੀ ਕਿਸੇ ਵੀ ਕੰਮ ਅੰਦਰ ਹਿੱਸਾ ਨਾ ਲੈਣ ਦਾ ਦਿਲ ਵਿੱਚ ਇਰਾਦਾ ਧਾਰ ਲਿਆ ਅਤੇ ਅਗੋਂ ਲਈ ਕਿਸੇ ਕੰਮ ਵਿੱਚ ਸ਼ਾਮਲ ਨਾ ਹੋਇਆ। ਅਜੇ ਸਜ਼ਾ ਦੇ ਪੂਰੇ ਹੋਣ ਵਿੱਚ ਮਾਸਟਰ ਚਤਰ ਸਿੰਘ ਜੀ ਦਾ ਇਕ ਮਹੀਨਾ ਰਹਿੰਦਾ ਸੀ ਕਿ ਆਪ ਸੁਪ੍ਰੰਟੰਡੰਟ ਦੇ ਜ਼ੁਲਮ ਨੂੰ ਨਾ ਸਹਾਰ ਸਕੇ, ਕਿਉਂਕਿ ਉਹ ਹਤਿਆਰਾ ਨਿੱਕੀ ਨਿੱਕੀ ਗਲੋਂ ਕੈਦੀਆਂ ਨੂੰ ਤੀਹਾਂ ਤੀਹਾਂ ਬੈਂਤਾਂ ਦੀ ਸਜ਼ਾ ਦੇ ਦਿੰਦਾ ਸੀ। ਇਕ ਐਤਵਾਰ ਵਾਲੇ ਦਿਨ ਜਦ ਕਿ ਸੁਪ੍ਰੰਟੰਡੰਟ ਵਜ਼ਨ ਕਰ ਰਿਹਾ ਸੀ ਤਾਂ

ਮਾਸਟਰ ਚਤਰ ਸਿੰਘ ਜੀ ਵਜ਼ਨ ਕਰੌਣ ਲਈ ਗਏ ਅਤੇ ਵਜ਼ਨ ਹੋ ਚੁਕਣ ਪਿਛੋਂ ਸੁਪ੍ਰੰਟੰਡੰਟ ਨੂੰ ਇਕ ਐਸੀ ਚਪੇੜ ਮਾਰੀ ਕਿ ਉਹ ਕੁਰਸੀ ਤੋਂ ਥਲੇ ਡਿਗ ਪਿਆ। ਇੰਨੇ ਵਿੱਚ ਨੇੜਿਓਂ ਹੀ ਹਿੰਦੁਸਤਾਨੀ ਗੁਲਾਮ ਭਾ: ਚਤਰ ਸਿੰਘ ਜੀ ਤੇ ਟੁੱਟ ਪਏ। ਏਸ ਸਮੇਂ ਹੀ ਭਾ: ਸ਼ੇਰ ਸਿੰਘ ਜੀ ਤੇ ਭਾ: ਜਵਾਲਾ ਸਿੰਘ ਜੀ ਵੀ ਉਥੇ ਪੁੱਜ ਗਏ। ਭਾ: ਸ਼ੇਰ ਸਿੰਘ ਜੀ ਨੇ ਗਰਜਵੀਂ ਆਵਾਜ਼ ਨਾਲ ਉਹਨਾਂ ਨੂੰ ਲਲਕਾਰ ਕੇ ਕਿਹਾ ਕਿ ਏਸ ਪਿਓ ਨੂੰ ਕਿਉਂ ਮਾਰਦੇ ਹੋ? ਇਹ ਆਵਾਜ਼ ਸੁਣ ਕੇ ਮਾਰਨ ਵਾਲਿਆਂ ਨੇ ਮਾਸਟਰ ਜੀ ਨੂੰ ਝਟ ਪਟ ਛੱਡ ਦਿੱਤਾ ਅਤੇ ਉਸ ਵੇਲੇ ਸੁਪ੍ਰੰਟੰਡੰਟ 'ਮਰੇ' ਤਾਂ ਸਖ਼ਤ ਘਾਬਰਿਆ ਹੋਇਆ ਸੀ। ਇਕ ਪੱਕਾ ਜੰਗਲਾ ਬਣਾ ਕੇ ਜੋ ਕੋਠੀ ਦੇ ਸਿਹਨ ਦੇ ਬਰਾਂਡੇ ਵਿੱਚ ਖ਼ਾਸ ਦੇਸ਼ ਭਗਤਾਂ ਨੂੰ ਬੰਦ ਕਰਨ ਲਈ ਹੀ ਬਣਾਇਆ ਗਿਆ ਸੀ। ਜਿਸ ਨੂੰ ਕਰੜੀ ਸਜ਼ਾ ਦੇਣੀ ਹੁੰਦੀ ਸੀ, ਉਸ ਨੂੰ ਉਸ ਜੰਗਲੇ ਵਿੱਚ ਬੰਦ ਕਰ ਦਿੰਦੇ ਸਨ। ਮਾ: ਚਤਰ ਸਿੰਘ ਜੀ ਨੂੰ ਸਦਾ ਲਈ ਹੀ ਉਸੇ ਜੰਗਲੇ ਵਿੱਚ ਬੰਦ ਕਰ ਦਿੱਤਾ ਗਿਆ। ਏਥੇ ਇਹ ਦਸ ਦੇਣਾ ਵੀ ਅਤੀ ਜ਼ਰੂਰੀ ਹੈ ਕਿ ਇਥੇ ਜੇਲ੍ਹਰ ਤੇ ਸੁਪ੍ਰੰਟੰਡੰਟ ਜ਼ਾਲਮ ਤੇ ਪੱਥਰ ਦਿਲ ਸਨ, ਉਥੇ ਚਲਾਕ ਤੇ ਦਗ਼ੇਬਾਜ਼ ਵੀ ਬੜੇ ਸਨ। ਇਹ ਦੋਹਾਂ ਤੇ ਹੀ ਨਿਰਭਰ ਨਹੀਂ, ਸਗੋਂ ਸਾਰੀ ਅੰਗਰੇਜ਼ੀ ਕੌਮ ਹੀ ਏਸ ਕੰਮ ਵਿੱਚ ਮਸ਼ਹੂਰ ਹੈ। ਇਹਨਾਂ ਦਾ ਇਹ ਕਾਇਦਾ ਹੈ ਕਿ ਪਹਿਲਾਂ ਤਾਂ ਇਹ ਜਬਰ ਤੇ ਜ਼ੁਲਮ ਦੀ ਤੇਗ਼ ਤਲਵਾਰ ਵਿਖਾਂਦੇ ਹਨ ਜੇ ਦੇਸ਼ ਭਗਤ ਇਸ ਤੋਂ ਨਾ ਡਰਨ ਤਾਂ ਫੇਰ ਲਾਲਚ ਵਿਖਾ ਕੇ ਆਪਣੇ ਕੰਮ ਕਢਣ ਦੀ ਕਰਦੇ ਹਨ, ਜੇ ਕੋਈ ਏਸ ਚਾਲ ਵਿੱਚ ਵੀ ਨਾ ਫਸੇ, ਤਾਂ ਫਿਰ ਉਸ ਨਾਲ ਦੋਸਤੀ ਪੈਦਾ ਕਰਦੇ ਹਨ। ਇਸ ਤਰ੍ਹਾਂ ਜੇਲ੍ਹਰਾਂ ਨੂੰ ਇਹ ਨਿਸ਼ਚਾ ਹੋ ਗਿਆ ਕਿ ਇਹ ਦੇਸ਼ ਭਗਤ ਤਾਂ ਡਰਦੇ ਨਹੀਂ ਹਨ। ਫਿਰ ਉਹ ਇਖ਼ਲਾਕ ਦੇ ਪੁਤਲੇ ਬਣ ਕੇ ਦਸਣ ਲੱਗੇ। ਹੁਣ ਕ੍ਰਿਸਮਿਸ ਅਰਥਾਤ ਅੰਗਰੇਜ਼ਾਂ ਦਾ ਵੱਡਾ ਦਿਨ ਆ ਗਿਆ ਅਤੇ ਇਹ ਉਹਨਾਂ ਪੁਰਾਣੇ ਦੇਸ਼ ਭਗਤਾਂ ਨੂੰ ਜੋ ਇਸਦੇ ਦੋਸਤ ਬਣ ਕੇ ਜਾਂ ਦਬ ਕੇ ਉਸ ਦੀਆਂ ਜਾਲਮਾਨਾ ਕਾਰਵਾਈਆਂ ਤੇ ਕੋਈ ਨੁਕਤਾਚੀਨੀਆਂ ਨਹੀਂ ਕਰਦੇ ਸਨ, ਉਹਨਾਂ ਨੂੰ ਦਾਵਤ ਦੇ ਕੇ ਕਈ ਵੇਰ ਮਠਿਆਈ ਆਦਿ ਖਵਾਇਆ ਕਰਦਾ ਸੀ। ਕਿਉਂਕਿ ਭਾਈ ਪਰਮਾਨੰਦ ਲਾਹੌਰ ਵਾਲਿਆਂ ਦਾ ਤਾਂ ਪਕਾ ਯਾਰ ਸੀ। ਉਸਨੇ ਭਾ: ਪਰਮਾਨੰਦ ਨੂੰ ਕਿਹਾ ਕਿ ਅੱਜ ਸਾਡਾ ਵੱਡਾ ਦਿਨ ਹੈ। ਮੈਂ ਚਾਹੁੰਦਾ ਹਾਂ ਕਿ ਪੁਰਾਣੇ ਆਦਮੀਆਂ ਤੋਂ ਛੁੱਟ ਨਵੇਂ ਮੁਕੱਦਮੇ ਵਾਲੇ ਵੀ ਇਸ ਦਾਵਤ ਵਿੱਚ ਸ਼ਾਮਲ ਹੋਣ। ਖੈਰ ਭਾਈ ਪਰਮਾਨੰਦ ਨੇ ਇਸ ਸੁਪ੍ਰੰਟੰਡੰਟ ਨੂੰ ਕੁਝ ਆਦਮੀਆਂ ਦੇ ਨਾਉਂ ਦਸੇ ਅਤੇ ਜੇਲ੍ਹਰ ਨੇ ਉਹਨਾਂ ਨੂੰ ਸਦਿਆ। ਅਸੀਂ

ਸਾਰਿਆਂ ਇਹ ਮਸ਼ਵਰਾ ਕੀਤਾ ਕਿ ਸਾਨੂੰ ਜਾਣਾ ਚਾਹੀਦਾ ਹੈ, ਜਾਂ ਨਹੀਂ। ਛੇਕੜ ਫੈਸਲਾ ਹੋਇਆ ਕਿ ਜਦ ਅਸੀਂ ਓਸ ਦੀਆਂ ਸਾਰੀਆਂ ਚਾਲਾਂ ਨੂੰ ਸਮਝਦੇ ਹਾਂ ਤਾਂ ਜਾਣ ਵਿੱਚ ਕੀ ਹਰਜ ਹੈ ਅਤੇ ਇਸ ਵੇਲੇ ਨਾ ਜਾਣਾ ਵੀ ਇਕ ਇਖ਼ਲਾਕੀ ਕਮਜ਼ੋਰੀ ਹੈ। ਖੈਰ ਅਸੀਂ ਦਾਵਤ ਵਿੱਚ ਸ਼ਾਮਲ ਹੋਏ। ਜੈਸਾ ਕਿ ਇਸ ਵੇਲੇ ਦੁਨੀਆਂ ਦਾ ਰਵਾਜ ਹੈ, ਕੁਝ ਚਾਪਲੋਸੀ ਭਰੀਆਂ ਗੱਲਾਂ ਜੇਲ੍ਹਰ ਵੱਲੋਂ ਹੋਈਆਂ ਅਤੇ ਅਸੀਂ ਸਾਰੇ ਹੀ ਸਮਾਂ ਪਾ ਕੇ ਉਸ ਦੀਆਂ ਗੱਲਾਂ ਦਾ ਓਸੇ ਤਰ੍ਹਾਂ ਹੀ ਜਵਾਬ ਦਿੰਦੇ ਰਹੇ। ਜਿਸ ਤਰ੍ਹਾਂ ਕਿ ਉਸ ਵੇਲੇ ਮੁਨਾਸਬ ਸਮਝਿਆ ਗਿਆ। ਪਰ ਇਸ ਤਰ੍ਹਾਂ ਤਾਂ ਸਾਨੂੰ ਖੁਸ਼ ਕਰ ਲੈਣਾ ਔਖਾ ਸੀ। ਅਤੇ ਨਾ ਹੀ ਕੋਈ ਸਾਡੇ ਵਿਚੋਂ ਇਹੋ ਜੇਹੀਆਂ ਮੌਮੋਠਗਣੀਆਂ ਗੱਲਾਂ ਉੱਤੇ ਖੁਸ਼ ਹੋਣ ਵਾਲਾ ਹੀ ਸੀ। ਅਤੇ ਨਾ ਹੀ ਸਾਡੀ ਕੋਈ ਜੇਲ੍ਹਰ ਜਾਂ ਸੁਪ੍ਰੰਟੈਂਡੈਂਟ ਨਾਲ ਜਾਤੀ ਦੁਸ਼ਮਣੀ ਸੀ। ਅਸੀਂ ਲੋਕ ਤਾਂ ਕੇਵਲ ਜੁਲਮ ਦੇ ਹੀ ਵਿਰੁੱਧ ਸਾਂ। ਅਤੇ ਜੇਹਲ ਵਾਲੇ ਵੀ ਅਤਿਆਚਾਰ ਨੂੰ ਛੱਡਣਾ ਨਹੀਂ ਚਾਹੁੰਦੇ ਸਨ। ਬਸ ਫਿਰ ਸਾਫ਼ ਹੈ ਕਿ ਸਫ਼ਾਈ ਕਿਸ ਤਰ੍ਹਾਂ ਹੋ ਸਕਦੀ ਸੀ। ਇਸ ਵੇਲੇ ਬੰਗਾਲ ਪਾਰਟੀ ਦੇ ਕੁਝ ਨਵੇਂ ਦੇਸ਼ ਭਗਤ ਵੀ ਅੰਡੇਮਾਨ ਵਿੱਚ ਆ ਗਏ। ਹੁਣ ਵਾਰੋਵਾਰੀ ਸਾਰੀਆਂ ਪਾਰਟੀਆਂ ਹੀ ਏਥੇ ਕਠੀਆਂ ਹੋ ਗਈਆਂ। ਇਕ ਬੰਗਾਲੀ ਦੇਸ਼ ਭਗਤ ਜਿਸਦਾ ਨਾਮ 'ਆਸ਼ਵ ਲਹਿਰੀ' ਸੀ, ਇਹ ਕਲਕੱਤੇ ਦੀ ਯੂਨੀਵਰਸਿਟੀ ਦਾ ਗ੍ਰੈਜੂਏਟ ਐਮ.ਏ. ਸੀ। ਇਸਨੂੰ ਜਦੋਂ ਛਿਲਕੇ ਦੀ ਕਰੜੀ ਮੁਸ਼ੱਕਤ ਕਰਦਿਆਂ ਕਈ ਮਹੀਨੇ ਲੰਘ ਗਏ, ਤਾਂ ਇਸਨੇ ਅਲਸੀ ਦੀ ਮੁਸ਼ੱਕਤ ਜੋ ਹੌਲੀ ਸੀ, ਉਹ ਮੰਗੀ ਪਰ ਸੁਪ੍ਰੰਟੰਡੰਟ ਨੇ ਨਾਂਹ ਕਰ ਦਿੱਤੀ। ਜਿਸ ਤੋਂ ਉਸ ਨੇ ਤੰਗ ਪੈ ਕੇ ਕੰਮ ਕਰਨਾ ਹੀ ਛੱਡ ਦਿੱਤਾ। ਉਸ ਨੂੰ ਕਈ ਹਫ਼ਤੇ ਡੰਡਾ ਬੇੜੀ ਤੇ ਹਥਕੜੀ ਆਦਿ ਦੀ ਸਜ਼ਾ ਮਿਲਦੀ ਰਹੀ। ਛੇਕੜ ਇਸ ਨੂੰ ਸੁਪ੍ਰੰਟੰਡੰਟ ਨੇ 15 ਬੈਂਤਾਂ ਦੀ ਸਖ਼ਤ ਸਜਾਂ ਦਿੱਤੀ ਜੋ ਕਿ ਬੜਾ ਹੀ ਅਨਿਆਂਉ ਸੀ। ਕਿਉਂਕਿ ਅਸਲ ਵਿੱਚ ਇਹ ਇਨਕਾਰੀ ਨਹੀਂ ਸੀ ਸਗੋਂ ਕਰੜੇ ਕੰਮ ਤੋਂ ਹੌਲੇ ਕੰਮ ਦੀ ਮੰਗ ਸੀ ਜੋ ਕਿ ਉਸ ਦਾ ਹੱਕ ਵੀ ਸੀ। ਪੰਜਾਬ ਪਾਰਟੀ ਨੇ ਬੰਗਾਲ ਪਾਰਟੀ ਦੇ ਦੇਸ਼ ਭਗਤਾਂ ਨੂੰ ਕਿਹਾ ਕਿ ਮਿਸਟਰ ਆਸ਼ਵ ਨਾਲ ਕਰੜੀ ਬੇਇਨਸਾਫ਼ੀ ਕੀਤੀ ਗਈ ਹੈ ਏਸ ਕਰਕੇ ਸਾਨੂੰ ਜੇਲ੍ਹ ਵਾਲਿਆਂ ਦੀ ਐਸੀ ਜ਼ਾਲਮਾਨਾ ਕਾਰਵਾਈ ਤੇ ਨੋਟਿਸ ਲੈਣਾ ਚਾਹੀਦਾ ਹੈ। ਨਵੇਂ ਬੰਗਾਲੀ ਦੇਸ਼ ਭਗਤ ਤਾਂ ਖੈਰ ਅਜੇ ਥੋੜ੍ਹੇ ਦਿਨਾਂ ਤੋਂ ਹੀ ਅੰਡੇਮਾਨ ਜੇਲ੍ਹ ਵਿੱਚ ਆਏ ਸਨ ਅਤੇ ਨਾ-ਤਜਰਬਾਕਾਰ ਸਨ, ਪਰ ਪੁਰਾਣੇ ਬੰਗਾਲੀ ਦੇਸ਼ ਭਗਤਾਂ ਨੇ ਜੋ ਕਿ ਆਪ ਵੀ ਕੁਝ ਕਰਨਾ ਨਹੀਂ ਚਾਹੁੰਦੇ ਸਨ। ਹੜਤਾਲ ਇਨਕਾਰੀ ਕਰਨ ਤੋਂ

ਨਾਂਹ ਕਰ ਦਿੱਤੀ। ਅਤੇ ਬਾਬੂ ਬੈਰੰਗ ਦੇਵ ਨੇ ਨਵੇਂ ਆਦਮੀਆਂ ਨੂੰ ਵੀ ਕੁਝ ਨਾ ਕਰਨ ਦਿੱਤਾ। ਜਿਸਦਾ ਸਿੱਟਾ ਇਹ ਹੋਇਆ ਕਿ ਜੇਲ੍ਹਰ ਦਾ ਦਿਲ ਆਪਣੀ ਕਾਮਯਾਬੀ ਕਰਕੇ ਹੋਰ ਦਲੇਰ ਹੋ ਗਿਆ।

ਉਪਰੰਤ 1917 ਵਿੱਚ ਇਕ ਦੇਸ਼ ਭਗਤ ਜਿਸਦਾ ਨਾਉਂ ਭਾ: ਭਾਨ ਸਿੰਘ ਜੀ ਸੀ ਅਤੇ ਜੋ ਅਮਰੀਕਾ ਵਿਚੋਂ ਆਇਆ ਹੋਇਆ ਸੀ। ਇਕ ਦਿਨ ਜੇਲ੍ਹ ਦੇ ਬੁਰਜ ਵਿੱਚ ਓਵਰਸੀਅਰ ਨੂੰ ਸਬ ਨੰਬਰਦਾਰ ਨਾਲ ਮੁਸ਼ੱਕਤ ਦੇਣ ਗਿਆ। ਓਵਰਸੀਅਰ ਦਾ ਹੁਕਮ ਸੀ ਕਿ ਅਲਸੀ ਵਾਲੇ ਪਹਿਲਾਂ ਮੁਸ਼ੱਕਤ ਲਿਆਇਆ ਕਰਨ ਤੇ ਛਿਲਕੇ ਵਾਲੇ ਪਿਛੋਂ। ਭਾਨ ਸਿੰਘ ਅਲਸੀ ਦੀ ਮੁਸ਼ੱਕਤ ਕਰਦਾ ਸੀ, ਏਸ ਕਰਕੇ ਇਹ ਦੋ ਤਿੰਨ ਛਿਲਕੇ ਵਾਲਿਆਂ ਨੂੰ ਛਡ ਕੇ ਜੋ ਗ਼ਲਤੀ ਨਾਲ ਅਲਸੀ ਫਾਇਲ ਵਾਲਿਆਂ ਵਿੱਚ ਉਸਦੇ ਅਗੇ ਖਲੋਤੇ ਸਨ, ਅਲਸੀ ਦੀ ਮੁਸ਼ੱਕਤ ਦੇਣ ਲਈ ਅਗੇ ਵਧਿਆ। ਇਸ ਤੋਂ ਗੋਰੇ ਸਿਪਾਹੀ ਨੇ ਜਿਸ ਦੀ ਕਿ ਓਥੇ ਨੌਕਰੀ ਸੀ, ਭਾਨ ਸਿੰਘ ਨੂੰ ਦੋ ਚਾਰ ਗਾਲ੍ਹਾਂ ਸੁਣਾ ਦਿੱਤੀਆਂ। ਕੌਮੀ ਬੇਇੱਜ਼ਤੀ ਅਤੇ ਫੇਰ ਬਿਨ੍ਹਾਂ ਕਿਸੇ ਕਸੂਰ ਦੇ ਜੋ ਕੋਈ ਹੋਵੇ, ਭਾਨ ਸਿੰਘ ਏਸ ਨੂੰ ਨਾ ਸਹਾਰ ਸਕਿਆ। ਉਸਨੇ ਵੀ ਗੋਰੇ ਸਿਪਾਹੀ ਨੂੰ ਓਸੇ ਤਰ੍ਹਾਂ ਦਾ ਹੀ ਜਵਾਬ ਦਿੱਤਾ। ਚੇਤੇ ਰਹੇ ਕਿ ਏਸ ਵਿੱਚ ਭਾਨ ਸਿੰਘ ਦਾ ਕੋਈ ਕਸੂਰ ਨਹੀਂ ਸੀ, ਕਸੂਰ ਛਿਲਕੇ ਵਾਲਿਆਂ ਦਾ ਸੀ, ਜੋ ਓਸਦੇ ਅੱਗੇ ਅਲਸੀ ਫਾਇਲ ਵਿੱਚ ਖੜੇ ਸਨ। ਏਸ ਹਾਲਤ ਵਿੱਚ ਭਾਨ ਸਿੰਘ ਨੇ ਤਾਂ ਓਨ੍ਹਾਂ ਦੋਂਹ ਆਦਮੀਆਂ ਨੂੰ ਛਡ ਕੇ ਅੱਗੇ ਜਾਣਾ ਹੀ ਸੀ। ਪਰ ਗੋਰੇ ਸਿਪਾਹੀ ਦੇ ਦਿਲ ਵਿੱਚ ਤਾਂ ਚਿੱਟੀ ਚਮੜੀ ਦਾ ਨਸ਼ਾ ਸੀ। ਓਸਨੇ ਬਿਨਾਂ ਕਸੂਰ ਸਮਝੇ ਹੀ ਗਾਲਾਂ ਦੇਣੀਆਂ ਆਰੰਭ ਦਿੱਤੀਆਂ।

ਜਦ ਭਾਨ ਸਿੰਘ ਨੇ ਗਾਲੀ ਦਾ ਉੱਤਰ ਓਸੇ ਤਰ੍ਹਾਂ ਹੀ ਦਿੱੜਾ ਤਾਂ ਬਸ ਫੇਰ ਕੀ ਸੀ। ਸਾਹਿਬ ਦੀ ਗੁਸਤਾਖ਼ੀ ਕਰਨ ਦੇ ਜ਼ੁਰਮ ਵਿੱਚ ਸੁਪ੍ਰੰਟੰਡੰਟ ਦੇ ਸਾਹਮਣੇ ਪੇਸ਼ ਕੀਤਾ ਗਿਆ। ਸੁਪ੍ਰੰਟੰਡੰਟ ਵੀ ਤਾਂ ਓਸ ਵਰਗਾ ਹੀ ਸੀ। ਓਸਨੇ ਝਟ ਭਾਈ ਭਾਨ ਸਿੰਘ ਜੀ ਨੂੰ 6 ਮਹੀਨੇ ਕੋਠੀ ਤੇ 6 ਮਹੀਨੇ ਬੇੜੀ ਦੇ ਦਿੱਤੀ, ਪਰ ਜੇਹਲਰ ਓਸਨੂੰ ਸਦਾ ਹੀ ਕੋਠੀ ਵਿੱਚ ਰਖਣਾ ਚਾਹੁੰਦਾ ਸੀ। ਏਸ ਕਰਕੇ ਓਹ ਭਾਨ ਸਿੰਘ ਨਾਲ ਸਦਾ ਛੇੜਖਾਨੀ ਹੀ ਕਰਦਾ ਰਹਿੰਦਾ ਸੀ। ਪਰ ਓਹ ਬਹਾਦਰ ਕਦੋਂ ਬੇਇੱਜ਼ਤੀ ਸਹਾਰਨ ਵਾਲਾ ਸੀ।

ਓਹ ਵੀ ਅਗਿਓਂ ਓਸੇ ਤਰ੍ਹਾਂ ਹੀ ਜਵਾਬ ਦੇ ਦਿੰਦਾ। ਛੇਕੜ ਇਕ ਦਿਨ ਜੇਹਲਰ ਵਾਰਡਰਾਂ ਤੇ ਹੋਰ ਪੇਟੀ ਅਫ਼ਸਰਾਂ ਨੂੰ ਨਾਲ ਲੈ ਕੇ ਚੋਰੀ ਚੋਰੀ ਭਾਨ ਸਿੰਘ

ਨੂੰ ਕੁਟਵਾਣ ਲੱਗਾ। ਪਰ ਮਾਸਟਰ ਊਧਮ ਸਿੰਘ ਜੀ, ਭਾ: ਗੁਰਮੁਖ਼ ਸਿੰਘ ਦੀ ਅਤੇ ਭਾ: ਪਰਮਾਨੰਦ ਝਾਂਸੀ ਵਾਲਿਆਂ ਦੀ ਨਜ਼ਰ ਪੈ ਗਈ। ਕਿਉਂਕਿ ਇਹ ਖਾਣਾ ਖਾਣ ਵੇਲੇ ਥਲੇ ਦੇ ਨੰਬਰ ਵਿੱਚ ਆ ਗਏ ਸਨ ਅਤੇ ਭਾ: ਭਾਨ ਸਿੰਘ ਅਕੱਲਾ ਹੀ ਉਪਰ ਰਹਿੰਦਾ ਸੀ। ਇਹ ਥਲਿਓਂ ਭਾ: ਭਾਨ ਸਿੰਘ ਦੀ ਸਹੈਤਾ ਲਈ ਉਪਰ ਗਏ, ਪਰ ਜੇਹਲਰ ਨੇ ਪਹਿਲਾਂ ਤੋਂ ਹੀ ਲਾਈਨ ਦੇ ਫਾਟਕ ਨੂੰ ਤਾਲਾ ਲਾ ਛੱਡਿਆ ਸੀ, ਉਸ ਦਿਨ ਜੇਹਲਰ ਦੀ ਖੁਸ਼ਕਿਸਮਤੀ ਸੀ, ਨਹੀਂ ਤਾਂ ਸਦਾ ਲਈ ਜੇਹਲਰ ਤੇ ਕੈਦੀਆਂ ਵਿਚਲਾ ਫੈਸਲਾ ਹੀ ਹੋ ਜਾਂਦਾ। ਜੇਹਲਰ ਬਚ ਰਿਹਾ ਪਰ ਮੁੜ ਕੇ ਸਖ਼ਤੀ ਕਰਨ ਦਾ ਹੌਂਸਲਾ ਨਾ ਪਿਆ। ਇਹ ਸਾਰੇ ਦੇਸ਼ ਭਗਤ ਥਲੇ ਉਤਰ ਆਏ। ਜੇਹਲਰ ਵੀ ਭਾਨ ਸਿੰਘ ਤੋਂ ਵਾਪਸ ਆ ਗਿਆ।

ਪਰਮਾਨੰਦ ਝਾਂਸੀ ਤੇ ਮਾਸਟਰ ਊਧਮ ਸਿੰਘ ਜੀ ਤਾਂ ਪਹਿਲਾਂ ਹੀ ਥਲੇ ਆ ਗਏ ਅਤੇ ਗੁਰਮੁਖ ਸਿੰਘ ਪੌੜੀਆਂ ਵਿੱਚ ਜੇਲ੍ਹਰ ਨਾਲ ਝਗੜਦਾ ਰਿਹਾ। ਹੁਣ ਜੇਲ੍ਹਰ ਨੇ ਆਪਣੇ ਆਦਮੀਆਂ ਨੂੰ ਸੈਨਤ ਕਰਕੇ ਪਰਮਾਨੰਦ ਝਾਂਸੀ ਤੇ ਮਾਸਟਰ ਊਧਮ ਸਿੰਘ ਨੂੰ ਝਟ ਬੰਦ ਕਰਵਾ ਦਿੱਤਾ ਅਤੇ ਭਾ: ਗੁਰਮੁਖ ਸਿੰਘ ਨੂੰ ਇਕੱਲਿਆਂ ਵੇਖ ਕੇ ਮਾਰਨਾ ਆਰੰਭ ਦਿੱਤਾ। ਇਹ ਬਹਾਦੁਰ ਵੀ ਅਗੋਂ ਬੜੀ ਬਹਾਦਰੀ ਨਾਲ ਮੁਕਾਬਲਾ ਕਰਦਾ ਰਿਹਾ। ਬਹੁਤਿਆਂ ਸਾਹਮਣੇ ਕੀ ਪੇਸ਼ ਜਾ ਸਕਦੀ ਸੀ। ਆਖਰ ਦੂਜੇ ਨੰਬਰਾਂ ਵਿੱਚ ਖਬਰ ਹੋਣ ਤੋਂ ਪਹਿਲਾਂ ਹੀ ਜੇਲ੍ਹਰ ਨਿਕਲ ਗਿਆ। ਉਸ ਦਿਨ ਦੇ ਪੰਜ ਮਿੰਟ ਪਹਿਲਾਂ ਦੂਜੇ ਨੰਬਰਾਂ ਵਿੱਚ ਖਬਰ ਹੋ ਜਾਂਦੀ ਤਾਂ ਭਾਵੇਂ ਦੇਸ਼ ਭਗਤਾਂ ਦੀਆਂ ਲੋਥਾਂ ਵੀ ਰੁਲਦੀਆਂ, ਪਰ ਜੇਲ੍ਹਰ ਨੂੰ ਵੀ ਸੁਵਾਦ ਮਿਲ ਹੀ ਜਾਂਦਾ। ਜੋ ਜ਼ਾਲਮ ਹੁੰਦੇ ਹਨ ਉਹ ਕਾਇਰ ਵੀ ਹੁੰਦੇ ਹਨ। ਦੂਜੇ ਜੇਲ੍ਹਰ ਤੇ ਸੁਪ੍ਰੰਟੰਡੰਟ ਵੀ ਦੇਸ਼ ਭਗਤਾਂ ਦੇ ਕਰਾਰੇ ਹੱਥਾਂ ਤੋਂ ਜਾਣੂ ਹੋ ਚੁੱਕੇ ਸਨ। ਪ੍ਰੇਡ ਦੇ ਦਿਨ ਬਹੁਤ ਸਾਰੇ ਗੁਲਾਮ ਹਵਾਲਦਾਰ ਸਿਪਾਹੀ ਟੈਂਡਲ ਅਤੇ ਪੇਟੀ ਅਫ਼ਸਰਾਂ ਅਤੇ ਬੰਦੂਕਾਂ ਦੇ ਪਹਿਰੇ ਵਿੱਚ ਪ੍ਰੇਡ ਲਈ। ਪ੍ਰੇਡ ਵੇਲੇ ਭਾ: ਸੋਹਨ ਸਿੰਘ ਜੀ ਨੇ ਸੁਪ੍ਰਟੰਡੰਟ ਨੂੰ ਕਿਹਾ ਕਿ ਆਪ ਨੇ ਜੇਲ੍ਹ ਵਿੱਚ ਮਾਰਸ਼ਲ-ਲਾਅ ਰੱਖਿਆ ਹੈ। ਜਿਸ ਦੀ ਆੜ ਹੇਠ ਕਈ ਗ਼ਰੀਬ ਕੈਦੀ ਮਰ ਗਏ ਹਨ। ਜੇ ਇਸਨੂੰ ਅੱਗੇ ਨੂੰ ਬੰਦ ਨਹੀਂ ਕਰੋਗੇ ਤਾਂ ਏਸ ਦਾ ਸਿੱਟਾ ਚੰਗਾ ਨਹੀਂ ਹੋਵੇਗਾ। ਚੇਤ ਰਾਮ ਨੇ ਵੀ ਇਹੋ ਕਿਹਾ। ਉਸ ਵੇਲੇ ਤਾਂ ਉਹ ਕੁਝ ਨਾ ਬੋਲਿਆ ਪਰ ਪਿਛੋਂ ਉਹਨਾਂ ਨੂੰ ਬਿਨਾਂ ਪੇਸ਼ੀ ਦੇ ਪੰਦਰਾਂ-ਪੰਦਰਾਂ ਦਿਨ ਹਵਾਲਾਤ ਵਿੱਚ ਰਖਿਆ ਅਤੇ ਗੁਰਮੁਖ ਸਿੰਘ, ਮਾਸਟਰ ਊਧਮ ਸਿੰਘ ਤੇ ਪਰਮਾਨੰਦ ਝਾਂਸੀ ਵਾਲਿਆਂ ਨੂੰ 6-6 ਮਹੀਨੇ ਕੋਠੀ ਬੰਦ ਕਮ ਖੁਰਾਕ ਆਦਿ ਦੀਆਂ ਸਜ਼ਾਵਾਂ

ਦੇ ਦਿੱਤੀਆਂ।

ਏਸ ਰੋਜ਼ ਦੇ ਜ਼ੁਲਮ ਤੋਂ ਤੰਗ ਪੈ ਕੇ ਭਾਈ ਭਾਨ ਸਿੰਘ ਜੀ ਨੇ ਪ੍ਰੇਡ ਵਿੱਚ ਸੁਪ੍ਰੰਟੰਡੰਟ ਦੇ ਸਾਹਮਣੇ ਉਠਣਾ ਬੰਦ ਕਰ ਦਿੱਤਾ। ਜਿਸ ਪਰ ਸੁਪ੍ਰੰਟੰਡੰਟ ਨੇ ਕਈ ਦਿਨ ਹਥਕੜੀ ਦੀ ਸਜ਼ਾ ਦਿੱਤੀ। ਜਦ ਭਾਨ ਸਿੰਘ ਅਤੀ ਤੰਗ ਪੈ ਗਿਆ ਤਾਂ ਇਕ ਦਿਨ ਉਸ ਨੇ ਹਥਕੜੀ ਲਵਾਉਣੋਂ ਹੀ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਪਹਿਲਾਂ ਮੈਨੂੰ ਮੇਰਾ ਜੁਰਮ ਦਸੋ। ਜਦੋਂ ਇਹ ਖਬਰ ਜੇਲ੍ਹਰ ਨੂੰ ਪੁੱਜੀ ਤਾਂ ਉਹ ਝਟ ਹੀ ਆਪਣੀ ਫੌਜ ਸਣੇ ਭਾਨ ਸਿੰਘ ਤੇ ਚੜ੍ਹ ਆਇਆ। ਏਸ ਖ਼ੂੰਨੀ ਫ਼ੌਜ ਵਿੱਚ ਜੋ ਇਕ ਬੇਗੁਨਾਹ ਦੇਸ਼ ਭਗਤ ਦੀ ਜਾਨ ਲੈਣ ਆਈ ਸੀ - ਦੋ ਗੋਰੇ ਤੇ ਇਕ ਹਵਲਦਾਰ ਅਤੇ ਬਾਕੀ ਟੈਂਡਲ, ਪੇਟੀ ਅਫ਼ਸਰ ਜਿਨ੍ਹਾਂ ਦਾ ਕਮਾਂਡਰ ਜੇਲ੍ਹਰ ਸੀ, ਕੋਈ ਦਸ ਬਾਰਾਂ ਆਦਮੀ ਹੋਣਗੇ। ਬਸ ਫੇਰ ਕੀ ਦੇਰ ਸੀ, ਆਉਂਦਿਆਂ ਹੀ ਬੇਰੀ ਨੇ ਹੁਕਮ ਦਿੱਤਾ ਕਿ ਫੜ ਲਓ। ਸਾਰੇ ਹੀ ਭਾਈ ਭਾਨ ਸਿੰਘ ਤੇ ਟੁਟ ਪਏ ਅਤੇ ਉਸ ਨੂੰ ਮਰਨ ਵਾਲਾ ਕਰਕੇ ਹੀ ਛਡਿਆ; ਪਰ ਵਾਹ ਰੇ ਭਾਰਤ ਸਪੂਤ! ਏਸ ਸਮੇਂ ਵੀ ਦੁਸ਼ਮਣ ਨੂੰ ਲਲਕਾਰ ਕੇ ਕਿਹਾ, "ਕਿ ਐ ਜ਼ਾਲਮੋ! ਜੀਉਂਦਾ ਛਡ ਕੇ ਕਿਉਂ ਜਾਂਦੇ ਹੋ। ਮੇਰਾ ਥੋੜ੍ਹੇ ਚਿਰ ਵਿੱਚ ਕੰਮ ਬਣ ਜਾਵੇਗਾ ਤੇ ਮੈਂ ਆਪਣਾ ਕੌਮੀ ਫ਼ਰਜ ਪੂਰਾ ਕਰਕੇ ਸਵਾਦਲੀ ਆਰਾਮ ਦੀ ਨੀਂਦ ਸੌਂ ਜਾਵਾਂਗਾ ਅਤੇ ਤੁਹਾਨੂੰ ਵੀ ਦੁਬਾਰਾ ਹਥਕੜੀ ਲਾਉਣ ਦੀ ਤਕਲੀਫ਼ ਨਾ ਹੋਵੇਗੀ।" ਹੁਣ ਇਹ ਕਾਇਰ ਆਪਣਾ ਕੰਮ ਤਾਂ ਕਰ ਹੀ ਚੁੱਕੇ ਸਨ। ਜੇਲ੍ਹਰ ਸਣੇ ਸਾਰੇ ਵਾਪਸ ਮੁੜ ਗਏ। ਦੂਜੇ ਨੰਬਰ ਦੇ ਆਦਮੀ ਨੂੰ ਏਸ ਕਰਕੇ ਪਤਾ ਨਾ ਲੱਗਾ ਕਿਉਂਕਿ ਹੁਣ ਭਾਨ ਸਿੰਘ ਅਕ੍ਰਲਿਆਂ ਹੀ ਦੂਜੀ ਲੈਨ ਵਿੱਚ ਬੰਦ ਕਰ ਰੱਖੇ ਸਨ। ਰਾਤ ਨੂੰ ਭਾਈ ਭਾਨ ਸਿੰਘ ਜੀ ਦੀ ਹਾਲਤ ਬਹੁਤ ਨਾਜ਼ਕ ਹੋ ਗਈ। ਭਲਾ ਦੂਜੇ ਦੇਸ਼ ਭਗਤ ਏਸ ਜ਼ੁਲਮ ਨੂੰ ਕਦੋਂ ਸਹਾਰ ਸਕਦੇ ਸਨ। ਪਰ ਕੰਮ ਤੋਂ ਇਨਕਾਰੀ ਹੋਣ ਦੇ ਸਿਵਾ ਓਨ੍ਹਾਂ ਦਾ ਜੇਲ੍ਹ ਦੀ ਚਾਰ ਦੀਵਾਰੀ ਅੰਦਰ ਕੋਈ ਚਾਰਾ ਨਹੀਂ ਸੀ। ਇਕ ਨਵੰਬਰ 1917 ਨੂੰ ਭਾਨ ਸਿੰਘ ਜੀ ਨੂੰ ਮਾਰਿਆ ਗਿਆ ਅਤੇ ਦੋ ਨਵੰਬਰ ਨੂੰ ਉਨ੍ਹਾਂ ਤੋਂ ਛੁਟ ਜੋ ਪੁਰਾਣੇ ਆਏ ਹੋਏ ਸਨ ਅਤੇ ਓਹ ਕੁਝ ਆਦਮੀ ਜਿਨ੍ਹਾਂ ਦਾ ਖ਼ੂਨ ਸਦਾ ਲਈ ਠੰਡਾ ਹੋ ਚੁੱਕਾ ਸੀ ਅਤੇ ਜਿਨ੍ਹਾਂ ਨੂੰ ਸਵਾਏ ਆਪਣੇ ਆਰਾਮ ਦੇ ਕੁਝ ਸੁਝਦਾ ਹੀ ਨਹੀਂ ਸੀ, ਹੋਰ ਸਾਰੇ ਹੀ ਇਨਕਾਰੀ ਹੋ ਗਏ ਤੇ ਕੰਮ ਕਰਨਾ ਛੱਡ ਦਿੱਤਾ। ਕੰਮ ਕਰਨ ਵਾਲਿਆਂ ਵਿੱਚ ਪੰਡਤ ਕਿਰਪਾ ਰਾਮ ਜੀ ਪਹਿਲਾਂ ਤਾਂ ਸ਼ਾਮਲ ਹੋਏ, ਪਰ ਜਦ ਜੇਲ੍ਹ ਵਾਲਿਆਂ ਨੇ ਸਾਰਿਆਂ ਨੂੰ ਹਵਾਲਾਤ ਵਿੱਚ ਬੰਦ ਕੀਤਾ, ਤਾਂ ਜੇਲ੍ਹਰ ਨੇ ਉਸਨੂੰ ਸਦਿਆ ਤਾਂ

ਉਸਨੇ ਇਨਕਾਰੀ ਛਡ ਦਿੱਤੀ, ਅਤੇ ਕਿਹਾ ਕਿ ਮੈਂ ਤਾਂ ਅੱਜ ਬੀਮਾਰ ਸਾਂ ਏਸ ਕਰਕੇ ਕੰਮ ਨਹੀਂ ਲਿਆ। ਮੈਂ ਇਨਕਾਰੀ ਨਹੀਂ। ਬਿਸਤਰਾ ਉਠਾ ਕੇ ਹਸਪਤਾਲ ਚਲੇ ਗਏ। ਇਹ ਪੰਡਤ ਕਿਰਪਾ ਰਾਮ ਜੀ ਰੰਗੂਨ ਕੇਸ ਵਿੱਚ ਸਨ ਅਤੇ ਆਪਣੇ ਸਵਾਰਥ ਤੋਂ ਸਿਵਾ ਉਨ੍ਹਾਂ ਨੇ ਹੋਰ ਕੁਝ ਸਿਖਿਆ ਹੀ ਨਹੀਂ ਸੀ। ਇਨਕਾਰੀ ਦੀ ਖਬਰ ਸੁਣ ਕੇ ਸੁਪ੍ਰੰਟੰਡੰਟ ਵੀ ਜੇਲ੍ਹ ਵਿੱਚ ਆਇਆ ਅਤੇ ਇਕ ਇਕ ਕੋਠੀ ਦੇ ਸਾਹਮਣੇ ਜਾ ਕੇ ਉਨ੍ਹਾਂ ਤੋਂ ਕੰਮ ਤੇ ਜਾਣ ਬਾਬਤ ਪੁੱਛਣ ਲੱਗਾ, ਸਾਰਿਆਂ ਨੇ ਉੱਤਰ ਦਿੱਤਾ ਕਿ ਜਾਂ ਤੇ ਉਨ੍ਹਾਂ ਤੇ ਮੁਕੱਦਮਾ ਚਲਾਣ ਲਈ ਤਿਆਰ ਹੋਵੇ, ਜਿਨ੍ਹਾਂ ਨੇ ਕਿ ਭਾਈ ਭਾਨ ਸਿੰਘ ਨੂੰ ਮਾਰਿਆ ਹੈ ਤਾਂ ਅਸੀਂ ਵੀ ਕੰਮ ਕਰਨ ਨੂੰ ਤਿਆਰ ਹਾਂ, ਜੇ ਮੁਕੱਦਮਾ ਨਹੀਂ ਕਰੋਗੇ ਤਾਂ ਅਸੀਂ ਵੀ ਕੰਮ ਤੇ ਨਹੀਂ ਜਾਵਾਂਗੇ। ਪਰ ਮੁਕੱਦਮੇ ਦੀ ਗੱਲ ਤਾਂ ਉਸਨੇ ਸੁਣ ਕੇ ਬੇਸੁਣੀ ਕਰ ਛੱਡੀ ਅਤੇ ਓਥੇ ਖੜੇ ਖੜੇ ਹੀ ਸਾਰਿਆਂ ਦੀਆਂ ਕੋਠੀਆਂ ਅੱਗੇ ਜਾ ਕੇ 6-6 ਮਹੀਨੇ ਤਨਹਾਈ ਕੋਠੀ ਬੰਦ, ਕਮ ਖੁਰਾਕ, ਤੇ ਬੇੜੀਆਂ ਆਦਿ ਦੀਆਂ ਸਜ਼ਾਵਾਂ ਦੇ ਦਿੱਤੀਆਂ। ਸੱਚ ਹੈ ਕਿ ਜ਼ਾਲਮ ਦਾ ਦਿਲ ਬਹੁਤ ਕਮੀਨਾ ਤੇ ਕਮਜ਼ੋਰ ਹੁੰਦਾ ਹੈ। ਜਿਨ੍ਹਾਂ ਦੇਸ਼ ਭਗਤਾਂ ਨੂੰ ਸਜ਼ਾਵਾਂ ਦਿੰਦਾ ਸੀ, ਓਹ ਖੁਸ਼ੀ ਨਾਲ ਆਖਦੇ ਸਨ, ਕਿ ਜੇ ਹੋਰ ਵੀ ਕੋਈ ਸਜ਼ਾ ਬਾਕੀ ਹੈ ਤਾਂ ਬੇਸ਼ਕ ਦੇ ਲੈ, ਤਾਂ ਕਿ ਤੇਰੇ ਦਿਲ ਵਿੱਚ ਹੋਰ ਕੋਈ ਅਰਮਾਨ ਬਾਕੀ ਨਾ ਰਹਿ ਜਾਵੇ। ਪਰ ਜਦ ਇਹ ਸਜ਼ਾਵਾਂ ਲਿਖ ਰਿਹਾ ਸੀ ਤਾਂ ਉਸਦੇ ਹੱਥ ਕੰਬ ਰਹੇ ਸਨ, ਕਿਉਂਕਿ ਇਕ ਪਾਸੇ ਤਾਂ ਭਾਨ ਸਿੰਘ ਦੀ ਹਾਲਤ ਬੜੀ ਹੀ ਨਾਜ਼ਕ ਸੀ, ਦੂਜੇ ਪਾਸੇ ਸਾਰੇ ਦੇਸ਼ ਭਗਤਾਂ ਨੇ ਹੜਤਾਲ ਕਰ ਦਿੱਤੀ ਸੀ। ਭਾਵੇਂ ਏਸ ਗੱਲ ਨੂੰ ਕੋਈ ਪੁੱਛਣ ਵਾਲਾ ਨਹੀਂ ਸੀ ਅਤੇ ਜਿਨ੍ਹਾਂ ਨੂੰ ਪੁੱਛਦਾ ਸੀ, ਓਹ ਵੀ ਉਸਦੇ ਹੀ ਹਮਜਿਨਸ ਤੇ ਕੌਮੀ ਭਰਾ ਸਨ, ਪਰ ਫੇਰ ਵੀ ਪਾਪ ਪਾਪੀ ਦੇ ਦਿਲ ਨੂੰ ਜ਼ਰੂਰ ਕੰਬਾ ਦਿੰਦਾ ਹੈ।

ਜਦ ਇਨਕਾਰੀ ਹੋ ਗਈ ਤਾਂ ਓਸੇ ਦਿਨ ਹੀ ਭਾਈ ਸੋਹਨ ਸਿੰਘ ਜੀ ਨੇ ਖਾਣਾ ਵੀ ਛੱਡ ਦਿੱਤਾ। ਓਸ ਤੋਂ ਅਗਲੇ ਦਿਨ ਪ੍ਰਿਥਵੀ ਸਿੰਘ ਨੇ ਵੀ ਰੋਟੀ ਛੱਡ ਦਿੱਤੀ। ਹੁਣ ਜੇਲ੍ਹਰ ਦੇਸ਼ ਭਗਤਾਂ ਨੂੰ ਵੰਨ ਸੁਵੰਨੀਆਂ ਤਕਲੀਫਾਂ ਦੇਣ ਲੱਗਾ। ਜਿਨ੍ਹਾਂ ਦੋਂਹ ਭਾਈਆਂ ਨੇ ਖਾਣਾ ਖਾਣਾਂ ਛਡਿਆ ਹੋਇਆ ਸੀ ਉਨ੍ਹਾਂ ਨੂੰ ਜੇਲ੍ਹਰ ਭੰਗੀ ਤੋਂ ਉਠਵਾ ਕੇ ਰੋਜ਼ ਹਸਪਤਾਲ ਵਿੱਚ ਨਕ ਦੇ ਰਾਹ ਦੁੱਧ ਪਲੌਣ ਲਈ ਘਲਦਾ ਸੀ ਪਰ ਇਹ ਦੋਵੇਂ ਭਾਈ ਆਪਣੇ ਭੰਗੀ ਭਰਾਵਾਂ ਨਾਲ ਖੂਬ ਜਫੀਆਂ ਪੌਂਦੇ ਅਤੇ ਆਪਣੇ ਧੰਨ ਭਾਗ ਸਮਝਦੇ ਕਿ ਸਾਨੂੰ ਵੀ ਆਪਨੇ ਭੰਗੀ ਭਰਾਵਾਂ ਦੇ ਪਵਿਤ੍ਰ ਹੱਥ ਲੱਗਦੇ ਹਨ। ਅਖੀਰ ਨੂੰ ਜਦ ਜੇਲ੍ਹਰ ਏਸ ਪਾਲਸੀ ਨਾਲ ਵੀ ਖਾਣਾ ਖਵੌਣ ਵਿੱਚ ਕਾਮਯਾਬ

ਨਾ ਹੋਇਆ ਤਾਂ ਫੇਰ ਓਹ ਠੰਡੇ ਪਾਣੀ ਨਾਲ ਉਨ੍ਹਾਂ ਨੂੰ ਗੁਸਲ ਕਰਾ ਕੇ ਕੋਠੀ ਵਿੱਚ ਬਿਨਾਂ ਕਿਸੇ ਕੰਬਲ ਦੇ ਹੀ ਸੁੱਟ ਦਿੰਦਾ ਸੀ। ਜਦ ਏਸ ਵਿੱਚ ਵੀ ਸਫ਼ਲਤਾ ਨਾ ਹੋਈ ਤਾਂ ਭਾਈ ਸੋਹਨ ਸਿੰਘ ਜੀ ਦੀ ਜਿਨ੍ਹਾਂ ਨੂੰ ਬਵਾਸੀਰ ਦੀ ਬੀਮਾਰੀ ਸੀ, ਓਹ ਬੀਮਾਰੀ ਬਹੁਤ ਜ਼ੋਰ ਫੜ ਗਈ। ਜਦ ਹਿੰਦੁਸਤਾਨੀ ਡਾਕਟਰ ਨੇ ਸੁਪ੍ਰੰਟੰਡੰਟ ਨੂੰ ਕਿਹਾ ਕਿ ਏਸ ਦੀ ਬੀਮਾਰੀ ਬਹੁਤ ਵੱਧ ਗ਼ਈ ਹੈ, ਏਸ ਕਰਕੇ ਉਸਨੂੰ ਹਸਪਤਾਲ ਵਿੱਚ ਦਾਖਲ ਕਰ ਦਿਓ, ਤਾਂ ਉਸਨੇ ਸਾਫ਼ ਨਾਂਹ ਕਰ ਦਿੱਤੀ ਕਿ ਜਦ ਤਾਂਈ ਓਹ ਰੋਟੀ ਨਹੀਂ ਖਾਂਦਾ, ਭਾਵੇਂ ਕੁਝ ਹੋਵੇ, ਮੈਂ ਹਸਪਤਾਲ ਵਿੱਚ ਦਾਖਲ ਨਹੀਂ ਕਰਾਂਗਾ। ਡਾਕਟਰ ਨੇ ਭਾਈ ਹੁਰਾਂ ਨੂੰ ਕਿਹਾ, ਕਿ ਮੈਂ ਆਪਦੀ ਪ੍ਰਾਈਵੇਟ ਦਵਾਈ ਕਰ ਦੇਂਦਾ ਹਾਂ, ਪਰ ਉਨ੍ਹਾਂ ਨੇ ਏਸ ਨੂੰ ਈਮਾਨਦਾਰੀ ਦੇ ਵਿਰੁੱਧ ਸਮਝਿਆ ਅਤੇ ਹਿੰਦੁਸਤਾਨੀ ਡਾਕਟਰ ਦਾ ਸ਼ੁਕਰੀਆ ਅਦਾ ਕਰਦਿਆਂ ਹੋਇਆ ਕਿਹਾ "ਐਸੀ ਦਵਾਈ ਕਰਨ ਵਿੱਚ ਮੈਂ ਆਪਣੇ ਸਿੱਖ ਧਰਮ ਅਤੇ ਦੇਸ਼ ਭਗਤੀ ਦੇ ਅਸੂਲ ਦੇ ਵਿਰੁੱਧ ਸਮਝਦਾ ਹਾਂ।" ਪ੍ਰਿਥੀ ਸਿੰਘ ਨੇ ਪਹਿਲੇ ਦਿਨੋਂ ਹੀ ਰੋਟੀ ਖਾਣੀ ਛੱਡ ਦਿੱਤੀ ਸੀ ਅਤੇ ਪਿਛੋਂ ਮੋਣ ਵੀ ਧਾਰ ਲਿਆ, ਜੋ ਉਨ੍ਹਾਂ ਨੇ ਹਜ਼ਾਰ ਦੁੱਖ ਸਹਾਰਦਿਆਂ ਵੀ ਆਪਣੇ ਪਰਣ ਨੂੰ ਪੂਰਾ ਨਿਭਾਇਆ ਅਤੇ 6 ਮਹੀਨੇ ਤਾਂਈ ਜਦ ਤੱਕ ਕਿ ਇਨਕਾਰੀ ਮਾਮਲਾ ਖ਼ਤਮ ਨਾ ਹੋਇਆ ਉਨ੍ਹਾਂ ਨੇ ਆਪਣੇ ਬਰਤ ਨੂੰ ਪੂਰਾ ਕੀਤਾ, ਤੇ ਇਨਕਾਰੀ ਦੇ ਖਾਤਮੇ ਤੇ ਖਾਣਾ ਖਾਧਾ। ਪਰ ਭਾਈ ਸੋਹਨ ਸਿੰਘ ਜੀ ਨੇ ਨਈ ਕਾਰਵਾਈ ਕਰਕੇ ਦੋ ਮਾਹ ਤੋਂ ਬਾਅਦ ਖਾਣਾ ਖਾ ਲਿਆ, ਪਰ ਹੜਤਾਲ ਨਾਂ ਤੋੜੀ। ਫੇਰ ਉਨ੍ਹਾਂ ਤੋਂ ਬਾਅਦ ਭਾਈ ਜਵੰਦ ਸਿੰਘ ਜੀ ਨੇ ਰੋਟੀ ਛੱਡੀ ਤੇ ਉਨ੍ਹਾਂ ਨੇ ਵੀ ਹੜਤਾਲ ਦੇ ਖ਼ਾਤਮੇ ਤੇ ਹੀ ਰੋਟੀ ਖਾਧੀ।

ਏਸ ਸਮੇਂ ਵਿੱਚ ਹੀ ਰੰਗੂਨ ਕੇਸ ਦੇ ਕੁਝ ਦੇਸ਼ ਭਗਤ ਉਥੇ ਆ ਗਏ। ਉਨ੍ਹਾਂ ਵਿਚੋਂ ਰਾਮ ਰਖਾ ਅਤੇ ਮੌਲਵੀ ਮੁਜ਼ਤਵਾ ਹੁਸੈਨ ਨੇ ਰੋਟੀ ਛੱਡ ਦਿੱਤੀ, ਰਾਮ ਰਖਾ ਨੇ ਤਾਂ ਏਸ ਹੜਤਾਲ ਵਿੱਚ ਹੀ ਸ਼ਹੀਦੀ ਪਾਈ ਤੇ ਆਪਣੇ ਪ੍ਰਣ ਨੂੰ ਨਾ ਛੱਡਿਆ। ਧੰਨ ਹਨ ਐਸੇ ਦੇਸ਼ ਭਗਤ। ਮੌਲਵੀ ਨੇ ਹੜਤਾਲ ਦੇ ਖਾਤਮੇ ਤੇ ਹੀ ਖਾਣਾ ਖਾਧਾ। ਇਹ ਤਾਂ ਸੰਖੇਪ ਹਾਲ ਹੋਇਆ ਖਾਣਾ ਛਡਣ ਵਾਲਿਆਂ ਦਾ। ਹੁਣ ਜਿਹੜੇ ਦੇਸ਼ ਭਗਤ ਕੋਠੀਆਂ ਵਿੱਚ ਪਏ ਹਨ, ਉਨ੍ਹਾਂ: ਦਾ ਹਾਲ ਸੁਣੋ। ਏਸ ਸਾਲ ਕੁਦਰਤੀ ਤੌਰ ਤੇ ਹੀ ਓਥੇ ਸਰਦੀ ਬਹੁਤੀ ਪੈਂਦੀ ਸੀ, ਜੇਲ੍ਹਰ ਦਿਨ ਨੂੰ ਕੰਬਲ ਤੇ ਕੋਟ ਆਦਿ ਉੱਤੇ ਲੈਣ ਨੂੰ ਨਹੀਂ ਦੇਂਦਾ ਸੀ। ਭਾ: ਰੁਲੀਆ ਸਿੰਘ ਏਸ ਸਰਦੀ ਦਾ ਸ਼ਿਕਾਰ ਹੋ ਕੇ ਹੀ ਸ਼ਹੀਦ ਹੋਏ। ਏਸ ਇਨਕਾਰੀ ਨੂੰ ਅਸੀਂ ਕੌਮੀ ਇਨਕਾਰੀ

ਆਖ ਸਕਦੇ ਹਾਂ, ਜੋ ਕਿ ਭਾਈ ਭਾਨ ਸਿੰਘ ਸ਼ਹੀਦ ਦੀ ਹਮਦਰਦੀ ਵਿੱਚ ਕੀਤੀ ਗਈ। ਏਸ ਵਿੱਚ ਸਤ ਬੰਗਾਲੀ ਦੇਸ਼ ਭਗਤ ਵੀ ਸ਼ਾਮਲ ਸਨ। ਬਾਬੂ ਭੂਮਨ, ਤਰਲੋਕੀ ਸਨਿਆਲ, ਬਾਬੂ ਅਮਰਤ ਜਤੀਨ ਜੋਤੀਕ ਸਤ ਬਾਬੂ। ਇਨ੍ਹਾਂ ਵਿਚੋਂ ਸਤ ਬਾਬੂ ਦੋ ਮਾਹ ਤਕ ਬਾਕੀ 6 ਮਹੀਨੇ ਤਾਈਂ ਇਨਕਾਰੀ ਦੇ ਖ਼ਾਤਮੇ ਤਾਈਂ ਸ਼ਾਮਲ ਰਹੇ। ਜਿਸ ਕਰਕੇ ਪਿਛੋਂ ਹਿੰਦੁਸਤਾਨ ਘਲ ਦਿੱਤੇ ਗਏ। ਇਹ ਵੀ ਸੱਚੇ ਤੇ ਜੋਸ਼ੀਲੇ ਦੇਸ਼ ਭਗਤ ਸਨ। ਭਾ: ਅਰੂੜ ਸਿੰਘ ਤੇ ਭਾ: ਕਾਲਾ ਸਿੰਘ ਜੀ ਨੇ ਪਰੇਡ ਵਿੱਚ ਉਠਣਾ ਬੰਦ ਕਰ ਦਿੱਤਾ, ਕਿਉਂਕਿ ਉਹ ਐਸੇ ਜ਼ਾਲਮ ਸਾਹਮਣੇ ਉਠਣਾ ਪਸੰਦ ਨਹੀਂ ਕਰਦੇ ਸਨ, ਜੋ ਕਿ ਉਨ੍ਹਾਂ ਦੀ ਕੌਮ ਅਥਵਾ ਮੁਲਕ ਦਾ ਦੁਸ਼ਮਣ ਹੋਵੇ, ਇਨ੍ਹਾਂ ਨੂੰ 6 ਮਹੀਨੇ ਖੜੀ ਹਥਕੜੀ ਲੱਗਦੀ ਸੀ। ਪਰ ਇਹ ਸੂਰਬੀਰ ਆਪਣੇ ਪ੍ਰਣ ਤੋਂ ਇਕ ਇੰਚ ਵੀ ਪਿਛੇ ਨਾ ਹਟੇ ਅਤੇ ਖੁਸ਼ੀ ਖੁਸ਼ੀ ਹਥਕੜੀ ਲਵੌਂਦੇ ਰਹੇ। ਭਾ: ਨਧਾਨ ਸਿੰਘ ਉਮਰ ਦਾ ਬੁਢਾ ਪਰ ਦਿਲ ਦਾ ਜਵਾਨ ਤੇ ਸੱਚਾ ਦੇਸ਼ ਭਗਤ ਸੀ। ਇਨ੍ਹਾਂ ਨੂੰ ਵੇਖ ਕੇ ਜੇਲਰ ਐਉਂ ਭਜਦਾ ਸੀ, ਜਿਸ ਤਰ੍ਹਾਂ ਕਿ ਕਾਂ ਗੁਲੇਲ ਤੋਂ। ਅਸਲ ਗੱਲ ਇਹ ਹੈ ਕਿ ਇਹ ਦੇਸ਼ ਭਗਤ ਇਕ ਦੂਜੇ ਤੋਂ ਜਾਨ ਵਾਰ ਦੇਣੀ ਪਰਮ ਧਰਮ ਸਮਝਦੇ ਸਨ ਅਤੇ ਇਕ ਦੂਜੇ ਤੋਂ ਵਧ ਕੇ ਇਨਸਾਨੀ ਹਮਦਰਦੀ ਦੇ ਮੈਦਾਨ ਵਿੱਚ ਪੈਰ ਧਰਦੇ ਸਨ। ਕਈਆਂ ਨੂੰ ਤਿੰਨ ਤਿੰਨ ਮਹੀਨੇ ਦੀ ਸਜ਼ਾ ਸੀ। ਜਦ ਉਨ੍ਹਾਂ ਦੇ ਤਿੰਨ ਮਹੀਨੇ ਖ਼ਤਮ ਹੋ ਗਏ ਤਾਂ ਉਹਨਾਂ ਨੇ ਆਪਣੇ ਭਰਾਵਾਂ ਨਾਲੋਂ ਅੱਡ ਹੋਣਾ ਨਾ ਮੰਨਿਆ। ਜਿਸ ਕਰਕੇ ਉਨ੍ਹਾਂ ਨੂੰ ਛੇ ਛੇ ਮਹੀਨੇ ਫੇਰ ਹੋਰ ਸਜ਼ਾ ਮਿਲੀ। ਉਨ੍ਹਾਂ ਦੇ ਨਾਮ ਇਹ ਹਨ - ਹਰਦਿਤ ਸਿੰਘ, ਚੂਹੜ ਸਿੰਘ, ਗੁਰਦਿਤ ਸਿੰਘ, ਨਿਧਾਨ ਸਿੰਘ। ਜਦ 6 ਮਹੀਨੇ ਪੂਰੇ ਹੋ ਗਏ ਤਾਂ ਕਈ ਕਾਰਨਾਂ ਕਰਕੇ ਇਨਕਾਰੀ ਨੂੰ ਅੱਗੇ ਤੋਰਨਾ ਠੀਕ ਖਿਆਲ ਨਾ ਕੀਤਾ। ਤਾਂ ਫੇਰ ਸਾਰਿਆਂ ਦੀ ਸਲਾਹ ਨਾਲ ਹੜਤਾਲ ਤੋੜ ਦਿੱਤੀ ਗਈ। ਜਦ ਤਾਈਂ ਹੜਤਾਲ ਤੁਰੀ ਰਹੀ, ਜਦ ਤਾਈਂ ਤਾਂ ਸੁਪ੍ਰੰਟੰਡੰਟ ਭਾ: ਭਾਨ ਸਿੰਘ ਦੀ ਖੁਰਾਕ ਆਦਿ ਚੰਗੀ ਤਰ੍ਹਾਂ ਦਿੰਦਾ ਰਿਹਾ। ਪਰ ਜਦ ਹੀ ਹੜਤਾਲ ਮੁਕੀ, ਤਦ ਉਸਨੇ ਇਲਾਜ ਕਰਨਾ ਛੱਡ ਦਿੱਤਾ ਅਤੇ ਉਸਨੂੰ ਐਸੀ ਮਾਰ ਨਹੀਂ ਪਈ ਸੀ, ਜਿਸ ਨਾਲ ਕਿ ਓਹ ਵਧੇਰੇ ਚਿਰ ਜਿੰਦਾ ਰਹਿ ਸਕਦੇ। ਆਖਰ ਉਨ੍ਹਾਂ ਦੀ ਹਾਲਤ ਵਿਗੜ ਗਈ ਅਤੇ ਪਿਛਲੇ ਮਹੀਨੇ ਉਨ੍ਹਾਂ ਨੂੰ ਬਾਹਰਲੇ ਹਸਪਤਾਲ ਵਿੱਚ ਜਿਥੇ ਕਿ ਸਖ਼ਤ ਬੀਮਾਰਾਂ ਨੂੰ ਘੱਲਿਆ ਜਾਂਦਾ ਹੈ, ਘਲ ਦਿੱਤਾ। ਅਤੇ ਓਹ ਛੇਕੜ ਦਮ ਤਾਈਂ ਆਪਣੇ ਕੌਮੀ ਸਿਰੜ ਅਤੇ ਅਣਖ ਨੂੰ ਕੈਮ ਰਖ ਕੇ ਏਸ ਫ਼ਾਨੀ ਦੁਨੀਆਂ ਤੋਂ ਉਦਾਸ ਹੋ ਕੇ 1918 ਦੇ ਅਖੀਰ ਵਿੱਚ ਕੌਮੀ

ਸ਼ਹੀਦਾਂ ਵਿੱਚ ਦਾਖਲ ਹੋ ਗਏ। ਧੰਨ ਜਨਨੀ ਜਿਨ ਜਾਇਆ।

ਪਾਠਕਾਂ ਨੂੰ ਇਹ ਧੋਖਾ ਨਾ ਰਹੇ, ਕਿ ਸੁਪ੍ਰੰਟੰਡੰਟ ਤੇ ਜੇਲਰ ਹੀ ਜ਼ੁਲਮ ਕਰਦੇ ਸਨ, ਤੇ ਜੇ ਵੱਡੇ ਚੀਫ਼ ਕਮਿਸ਼ਨਰਾਂ ਆਦਿ ਅਫਸਰਾਂ ਨੂੰ ਪਤਾ ਹੁੰਦਾ, ਤਾਂ ਐਸਾ ਨਾ ਹੋ ਸਕਦਾ। ਸੁਣੋ ! ਜਦੋਂ ਅਸਾਂ ਹੜਤਾਲ ਕਰ ਦਿੱਤੀ, ਤਾਂ ਇਕ ਮਹੀਨੇ ਪਿਛੋਂ ਚੀਫ਼ ਕਮਿਸ਼ਨਰ ਜੇਲ੍ਹ ਵਿੱਚ ਆ ਗਿਆ, ਜਿਸ ਦਾ ਨਾਮ ਮਿ: ਡਿਗਲਸ ਸੀ। ਉਸਨੇ ਭਾ: ਸੋਹਨ ਸਿੰਘ ਜੀ ਤੋਂ ਪੁੱਛਿਆ ਕਿ ਤੁਸਾਂ ਰੋਟੀ ਕਿਉਂ ਛੱਡੀ ਹੈ? ਤਾਂ ਉਨ੍ਹਾਂ ਉੱਤਰ ਦਿੱਤਾ, ਕਿ ਜੇਲ੍ਹ ਵਾਲਿਆਂ ਦੇ ਜ਼ੁਲਮਾਂ ਤੋਂ ਤੰਗ ਆ ਕੇ। ਤਾਂ ਚੀਫ਼ ਕਮਿਸ਼ਨਰ ਨੇ ਪੁੱਛਿਆ, ਕਿ ਜੇਲ੍ਹ ਵਾਲੇ ਤੁਹਾਡੇ ਉੱਤੇ ਕੀ ਜ਼ੁਲਮ ਕਰਦੇ ਹਨ ਉਨ੍ਹਾਂ ਨੇ ਕਿਹਾ ਕਿ ਏਸ ਤੋਂ ਹੋਰ ਕਿਹੜਾ ਜ਼ੁਲਮ ਹੋ ਸਕਦਾ ਹੈ ਕਿ ਜੇਲਰ ਨੇ ਪਹਿਲਾਂ ਤਾਂ ਭਾਨ ਸਿੰਘ ਦੀ ਬਿਨਾਂ ਕਿਸੇ ਕਸੂਰ ਦੇ ਪੇਸ਼ੀ ਕੀਤੀ, ਫੇਰ ਸੁਪ੍ਰੰਟੰਡੰਟ ਨੇ ਬਿਨ੍ਹਾਂ ਸੋਚੇ ਸਮਝੇ ਉਸਨੂੰ ਕਰੜੀ ਸਜ਼ਾ ਦੇ ਦਿੱਤੀ। ਫੇਰ ਜੇਲਰ ਇਕ ਵੇਰ ਇਸ ਨੂੰ ਮਰਵੌਣ ਲੱਗਾ ਤਾਂ ਦੂਜੇ ਆਦਮੀਆਂ ਨੂੰ ਖਬਰ ਹੋ ਜਾਣ ਕਰਕੇ ਇਹ ਵਾਰ ਖਾਲੀ ਗਿਆ, ਤੇ ਉਲਟੀ ਉਨ੍ਹਾਂ ਤਿੰਨਾਂ ਆਦਮੀਆਂ ਨੂੰ ਸਜ਼ਾ ਦਿੱਤੀ ਗਈ। ਜਿਨ੍ਹਾਂ ਜੇਲਰ ਨੂੰ ਐਸਾ ਕਰਨ ਤੋਂ ਮਨ੍ਹਾ ਕੀਤਾ ਸੀ। ਪਰ ਉਸ ਤੋਂ ਪਿਛੋਂ ਵੀ ਜੇਲਰ ਬਾਜ ਨਾ ਆਇਆ। ਅਤੇ ਆਖਰ ਵਿੱਚ ਭਾਨ ਸਿੰਘ ਨੂੰ ਮਰਵਾ ਕੇ ਹੀ ਆਪਣਾ ਦਿਲ ਠੰਡਾ ਕੀਤਾ। ਜਦ ਅਸਾਂ ਸੁਪ੍ਰੰਟੰਡੰਟ ਨੂੰ ਉਨ੍ਹਾਂ ਤੇ ਮੁਕੱਦਮਾ ਕਰਨ ਲਈ ਕਿਹਾ, ਤਾ ਬਜਾਏ ਮਰਨ ਵਾਲਿਆਂ 'ਤੇ ਮੁਕੱਦਮਾ ਕਰਨ ਦੇ ਸਾਨੂੰ ਸਾਰਿਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ। ਏਸੇ ਕਰਕੇ ਹੀ ਏਸ ਜ਼ੁਲਮ ਨੂੰ ਨਾ ਸਹਾਰਨ ਤੇ ਰੋਟੀ ਛੱਡੀ ਹੈ। ਤੁਹਾਡੇ ਪਾਸ ਵੀ ਅਪੀਲ ਕਰਦਾ ਹਾਂ ਕਿ ਮਾਰਨ ਵਾਲਿਆਂ 'ਤੇ ਮੁਕੱਦਮਾ ਚਲਾਇਆ ਜਾਵੇ ਜਿਨ੍ਹਾਂ ਨੇ ਜੇਲ੍ਹ ਦੇ ਕਾਨੂੰਨ ਦੀ ਹਤਕ ਕੀਤੀ ਹੈ। ਚੀਫ਼ ਕਮਿਸ਼ਨਰ ਨੇ ਕਿਹਾ, ਕਿ ਏਸ ਵਿੱਚ ਕਸੂਰ ਤੁਹਾਡੇ ਭਰਾ ਦਾ ਹੀ ਸੀ, ਜੋ ਹਥਕੜੀ ਨਹੀਂ ਲਵਾਂਦਾ ਸੀ। ਜੇ ਹੋਰ ਭੀ ਏਸੇ ਤਰ੍ਹਾਂ ਕਰੋਗੇ, ਤਾਂ ਅਸੀਂ ਸਖਤ ਸਜ਼ਾਵਾਂ ਦਿਆਂਗੇ। ਦੂਸਰੇ ਇਨਸਾਫ ਦੇ ਹੋਰ ਸਬੂਤ ਸੁਣੋ।

ਅਵਲ ਤਾਂ ਅੰਡੇਮਾਨ ਤੋਂ ਕਿਸੇ ਐਸੀ ਖਬਰ ਦਾ ਹਿੰਦੁਸਤਾਨ ਵਿੱਚ ਪੁੱਜਣਾ ਹੀ ਕਠਿਨ ਹੈ। ਜੇ ਕਿਸੇ ਤਰ੍ਹਾਂ ਪੁਜ ਵੀ ਜਾਵੇ, ਤਾਂ ਅਗੇ ਨੋਟਸ ਲੈਣ ਵਾਲੀ ਗੋਰਮਿੰਟ ਵੀ ਹਿੰਦੁਸਤਾਨੀਆਂ ਨੂੰ ਗੁਲਾਮ ਰਖਣ ਦੀ ਚਾਹਵਾਨ ਹੈ ਅਤੇ ਏਸੇ ਕਰਕੇ ਹੀ ਅੰਗਰੇਜ਼ ਅਫ਼ਸਰ ਆਪਣੀ ਆਪਣੀ ਥਾਂ ਮਨਭਾਉਂਦੀ ਹਕੂਮਤ ਕਰਦੇ ਹਨ। ਕਾਨੂੰਨ ਕੇਵਲ ਲੋਕਾਂ ਦਾ ਦਿਖਾਵਾ ਤੇ ਜ਼ੁਲਮ ਦੀ ਆੜ ਹੈ। 1918 ਵਿੱਚ

ਮਾਡਰਨ ਰੀਵਊ ਵਿੱਚ ਕਿਸੇ ਦੇਸ਼ ਭਗਤ ਦੀ ਕੋਸ਼ਸ਼ ਨਾਲ ਏਥੋਂ ਦੇ ਜ਼ੁਲਮ ਪ੍ਰਕਾਸ਼ਤ ਹੋਏ ਸਨ, ਜਿਸ ਵਿੱਚ ਭਾਨ ਸਿੰਘ ਦੇ ਕਤਲ ਦਾ ਪੂਰਾ ਹਾਲ ਸੀ। ਇਸਦਾ ਜਵਾਬ ਅੰਡੇਮਾਨ ਦਾ ਚੀਫ਼ ਕਮਿਸ਼ਨਰ ਇਉਂ ਦਿੰਦਾ ਹੈ :

"ਭਾਨ ਸਿੰਘ ਨੂੰ ਕਿਸੇ ਨਹੀਂ ਮਾਰਿਆ। ਓਹ ਆਪਣੀ ਮੌਤ ਮਰਿਆ ਹੈ। ਪਰ ਉਸ ਦਾ ਮਰਨਾ ਚੰਗਾ ਹੋ ਗਿਆ ਕਿਉਂਕਿ ਉਹ ਫ਼ਸਾਦੀ ਆਦਮੀ ਸੀ। ਅਤੇ ਨਾ ਹੀ ਰਾਮ ਰਖਾ ਖਾਣਾ ਛਡਣ ਕਰਕੇ ਮਰਿਆ ਹੈ ਉਹ ਵੀ ਆਪਣੀ ਮੌਤ ਹੀ ਮਰਿਆ ਹੈ। ਆਦਿ। ਅਤੇ ਨਾ ਹੀ ਰਾਜਸੀ ਕੈਦੀਆਂ ਨੂੰ ਕੋਈ ਦੁਖ ਦਿੰਦਾ ਹੈ। ਸਗੋਂ ਇਹ ਅਫ਼ਸਰਾਂ ਨੂੰ ਤਕਲੀਫ਼ ਦੇਣ ਲਈ ਰੋਟੀ ਪਾਣੀ ਆਦਿ ਛੱਡ ਦਿੰਦੇ ਹਨ। ਬਸ ਫੇਰ ਕੀ ਲਿਖਣ ਵਾਲੇ ਇਨਸਾਫ ਪਸੰਦ ਅੰਗਰੇਜ਼ ਅਫਸਰ ਅਤੇ ਸੁਨਣ ਵਾਲੀ ਅੰਗਰੇਜ਼ੀ ਗੌਰਮਿੰਟ ਪੁੱਛੇ ਤਾਂ ਕੌਣ ਪੁੱਛੇ। ਫ਼ਰਿਆਦ ਕਰਦੇ ਤਾਂ ਕਿਸ ਕੋਲ। ਏਥੇ ਤਾਂ ਅਨ੍ਹੀ ਨਗਰੀ ਬੇਦਾਦ (ਜ਼ਾਲਮ) ਰਾਜਾ ਵਾਲੀ ਗੱਲ ਹੈ। ਅੱਠ ਦੇਸ਼ ਭਗਤਾਂ ਨੇ ਜਿਨ੍ਹਾਂ ਅੰਡੇਮਾਨ ਵਿੱਚ ਸ਼ਹਾਦਤ ਪਾਈ ਹੈ, ਉਨ੍ਹਾਂ ਦੇ ਕਤਲ ਦੇ ਜ਼ਿੰਮੇਵਾਰ ਜੇਲ੍ਹ ਵਾਲੇ ਤੇ ਅੰਡੇਮਾਨ ਅਫਸਰ ਹਨ। ਬੁਢਾ ਸਿੰਘ ਜੋ ਰੰਗੂਨ ਕੇਸ ਬਰਮਾ ਤੋਂ ਸਜ਼ਾ ਪਾ ਕੇ ਅੰਡੇਮਾਨ ਆਇਆ ਸੀ ਓਹ ਵਿਚਾਰਾ ਕੂਕ-ਕੂਕ ਕੇ ਮਰ ਗਿਆ ਕਿ ਮੈਨੂੰ ਜੇਲ੍ਹ ਦੀ ਕਚੀ ਰੋਟੀ ਨਹੀਂ ਪਚਦੀ। ਅਤੇ ਮੇਰਾ ਪੇਟ ਖ਼ਰਾਬ ਹੋ ਗਿਆ ਹੈ ਅਤੇ ਨਾ ਹੀ ਕਿਸੇ ਨੇ ਭੰਡਾਰੇ ਦਾ ਬੰਦੋਬਸਤ ਕੀਤਾ, ਤੇ ਨਾ ਹੀ ਉਸਦੀ ਦਵਾਈ ਦਾ ਆਖਰ ਓਹ ਏਸੇ ਹਾਲਤ ਵਿੱਚ ਮਰ ਗਿਆ। ਭਾਈ ਨੰਦ ਸਿੰਘ ਜਿਸਨੂੰ ਤਪਦਿਕ ਦੀ ਬੀਮਾਰੀ ਜਾਹਰਾ ਨਜ਼ਰ ਆਉਂਦੀ ਸੀ। ਉਸਨੂੰ ਛੇ ਮਹੀਨੇ ਤਕ ਰੋਜ਼ ਕੁਨੈਨ ਤੋਂ ਛੁਟ ਹੋਰ ਕੋਈ ਦਵਾਈ ਤਬਦੀਲ ਹੀ ਨਹੀਂ ਕੀਤੀ ਗਈ। ਅਤੇ ਉਹ ਸਖਤ ਤਕਲੀਫ਼ ਨਾਲ ਬਿਨਾਂ ਕਿਸੇ ਮੁਲਾਹਜੇ ਦੇ ਸਦਾ ਲਈ ਸਾਥੋਂ ਵਿਛੁੜ ਗਿਆ। ਅਤੇ ਐਸੇ ਹੀ ਭਾ: ਕੇਹਰ ਸਿੰਘ ਮਰਹਾਨਾ ਅਤੇ ਕਈ ਦੇਸ਼ ਭਗਤ ਮਰੇ ਤੇ ਬੈਰੀ ਦੇ ਹਥੋਂ ਕਤਲ ਹੋ ਕੇ ਸ਼ਹਾਦਤ ਪਾ ਗਏ। ਲਾਲ ਸਿੰਘ ਨੂੰ ਬੈਰੀ ਨੇ ਆਪ ਛੇੜ ਖਾਨੀ ਕਰਕੇ ਜੰਗਲੇ ਵਿੱਚ ਬੰਦ ਕਰਵਾਇਆ ਅਤੇ ਟਾਟ ਵਰਦੀ ਦੁਵਾਈ। ਮਗਰ ਲਾਲ ਸਿੰਘ ਦੀ ਵੀ ਜਲਦੀ ਰਿਹਾਈ ਆ ਗਈ। ਅਤੇ ਬੇਰੀ ਨੂੰ ਵੀ ਬੀਮਾਰ ਹੋ ਕੇ ਇਥੋਂ ਛੇਤੀ ਜਾਣਾ ਪਿਆ। ਏਸ ਤਰ੍ਹਾਂ ਇਹ ਜੰਗ ਮੁੱਕ ਗਿਆ।"

ਪਿਛੇ ਪਾਠਕ ਮਾਸਟਰ ਚਤਰ ਸਿੰਘ ਜੀ ਦੀ ਰਾਮ ਕਹਾਣੀ ਪੜ੍ਹ ਚੁੱਕੇ ਹਨ। ਚਤਰ ਸਿੰਘ ਜੀ ਨੂੰ ਜੰਗਲੇ ਵਿੱਚ ਪਿਆਂ ਤਿੰਨਾਂ ਸਾਲਾਂ ਤੋਂ ਉੱਤੇ ਹੋ ਗਏ। ਮਾਸ ਤਾਂ ਸੁੱਕ ਚੁੱਕਾ ਸੀ ਹੱਡੀਆਂ ਹੀ ਰਹਿ ਗਈਆਂ, ਪਰ ਦਿਲ ਅੱਗੇ ਨਾਲੋਂ ਵੀ

ਪੱਕਾ ਤੇ ਦਲੇਰ ਸੀ। ਅੱਖਾਂ ਤੇ ਜ਼ਬਾਨ ਤੋਂ ਬਹਾਦਰੀ ਟਪਕਦੀ ਸੀ ਮਾਸਟਰ ਚਤਰ ਸਿੰਘ ਜੀ ਦੁਸ਼ਮਨ ਅੱਗੇ ਤਾਂ ਕੀ ਮਿੱਤਰ ਅੱਗੇ ਵੀ ਆਪਣੇ ਦੁੱਖ ਨਹੀਂ ਦਸਦੇ ਸਨ। ਪੁਛੋਂ ਤਾਂ ਆਖਦੇ ਸਨ ਕਿ ਤਕੜਾ ਹਾਂ ਕੋਈ ਫਿਕਰ ਨਾ ਕਰੋ ਪਰ ਇਕ ਦੂਜੇ ਤੋਂ ਜਾਨ ਵਾਰਨ ਵਾਲੇ ਦੇਸ਼ ਭਗਤ ਕਦ ਸਹਾਰ ਸਕਦੇ ਸਨ ਕਿ ਉਹਨਾਂ ਦਾ ਬਹਾਦੁਰ ਭਰਾ ਉਹਨਾਂ ਪਾਸੋਂ ਸਦਾ ਹੀ ਵਿਛੜਿਆ ਰਹੇ। ਆਖਰ 30 ਮਈ, 1919 ਨੂੰ ਭਾਈ ਸੋਹਣ ਸਿੰਘ, ਭਾਈ ਅਮਰ ਸਿੰਘ, ਭਾਈ ਬਿਸ਼ਨ ਸਿੰਘ ਜੀ ਇਸ ਮੈਦਾਨ ਵਿੱਚ ਕੁਦ ਪਏ ਤੇ ਮਾਸਟਰ ਹੁਰਾਂ ਬਾਬਤ ਜਦੋ-ਜਿਹਦ ਆਰੰਭ ਦਿੱਤੀ। ਕਈ ਮਹੀਨੇ ਇਹੋ ਕੰਮ ਜਾਰੀ ਰਿਹਾ। ਏਸ ਸਮੇਂ ਵਿੱਚ ਬੇਰੀ ਵੀ ਹਾਰ ਚੁੱਕਾ ਸੀ। ਅਖਬਾਰਾਂ ਵਿੱਚ ਐਜੀਟੇਸ਼ਨ ਹੋਣ ਕਰਕੇ ਮਰੇ ਵੀ ਦਬ ਚੁੱਕਾ ਸੀ। ਬੇਰੀ ਤਾਂ ਏਥੋਂ ਤੱਕ ਸਿੱਧਾ ਹੋ ਚੁੱਕਾ ਸੀ ਕਿ ਹੁਣ ਹੱਥ ਜੋੜਨ ਲੱਗ ਪਿਆ ਸੀ ਕਿ ਬਾਬਾ ਮੈਂ ਹਾਰਿਆ, ਤੁਸੀਂ ਜਿੱਤੇ, ਅਗੋਂ ਲਈ ਮੈਂ ਕੋਈ ਛੇੜੀਖਾਨੀ ਨਾ ਕਰਾਂਗਾ। ਹੁਣ ਤਾਂ ਮਰੇ ਵੀ ਬੇਰੀ ਨੂੰ ਕਹਿਣ ਲੱਗਾ ਕਿ ਕੋਈ ਛੇੜਖਾਨੀ ਨਾ ਕੀਤਾ ਕਰੋ। ਜੇ ਬੇਰੀ ਕਿਸੇ ਨੂੰ ਪੇਸ਼ ਵੀ ਕਰਦਾ ਤਾਂ ਮਰੇ ਛੱਡ ਦਿੱਤਾ ਸੀ ਕਿਉਂਕਿ ਵੱਡੀ ਭਾਰੀ ਵਜਾਹ ਇਹ ਸੀ ਕਿ ਦੇਸ਼ ਭਗਤਾਂ ਦੇ ਹੌਂਸਲੇ ਤੇ ਦਲੇਰਾਨਾ ਟਾਕਰੇ ਨੂੰ ਵੇਖ ਕੇ ਆਮ ਕੈਦੀ ਵੀ ਭੜਕਣ ਲਗ ਪਏ ਸਨ। ਆਮ ਕੈਦੀ ਵੀ ਸੁਪ੍ਰੰਟੰਡੰਟ ਨੂੰ ਮਾਰਨ ਤੇ ਬੇਰੀ ਤੇ ਹੱਥ ਸਾਫ਼ ਕਰਨ ਨੂੰ ਤਿਆਰ ਹੋ ਗਏ। ਇਕ ਗੁਲੂ ਨਾਮੀ ਕੈਦੀ ਨੇ ਮਰੇ ਨੂੰ ਥਲੇ ਸੁਟ ਕੇ ਖੂਬ ਗਿਦੜ ਕੁਟ ਕੀਤੀ। ਇਕ ਅਬਾਸ ਨਾਮੀ ਕੈਦੀ ਨੇ ਬੇਰੀ ਦੇ ਢਿਡ ਵਿੱਚ ਲੱਤ ਮਾਰੀ। ਏਸ ਤਰ੍ਹਾਂ ਆਮ ਕੈਦੀ ਉਹਨਾਂ ਅਫਸਰਾਂ ਦੀ ਬੇਇੱਜ਼ਤੀ ਕਰਨ ਲੱਗ ਪਏ। ਅਫ਼ਸਰਾਂ ਨੂੰ ਇਹ ਪਤਾ ਸੀ ਕਿ ਆਮ ਕੈਦੀਆਂ ਵਿੱਚ ਦਲੇਰੀ ਰਾਜਸੀ ਕੈਦੀਆਂ ਨੇ ਹੀ ਭਰ ਦਿੱਤੀ ਹੈ। ਦੂਜੇ ਬੇਰੀ ਨੂੰ ਇਕ ਐਸੀ ਬੀਮਾਰੀ ਹੋ ਗਈ ਸੀ ਕਿ ਉਸ ਨੂੰ ਅੰਡੇਮਾਨ ਤੋਂ ਨੌਕਰੀ ਛਡਣ ਪਿਛੋਂ ਛੇਤੀ ਹੀ ਨਰਕ ਦਾ ਰਾਹ ਲੈਣਾ ਪਿਆ।

ਭਾਵ ਇਹ ਕਿ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਨੇ ਜ਼ਾਲਮ ਅਫ਼ਸਰਾਂ ਦੇ ਦਿਲਾਂ ਤੇ ਵੀ ਹੌਲੀ-ਹੌਲੀ ਫਤਿਹ ਪਾ ਲਈ ਅਤੇ ਉਹ ਆਪਣੇ ਪਾਪਾਂ ਤੋਂ ਆਪ ਹੀ ਕੰਬਣ ਲੱਗ ਪਏ। ਕੁਝ ਮਹੀਨੇ ਦੀ ਐਜੀਟੇਸ਼ਨ ਪਿਛੋਂ ਮਰੇ ਨੇ ਮਾਸਟਰ ਚਤਰ ਸਿੰਘ ਜੀ ਦੀ ਬੇੜੀ ਉਤਾਰ ਦਿੱਤੀ ਪਰ ਡਰਦਿਆਂ ਉਸ ਨੂੰ ਜੰਗਲੇ ਵਿਚੋਂ ਨਾ ਕਢਿਆ ਗਿਆ। ਸੱਚ ਹੈ ਕਿ ਕਮਜ਼ੋਰ ਸ਼ੇਰ ਤੋਂ ਵੀ ਡੰਗਰ ਡਰਦੇ ਕੰਬਦੇ ਹਨ। ਦੂਜੀ ਪਾਲਸੀ ਮਰੇ ਦੀ ਇਹ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਮਾਸਟਰ ਚਤਰ ਸਿੰਘ

ਜੀ ਨੂੰ ਕੋਈ ਬੀਮਾਰੀ ਆ ਜਾਵੇ ਤਾਂ ਮੈਂ ਉਸ ਨੂੰ ਕਤਲ ਕਰਨ ਵਿੱਚ ਕਾਮਯਾਬ ਹੋ ਜਾਵਾਂ ਪਰ ਖੁਦਾ ਰਾਖੇ ਤਾਂ ਮਾਰੇ ਕੌਣ? ਛੇਕੜ 1919 ਵਿੱਚ ਬੇਰੀ ਵੀ ਮੁਲਕ ਨੂੰ ਜਾਂਦਾ ਰਾਹ ਵਿੱਚ ਹੀ ਮਰ ਗਿਆ ਤੇ ਮਰੇ ਵੀ ਬਦਲ ਗਿਆ। ਹੁਣ ਸੁਪ੍ਰੰਟੰਡੰਟ ਬਾਰਕਰ ਹੈੱਡ ਤੇ ਬੇਰੀ ਦੀ ਥਾਂ ਜੇਲ੍ਹਰ ਮਿਲਹਰ ਆ ਗਿਆ। ਏਨੇ ਨੂੰ ਕਈ ਦੇਸ਼ ਭਗਤਾਂ ਦੀ ਰਿਹਾਈ ਵੀ ਆ ਗਈ। ਭਾਈ ਬਿਸ਼ਨ ਸਿੰਘ ਜੀ ਓਸੇ ਤਰ੍ਹਾਂ ਹੀ ਇਨਕਾਰੀ ਦੀ ਹਾਲਤ ਵਿੱਚ ਹੀ ਰਿਹਾਅ ਹੋ ਕੇ ਚਲੇ ਗਏ। ਇਹ ਬੜਾ ਹੀ ਨੇਕ ਤੇ ਹਠੀ ਮਨੁੱਖ ਸੀ। ਬਾਰਕਰ ਨੂੰ ਆਏ ਕਈ ਮਹੀਨੇ ਲੰਘ ਗਏ ਪਰ ਉਸ ਨੇ ਵੀ ਚਤਰ ਸਿੰਘ ਨੂੰ ਪਿੰਜਰੇ ਵਿਚੋਂ ਨਾ ਕਢਿਆ-ਕਿਉਂਕਿ ਅਜੇ ਮਰੇ ਮੈਡੀਕਲ ਅਫਸਰ ਹੋ ਕੇ ਅੰਡੇਮਾਨ ਵਿੱਚ ਹੀ ਸੀ ਅਤੇ ਇਹ ਸਾਰੀ ਮਰੇ ਦੀ ਹੀ ਸ਼ਰਾਰਤ ਸੀ।

ਜਦੋਂ ਮਾਸਟਰ ਚਤਰ ਸਿੰਘ ਨੂੰ ਜੰਗਲੇ ਵਿੱਚ ਪਿਆਂ ਚਾਰ ਸਾਲਾਂ ਤੋਂ ਵਧੀਕ ਹੋ ਗਏ ਤਾਂ ਉਹਨਾਂ ਦੀ ਹਾਲਤ ਬੜੀ ਭੈੜੀ ਹੋ ਗਈ ਤਾਂ ਭਾਈ ਸੋਹਣ ਸਿੰਘ ਜੀ ਨੇ ਇਕ ਦਿਨ ਪਰੇਡ ਵਿੱਚ ਸੁਪ੍ਰੰਟੰਡੰਟ ਨੂੰ ਕਿਹਾ ਕਿ ਚਤਰ ਸਿੰਘ ਨੂੰ ਪਿੰਜਰਿਉਂ ਕਢ ਦਿਉ ਪਰ ਓਸ ਨੇ ਅੰਗਰੇਜ਼ਾਂ ਵਾਲਾ ਹੀ ਜਵਾਬ ਦਿੱਤਾ ਕਿ ਤੂੰ ਆਪਣੇ ਲਈ ਆਖ, ਦੂਜੇ ਨਾਲ ਤੈਨੂੰ ਕੀ ਵਾਸਤਾ? ਇਸ ਤੇ ਭਾਈ ਸੋਹਨ ਸਿੰਘ ਜੀ ਨੇ 21 ਜੁਲਾਈ 1921 ਨੂੰ ਖਾਣਾ ਪੀਣਾ ਛਡ ਦਿੱਤਾ। ਜਦ ਫੇਰ ਪਰੇਡ ਤੇ ਸੁਪ੍ਰੰਟੰਡੰਟ ਆਇਆ ਤਾ ਪੁੱਛਿਆ ਕਿ ਰੋਟੀ ਕਿਉਂ ਛਡੀ ਹੈ? ਉਹਨਾਂ ਨੇ ਕਿਹਾ ਕਿ ਮਾਸਟਰ ਹੁਰਾਂ ਨੂੰ ਬਾਹਰ ਕਢੋ ਨਹੀਂ ਤਾਂ ਮੈਂ ਉਨ੍ਹਾਂ ਨਾਲ ਹੀ ਮਰਨ ਨੂੰ ਤਿਆਰ ਹਾਂ, ਕਿਉਂਕਿ ਮੈਂ ਉਹਨਾਂ ਦੀ ਭੈੜੀ ਹਾਲਤ ਨੂੰ ਬਰਦਾਸ਼ਤ ਨਹੀਂ ਕਰ ਸਕਦਾ। ਬਾਰਕਰ ਨੇ ਕਿਹਾ ਕਿ ਉਸਨੇ ਐਸੀ ਸਜ਼ਾ ਵਾਲਾ ਕੰਮ ਕੀਤਾ ਹੈ, ਤਦ ਹੀ ਉਸਨੂੰ ਇਹ ਸਜ਼ਾ ਦਿੱਤੀ ਗਈ ਹੈ। ਭਾ: ਸੋਹਣ ਸਿੰਘ ਨੇ ਕਿਹਾ ਕਿ ਸਜ਼ਾ ਦੀ ਵੀ ਕੋਈ ਹਦ ਹੁੰਦੀ ਹੈ। ਹਦ ਤੋਂ ਵਧੀ ਹੋਈ ਸਜ਼ਾ ਨੂੰ ਮੈਂ ਜ਼ੁਲਮ ਮੰਨਦਾ ਹਾਂ। ਬਸ ਸੋਹਣ ਸਿੰਘ ਜੀ ਦੇ ਮੂੰਹੋਂ ਜ਼ੁਲਮ ਦਾ ਨਾਉਂ ਸੁਣਦਿਆਂ ਹੀ ਸਾਹਿਬ ਗਰਮ ਹੋ ਗਿਆ ਤੇ ਆਖ ਕੇ ਚਲਿਆ ਗਿਆ ਕਿ ਚੰਗਾ ਤੂੰ ਵੀ ਰੋ! ਜਦੋਂ ਭੁਖ ਹੜਤਾਲ ਨੂੰ 13 ਦਿਨ ਲੰਘ ਗਏ, ਤਾਂ ਸੁਪ੍ਰੰਟੰਡੰਟ ਨੇ ਹਿੰਦੁਸਤਾਨੀ ਡਾਕਟਰ ਨੂੰ ਘਲਿਆ ਕਿ ਦੇਖ ਉਸ ਦੀ ਕੀ ਹਾਲਤ ਹੈ। ਡਾਕਟਰ ਨੇ ਭਾ: ਸੋਹਨ ਸਿੰਘ ਜੀ ਨੂੰ ਆ ਕੇ ਕਿਹਾ ਕਿ ਮੈਂ ਤੁਹਾਨੂੰ ਆਪਣੇ ਤੌਰ ਤੇ ਪ੍ਰਾਈਵੇਟ ਦੁੱਧ ਘਲਦਾ ਹਾਂ, ਪੀ ਲੈਣਾ ਨਹੀਂ ਤਾਂ ਮਰ ਜਾਉਗੇ। ਭਾਈ ਸਾਹਿਬ ਉਸਦੀ ਚਾਲਾਕੀ ਚੰਗੀ ਤਰ੍ਹਾਂ ਸਮਝਦੇ ਸਨ। ਹਸ ਕੇ ਆਖਣ ਲੱਗੇ ਕਿ ਮੈਂ ਮਰਨ ਦੀ ਪਰਵਾਹ ਨਹੀਂ ਸਮਝਦਾ, ਪਰ ਬੇਈਮਾਨ

ਵੀ ਨਹੀਂ ਹੋ ਸਕਦਾ। ਤੇ ਨਾ ਹੀ ਮੈਂ ਆਪਣੇ ਲਈ ਕਿਸੇ ਹੋਰ ਭਾਈ ਨੂੰ ਖਤਰੇ ਵਿੱਚ ਪਾਣਾ ਚਾਹੁੰਦਾ ਹਾਂ। ਕਿਉਂਕਿ ਤੂੰ ਗੌਰਮਿੰਟ ਦਾ ਨੌਕਰ ਹੈ। ਇਹ ਸੁਣ ਕੇ ਡਾਕਟਰ ਚਲਿਆ ਗਿਆ। ਪਤਾ ਨਹੀਂ ਉਸਨੇ ਬਾਹਰ ਜਾ ਕੇ ਕੀ ਕੀਤਾ। ਬਾਰਕਰ ਨੇ ਭਾਈ ਸਾਹਿਬ ਨੂੰ ਛੇਤੀ ਹੀ ਹਸਪਤਾਲ ਲੈ ਜਾਣ ਦਾ ਹੁਕਮ ਦੇ ਦਿੱਤਾ। ਜਦ ਭਾਈ ਜੀ ਨੂੰ ਹਸਪਤਾਲ ਖੜਿਆ ਗਿਆ ਤਾਂ ਬਾਰਕਰ ਬੜਾ ਹੀ ਘਬਰਾਇਆ ਹੋਇਆ ਭਾਈ ਸਾਹਿਬ ਪਾਸ ਆਇਆ। ਬੜੀਆਂ ਮਿੱਠੀਆਂ ਮਿੱਠੀਆਂ ਗਲਾਂ ਕਰਕੇ ਆਖਣ ਲੱਗਾ ਕਿ ਮੈਂ ਭਾਈ ਚਤਰ ਸਿੰਘ ਨੂੰ ਛੇਤੀ ਹੀ ਪਿੰਜਰੇ 'ਚੋਂ ਕਢ ਦੇਵਾਂਗਾ। ਘਬਰਾਹਟ ਦਾ ਵਧੇਰੇ ਕਾਰਨ ਇਹ ਸੀ ਕਿ ਉਹ ਜੇਲ੍ਹ ਕਾਨੂੰਨ ਅਨੁਸਾਰ 94 ਘੰਟੇ ਤੋਂ ਵਧੀਕ ਕਿਸੇ ਨੂੰ ਭੁਖਿਆਂ ਨਹੀਂ ਰਖ ਸਕਦਾ ਸੀ। ਚਹੁੰ ਦਿਨਾਂ ਤਕ ਖਾਣਾ ਨਾ ਖਾਣ ਵਾਲੇ ਨੂੰ ਨਕ ਥਾਣੀ ਦੁੱਧ ਦੇਣ ਦਾ ਹੁਕਮ ਹੈ। ਏਸੇ ਤੇਰਾਂ ਦਿਨ ਐਵੇਂ ਹੀ ਲੰਘ ਗਏ, ਤੇ ਇਹ ਸੁਪ੍ਰੰਟੰਡੰਟ ਦੀ ਬੜੀ ਭਾਰੀ ਗਲਤੀ ਸੀ। ਦੂਜੇ ਅੱਜ ਕਲ੍ਹ ਤਾਂ ਪਬਲਕ ਦੀ ਐਜੀਟੇਸ਼ਨ ਦਾ ਵੀ ਡਰ ਸੀ। 2 ਅਗਸਤ ਤੋਂ ਭਾਈ ਸਾਹਿਬ ਨੂੰ ਨਕ ਥਾਣੀ ਦੁਧ ਪਿਆਣ ਲੱਗ ਪਏ। ਹੁਣ ਭਾਈ ਸੋਹਣ ਸਿੰਘ ਜੀ ਦਾ ਰੋਟੀ ਛਡ ਕੇ ਪਿਆ ਰਹਿਣਾ ਤੇ ਦੂਜੇ ਦੇਸ਼ ਭਗਤਾਂ ਦਾ ਕੁਝ ਨਾ ਕਰਨਾ ਇਹ ਕਦੋਂ ਸਹਾਰਿਆ ਜਾ ਸਕਦਾ ਸੀ? ਦੂਜੇ ਦੇਸ਼ ਭਗਤਾਂ ਨੇ ਬੰਦੋਬਸਤ ਕੀਤਾ, ਭਾ: ਕੇਸਰ ਸਿੰਘ, ਭਾ: ਜਵਾਲਾ ਸਿੰਘ, ਭਾ: ਹਰਨਾਮ ਸਿੰਘ, ਤ੍ਰਲੋਕੀ ਬਾਬੂ ਤੇ ਨਰਾਇਨ ਬਾਬੂ ਇਹਨਾਂ ਸਾਰਿਆਂ ਨੇ ਮਿਲ ਕੇ ਹਿੰਦੁਸਤਾਨੀ ਅਖਬਾਰਾਂ ਨੂੰ ਏਥੋਂ ਸਾਰੇ ਹਾਲ ਤੇ ਭਾ: ਸੋਹਣ ਸਿੰਘ ਜੀ ਦੀ ਭੁੱਖ ਹੜਤਾਲ ਭਾਈ ਚਤਰ ਸਿੰਘ ਜੀ ਦੀ ਹਾਲਤ ਆਦਿ ਲਿਖ ਕੇ ਘਲਣ ਦਾ ਬੰਦੋਬਸਤ ਕੀਤਾ। ਪਰ ਜਦ ਉਹਨਾਂ ਲੇਖ ਇਕ ਪੁਸਤਕ ਦੀ ਜਿਲਦ ਵਿੱਚ ਰਖ ਕੇ ਜਹਾਜ਼ ਵਿੱਚ ਘਲਣ ਦਾ ਇੰਤਜ਼ਾਮ ਕੀਤਾ ਤੇ ਪੁਸਤਕ ਨੂੰ ਜੇਲ੍ਹੋਂ ਬਾਹਰ ਵੀ ਕਢ ਦਿੱਤਾ, ਪਰ ਕਿਸੇ ਤਰ੍ਹਾਂ ਪਤਾ ਲੱਗ ਗਿਆ। ਉਸ ਵੇਲੇ ਅਫਸਰਾਂ ਨੇ ਬੰਦਰਗਾਹ ਤੋਂ ਤਲਾਸ਼ੀ ਲੈ ਕੇ ਇਕ ਸਿੱਖ ਵਾਰਡਰ ਪਾਸੋਂ ਉਹ ਪੁਸਤਕ ਫੜ ਲਈ। ਬਸ ਫੇਰ ਤਾਂ ਬਾਰਕਰ ਤੇ ਅੰਡੇਮਾਨ ਟੋਲੀ ਹੋਰ ਵੀ ਸੜ ਗਈ। ਕੇਸਰ ਸਿੰਘ, ਜਵਾਲਾ ਸਿੰਘ, ਹਰਨਾਮ ਸਿੰਘ, ਤ੍ਰਲੋਕੀ ਨੂੰ ਤਾਂ ਘੱਟ ਸਜ਼ਾ ਹੋਈ। ਪਰ ਉਸ ਲੇਖ ਦੇ ਲਿਖਾਰੀ ਨਰਾਇਨ ਬਾਬੂ ਨੂੰ 6 ਮਹੀਨੇ ਕੋਠੀ ਬੰਦ ਦੀ ਸਜ਼ਾ ਮਿਲੀ। ਫੇਰ ਤਾਂ ਬਾਰਕਰ ਸੜਿਆ ਹੋਇਆ, ਭਾ: ਸੋਹਣ ਸਿੰਘ ਨੂੰ ਆਖਣ ਲੱਗਾ ਕਿ ਜੇ ਭਾਈ ਚਤਰ ਸਿੰਘ ਜੰਗਲੇ ਵਿੱਚ ਹੀ ਮਰੇਗਾ, ਤਾਂ ਮੇਰੀ ਲੋਥ ਉਸ ਤੋਂ ਪਹਿਲਾਂ ਹੀ ਕੋਠੀਓਂ ਬਾਹਰ ਨਿਕਲੇਗੀ।

ਜਦ ਦੋ ਮਹੀਨੇ ਲੰਘੇ ਤਾਂ ਦੇਸ਼ ਭਗਤ ਵੀ ਇਨਕਾਰ ਲਈ ਤਿਆਰ ਹੋ ਗਏ। ਇਹ ਖਬਰ ਜੇਲ੍ਹ ਵਾਲਿਆਂ ਨੂੰ ਮਿਲੀ, ਤਾਂ ਉਹਨਾਂ ਚੀਫ਼ ਕਮਿਸ਼ਨਰ ਨੂੰ ਜੇਲ੍ਹ ਦੀ ਹਾਲਤ ਲਿਖੀ। ਜਿਸ ਤੇ 28 ਨਵੰਬਰ 1920 ਨੂੰ ਭਾਈ ਚਤਰ ਸਿੰਘ ਨੂੰ ਪਿੰਜਰੇ ਤੋਂ ਬਾਹਰ ਕੱਢ ਦਿੱਤਾ ਗਿਆ। ਅੱਜ ਮਾਸਟਰ ਚਤਰ ਸਿੰਘ ਜੀ ਚਾਰ ਸਾਲ ਤੋਂ ਪਿਛੋਂ ਹੇਠਾਂ ਕਮਰੇ ਵਿੱਚ ਆਏ। ਭਾਈ ਸੋਹਣ ਸਿੰਘ ਜੀ ਨੇ ਵੀ ਪ੍ਰਸੰਨ ਹੋ ਕੇ ਰੋਟੀ ਖਾਧੀ।

ਪਾਠਕਾਂ ਨੂੰ ਚੇਤੇ ਹੋਵੇਗਾ ਕਿ ਭਾਈ ਅਮਰ ਸਿੰਘ, ਭਾਈ ਬਿਸ਼ਨ ਸਿੰਘ, ਭਾਈ ਚਤਰ ਸਿੰਘ ਬਾਰੇ ਭਾਈ ਸੋਹਣ ਸਿੰਘ ਨਾਲ ਇਨਕਾਰੀ ਹੋ ਕੇ ਕੋਠੀ ਵਿੱਚ ਬੈਠੇ ਹੋਏ ਸਨ। ਭਾਈ ਅਮਰ ਸਿੰਘ ਜੀ ਤੇ ਭਜਨ ਸਿੰਘ ਐਨੇ ਮਸਤ ਹੋ ਗਏ ਕਿ ਮਾਸਟਰ ਚਤਰ ਸਿੰਘ ਜੀ ਦੇ ਬਾਹਰ ਆ ਜਾਣ ਤੇ ਵੀ ਓਹ ਬਾਹਰ ਨਹੀਂ ਔਣਾ ਚਾਹੁੰਦੇ ਸਨ। 24 ਘੰਟੇ ਭਜਨ ਬੰਦਗੀ ਵਿੱਚ ਹੀ ਰੁਝੇ ਰਹਿੰਦੇ, ਸਾਡੇ ਕਹਿਣ ਸੁਣਨ ਤੇ ਵੀ ਆਪ ਨੇ ਆਪਣਾ ਆਨੰਦ ਨਾ ਛਡਿਆ। ਜਦ ਸਾਰਿਆਂ ਵੱਲੋਂ ਪ੍ਰਾਰਥਨਾ ਕੀਤੀ ਗਈ ਤਾਂ ਆਪ ਨੇ ਕਿਹਾ ਕਿ ਨਾ ਹੀ ਮੈਂ ਕਿਸੇ ਦਾ ਕੈਦੀ ਹਾਂ, ਤੇ ਨਾ ਹੀ ਕਿਸੇ ਦਾ ਕੰਮ ਕਰਾਂਗਾ ਅਤੇ ਨਾ ਹੀ ਪ੍ਰੇਡ ਵਿੱਚ ਖੜਾ ਹੋਵਾਂਗਾ। ਕਿਉਂਕਿ ਸਮੇਂ ਦੀ ਹਵਾ ਵੀ ਬਦਲ ਚੁੱਕੀ ਸੀ ਤੇ ਜੇਲਰ ਵੀ ਨਰਮ ਤਬੀਅਤ ਦਾ ਆਇਰਸ਼ ਸੀ। ਸੁਪ੍ਰੰਟੰਡੰਟ ਵੀ ਬਦਲ ਚੁੱਕਾ ਸੀ। ਨਵਾਂ ਸੁਪ੍ਰੰਟੰਡੰਟ ਆਇਆ ਸੀ, ਦੂਜੇ ਜੇਲਰ ਅੰਡੇਮਾਨ ਅਤੇ ਸਲੋਲਰ ਜੇਲ੍ਹ ਦਾ ਪੁਰਾਣਾ ਤਜਰਬਾਕਾਰ ਸੀ। ਜੋ ਪਹਿਲਾਂ ਕਈ ਵਰ੍ਹੇ ਓਵਰਸੀਅਰ ਰਹਿ ਚੁੱਕਾ ਸੀ। ਦੇਸ਼ ਭਗ਼ਤਾਂ ਦੇ ਕੰਮ ਤੇ ਕੁਰਬਾਨੀ ਤੋਂ ਚੰਗੀ ਤਰ੍ਹਾਂ ਵਾਕਫ ਸੀ ਕਿ ਇਹ ਜੋ ਕੁਝ ਕਹਿਣਗੇ ਕਰਕੇ ਵਖਾ ਦੇਣਗੇ। ਇਸ ਕਰਕੇ ਉਸ ਨੇ ਸੁਪ੍ਰੰਟੰਡੰਟ ਨੂੰ ਵੀ ਸਮਝਾਇਆ। ਸੁਪ੍ਰੰਟੰਡੰਟ ਨੇ ਮਹਾਤਮਾ ਅਮਰ ਸਿੰਘ ਜੀ ਦੀਆਂ ਸਾਰੀਆਂ ਸ਼ਰਤਾਂ ਮੰਨ ਲਈਆਂ ਅਤੇ ਭਾਈ ਸਾਹਿਬ ਨੂੰ ਕਹਿ ਦਿੱਤਾ ਕਿ ਜਿਧਰ ਤੁਹਾਡੀ ਮਰਜ਼ੀ ਹੈ ਜੇਲ੍ਹ ਵਿੱਚ ਚਕਰ ਲਾਓ। ਹੁਣ ਭਾਈ ਜੀ ਬਿਲਕੁਲ ਆਜ਼ਾਦ ਸਨ। ਭਜਨ ਵਿੱਚ ਤਾਂ ਵੈਸੇ ਹੀ ਰਹੇ, ਪਰ ਹੁਣ ਆਪਣੀ ਮਰਜ਼ੀ ਨਾਲ ਹੇਠਾਂ ਉਤਾਂਹ ਜਾਂਦੇ ਅਤੇ ਸਾਰਿਆਂ ਨਾਲ ਗੱਲਾਂ ਬਾਤਾਂ ਕਰਦੇ। ਧੰਨ ਸਿਦਕ।

ਮੈਂ ਭਾਈ ਅਮਰ ਸਿੰਘ ਜੀ ਦੇ ਸਬਬ ਕਰਕੇ ਬਹੁਤ ਅੱਗੇ ਨਿਕਲ ਆਇਆ ਹੁਣ ਫੇਰ ਪਿਛਲੀ ਗੱਲ ਵਲ ਆਓ। ਭਾਵੇਂ ਬੇਰੀ ਮਰ ਚੁੱਕਾ ਸੀ ਤੇ ਮਰੇ ਬਦਲ ਚੁੱਕਾ ਸੀ ਤੇ ਜੇਲਰ ਵੀ ਹਿੰਦੁਸਤਾਨ ਤੋਂ ਨਾ ਤਜਰਬਾਕਾਰ ਨੌਜਵਾਨ ਆਇਆ ਸੀ

ਪਰ ਬੇਰੀ ਦੇ ਗੁਲਾਮ ਹਿੰਦੁਸਤਾਨੀ ਹਾਲਾਂ ਜਿਉਂਦੇ ਸਨ। ਜਦ ਨਵਾਂ ਜੇਲ੍ਹਰ ਆਇਆ ਤਾਂ ਇਹਨਾਂ ਨੇ ਇਸ ਨੂੰ ਵੀ ਭੜਕੌਣਾ ਆਰੰਭ ਦਿੱਤਾ। 1920 ਦੇ ਮੁੱਢ ਵਿੱਚ ਪੰਜਾਬੀਆਂ ਦੀ ਮਾਰਸ਼ਲ ਲਾਅ ਦੀ ਪਾਰਟੀ ਵੀ ਇਥੇ ਆ ਗਈ। ਇਕ ਦਿਨ ਜਦ ਕਿ ਖਾਣਾ ਵੰਡਿਆ ਜਾ ਰਿਹਾ ਸੀ, ਗੋਰੇ ਸਿਪਾਹੀ ਨੇ ਗਾਲ ਕੱਢ ਕੇ ਹਿੰਦੁਸਤਾਨੀ ਕੌਮ ਦੀ ਸ਼ਾਨ ਵਿੱਚ ਹਤਕ ਭਰੇ ਕੁਝ ਸ਼ਬਦ ਵਰਤੇ। ਪਾਸ ਬੈਠੇ ਹੋਏ ਇਕ ਗੁਜਰਾਤੀ ਨਾਮੀ ਗੱਭਰੂ ਨੇ ਗੋਰੇ ਨੂੰ ਰੋਕਿਆ ਤਾਂ ਗੋਰਾ ਉਸ ਨੂੰ ਮਾਰਨ ਡਹਿ ਪਿਆ। ਅਗੋਂ ਉਹ ਗੱਭਰੂ ਵੀ ਤਿਆਰ ਹੋ ਗਿਆ। ਕਾਲਾ ਸਿੰਘ ਤੇ ਹੋਰ ਪੁਰਾਣੇ ਆਦਮੀ ਵੀ ਆ ਗਏ। ਹੁਣ ਗੋਰੇ ਵੀ ਦੂੰਮ ਦਬਾਣ (ਡਰਨਾ) ਲੱਗੇ। ਹੋਰ ਤਾਂ ਉਹਨਾਂ ਦੀ ਪੇਸ਼ ਨਾ ਗਈ, ਪਰ ਗੁਜਰਾਤੀ ਨੂੰ ਜੇਲਰ ਦੇ ਪੇਸ਼ ਕਰਨ ਲਈ ਲੈ ਗਏ, ਤੇ ਜੇਲਰ ਦੇ ਸਾਹਮਣੇ ਜਾ ਕੇ ਗੁਜਰਾਤੀ ਨੂੰ ਮਾਰਿਆ। ਜਿਸ ਕਰਕੇ ਸਾਰੇ ਦੇਸ਼ ਭਗਤਾਂ ਵਿੱਚ ਫੇਰ ਜੋਸ਼ ਆ ਗਿਆ। ਸਾਰਿਆਂ ਨੇ ਖਾਣਾ ਲੈਣੋਂ ਨਾਂਹ ਕਰ ਦਿੱਤੀ ਜੇਲ੍ਹਰ ਆਇਆ ਤੇ ਖਾਣਾ ਖਾਣ ਲਈ ਕਹਿਣ ਲੱਗਾ। ਭਾ: ਕੇਸਰ ਸਿੰਘ ਆਦਿ ਨੇ ਜਵਾਬ ਦਿੱਤਾ ਕਿ ਜਦ ਤਾਈਂ ਉਹ ਗੋਰੇ ਨਾ ਬਦਲੇ ਜਾਣਗੇ, ਅਸੀਂ ਚੁੱਪ ਨਹੀਂ ਬੈਠਾਂਗੇ, ਤੇ ਬਦਲਾ ਜ਼ਰੂਰ ਲਵਾਂਗੇ। ਏਸ ਤਰ੍ਹਾਂ ਜੇਲ੍ਹ ਵਾਲਿਆਂ ਨੂੰ ਗੋਰੇ ਬਦਲਣੇ ਪਏ। ਗੁਜਰਾਤੀ ਨੂੰ 6 ਮਹੀਨੇ ਕੋਠੀ ਬੰਦ ਦੀ ਸਜ਼ਾ ਮਿਲ ਗਈ, ਪਰ ਓਸਨੂੰ ਥੋੜ੍ਹੇ ਦਿਨਾਂ ਪਿਛੋਂ ਹੀ ਹਿੰਦੁਸਤਾਨ ਘਲ ਦਿੱਤਾ ਗਿਆ। ਮਾਰਸ਼ਲ ਲਾ ਦੇ ਆਏ ਹੋਏ ਪੰਜਾਬੀ ਦੇਸ਼ ਭਗਤਾਂ ਨੂੰ ਵੀ ਜੇਲ੍ਹ ਵਾਲਿਆਂ ਨੇ ਕੋਹਲੂ ਗੇੜਨ ਲਈ ਦਿੱਤਾ। ਪਰ ਪੁਰਾਣੇ ਆਦਮੀਆਂ ਨੇ ਇਨ੍ਹਾਂ ਨੂੰ ਐਸਾ ਕਰਨ ਤੋਂ ਰੋਕ ਦਿੱਤਾ। ਏਸ ਕਰਕੇ ਉਹ ਸਾਰੇ ਹੀ ਕੋਹਲੂ ਗੇੜਨ ਤੋਂ ਇਨਕਾਰੀ ਹੋ ਗਏ। ਜਿਸ ਕਰਕੇ ਸੁਪ੍ਰੰਟੰਡੰਟ ਨੇ ਉਨ੍ਹਾਂ ਨੂੰ ਸਜ਼ਾਵਾਂ ਦਿੱਤੀਆਂ, ਪਰ ਉਹਨਾਂ ਨੇ ਕੋਹਲੂ ਨਾ ਹੀ ਗੇੜਿਆ। ਪਿਛੋਂ ਗੁਜਰਾਤ ਪਾਰਟੀ ਦੇ ਮਾਰਸ਼ਲ ਲਾਅ ਦੇ ਦੇਸ਼ ਭਗਤ ਆਏ। ਖੁਸ਼ਾਮਦੀਆਂ ਨੇ ਜੇਲ੍ਹਰ ਨੂੰ ਸਮਝਾਇਆ ਕਿ ਇਸ ਤਰ੍ਹਾਂ ਕੰਮ ਨਹੀਂ ਚਲੇਗਾ। ਜਦ ਤਕ ਬੇਰੀ ਵਾਂਗ ਮਾਰ ਕੁਟ ਨਾ ਹੋਵੇਗੀ, ਇਹ ਕੰਮ ਨਹੀਂ ਕਰਨਗੇ। ਜਦ ਗੁਜਰਾਤ ਪਾਰਟੀ ਨੇ ਵੀ ਕੋਹਲੂ ਗੇੜਨ ਤੋਂ ਇਨਕਾਰ ਕਰ ਦਿੱਤਾ ਤਾਂ ਜੇਲਰ ਨੇ ਉਨ੍ਹਾਂ ਨੂੰ ਕੋਹਲੂ ਨਾਲ ਬੰਨ ਕੇ ਘਸੀਟਣਾ ਤੇ ਮਰਵਾਉਣਾ ਆਰੰਭ ਦਿੱਤਾ। ਜਿਸ ਕਰਕੇ ਨਵੇਂ ਪੁਰਾਣੇ ਸਾਰਿਆਂ ਦੇਸ਼ ਭਗਤਾਂ ਵਿੱਚ ਜੋਸ਼ ਆ ਗਿਆ। ਭਾਈ ਰੂੜ ਸਿੰਘ, ਨਿਧਾਨ ਸਿੰਘ, ਭਾਈ ਜਵਾਲਾ ਸਿੰਘ, ਭਾਈ ਚੂਹੜ ਸਿੰਘ ਤੇ ਤਰਲੋਕੀ ਬਾਬੂ ਆਦਿ ਸਾਰੇ ਦੇਸ਼ ਭਗਤਾਂ ਨੇ ਕੰਮ ਕਰਨਾ ਛੱਡ ਦਿੱਤਾ। ਬਾਰਕਰ ਸੁਪਰਡੈਂਟ ਦਿਲ ਦਾ ਕਮਜ਼ੋਰ ਤੇ

ਕਾਲਾ ਆਦਮੀ ਸੀ। ਮਰੇ ਹੈ ਤਾਂ ਜ਼ਾਲਮ ਸੀ, ਪਰ ਜੋ ਕੁਝ ਕਰਦਾ ਸੀ ਪ੍ਰਗਟ ਤੌਰ ਤੇ ਕਰਦਾ ਸੀ ਅਤੇ ਇਹ ਸਾਰੇ ਕੰਮ ਸਾਡੇ ਵਿਰੁੱਧ ਗੁਪਤ ਹੀ ਕੀਤਾ ਕਰਦਾ ਸੀ। ਇਕ ਦਿਨ ਪ੍ਰੇਡ ਤਾਂ ਬਾਰਕਰ ਨੇ ਲਾਈਨ ਤੇ ਜੰਗਲਿਆਂ ਦੇ ਅੰਦਰ ਲਾਈ, ਤੇ ਆਪ ਬਾਹਰ ਬਾਹਰ ਫਿਰ ਕੇ ਪ੍ਰੇਡ ਵੇਖਣ ਲੱਗਾ। ਬਾਰਕਰ ਅਸਾਡੇ ਲਾਗੇ ਨਹੀਂ ਆਉਂਦਾ ਸੀ। ਜਦ ਜੰਗਲੇ ਤੋਂ ਬਾਹਰ ਬਾਹਰ ਵੇਖਦਾ ਹੋਇਆ ਬਾਬੂ ਤਰਲੋਕੀ ਪਾਸ ਪੁੱਜਾ, ਤਾਂ ਉਸ ਨੇ ਕਿਹਾ ਕਿ ਬਾਰਕਰ ਇਧਰ ਆਓ। ਕਿਥੇ ਜਾਂਦਾ ਹੈ? ਯਾਦ ਰੱਖ ਕਿ ਤੂੰ ਹੁਣ ਹਿੰਦੁਸਤਾਨੀਆਂ ਨੂੰ ਨਹੀਂ ਮਰਵਾ ਸਕਦਾ। ਐਸੇ ਹੀ ਸਖਤ ਸ਼ਬਦਾਂ ਵਿੱਚ ਭਾਈ ਰੂੜ ਸਿੰਘ ਤੇ ਹੋਰ ਦੇਸ਼ ਭਗਤਾਂ ਨੇ ਤਾੜਨਾ ਕੀਤੀ ਕਿ ਚੇਤੇ ਰਖ ਅਸੀਂ ਹੁਣ ਆਪਣੇ ਦੇਸ਼ ਭਗਤਾਂ ਦੀ ਬੇਇਜ਼ਤੀ ਦਾ ਬਦਲਾ ਲਏ ਬਿਨ੍ਹਾਂ ਤੈਨੂੰ ਨਹੀਂ ਛੱਡਾਂਗੇ। ਇਸ ਤੋਂ ਪਿੱਛੋਂ ਕੋਹਲੂ ਤੋਂ ਇਨਕਾਰੀ ਹੋਏ ਆਦਮੀਆਂ ਨੂੰ ਥੋੜ੍ਹੀ-ਥੋੜ੍ਹੀ ਸਜ਼ਾ ਦੇ ਕੇ ਛੱਡ ਦਿੱਤਾ, ਤੇ ਮੁੜ ਕੋਹਲੂ ਦਾ ਨਾਓਂ ਹੀ ਨਾ ਲਿਆ। ਜਦ 1915 ਦਸੰਬਰ ਤੋਂ ਲਾਹੌਰ ਸਾਜ਼ਿਸ਼ ਕੇਸ ਦੇ ਦੇਸ਼ ਭਗਤ ਇਥੇ ਆਏ, ਉਸ ਦਿਨ ਤੋਂ ਬਾਅਦ ਫੇਰ ਕਦੇ ਕਿਸੇ ਰਾਜਸੀ ਕੈਦੀ ਨੇ ਕੋਹਲੂ ਨਹੀਂ ਗੇੜਿਆ। ਹਾਂ, ਉਨ੍ਹਾਂ ਚੰਦ ਆਦਮੀਆਂ ਲਈ ਨਹੀਂ ਕਿਹਾ ਜਾ ਸਕਦਾ, ਜੋ ਕਿ ਨਾਮ ਦੇ ਹੀ ਦੇਸ਼ ਭਗਤ ਸਨ।

1921 ਦੇ ਆਰੰਭ ਇਹ ਜੇਲਰ ਵੀ ਬਦਲ ਗਿਆ। ਉਸ ਦੀ ਥਾਂ ਮਿ. ਡਗਨ ਇਕ ਪੁਰਾਣਾ ਓਵਰਸੀਅਰ ਤਜਰਬਾਕਾਰ ਆਦਮੀ ਆਇਆ। ਹੁਣ ਬਾਰਕਰ ਦੀ ਵੀ ਬਦਲ ਕੇ ਜਾਣ ਦੀ ਤਿਆਰੀ ਸੀ। ਉਸ ਨੇ ਸੋਚਿਆ ਕਿ ਮਰੇ ਨੇ ਤਾਂ ਕੈਦੀਆਂ ਦਾ ਰਾਸ਼ਨ ਕੱਟ ਕੇ ਕੌਮ ਦੀ ਬੜੀ ਖ਼ਿਦਮਤ ਕੀਤੀ ਹੈ, ਕਿਤੇ ਮੈਂ ਉਸ ਤੋਂ ਪਿੱਛੇ ਹੀ ਨਾ ਰਹਿ ਜਾਵਾਂ ਏਸ ਨੂੰ ਹੋਰ ਕਿਧਰਿਉਂ ਤਾਂ ਰਾਸ਼ਨ ਘੱਟ ਕਰਨ ਦੀ ਗੁੰਜਾਇਸ਼ ਨਾ ਮਿਲੀ, ਕਿਉਂਕਿ ਅਗੇ ਮਰੇ ਹੀ ਬਹੁਤ ਘੱਟ ਰਾਸ਼ਨ ਕਰ ਗਿਆ ਸੀ। ਪਰ ਉਸ ਨੇ ਜਾਂਦਿਆਂ-ਜਾਂਦਿਆਂ ਤੇਲ ਪੌਣੇ ਔਂਸ ਦੀ ਥਾਂ ਅੱਧ ਔਂਸ ਕਰ ਦਿੰਤਾ। ਪਰ ਦੇਸ਼ ਭਗਤਾਂ ਫੌਰਨ ਫੜ ਲਿਆ। ਭਾਈ ਗੁਰਮੁਖ ਸਿੰਘ, ਭਾਈ ਹਰਨਾਮ ਸਿੰਘ, ਭਾਈ ਰੂੜ ਸਿੰਘ, ਭਾਈ ਚੂਹੜ ਸਿੰਘ, ਭਾਈ ਨਿਧਾਨ ਸਿੰਘ ਨੇ ਫੌਰਨ ਕੰਮ ਕਰਨਾ ਛੱਡ ਦਿੱਤਾ। ਦੂਜੇ ਦੇਸ਼ ਭਗਤ ਹਾਲਾਂ ਕੰਮ ਛੱਡਣ ਲਈ ਤਿਆਰ ਹੀ ਸਨ, ਕਿ ਬਾਰਕਰ ਨੇ ਗਲਤੀ ਮੰਨ ਲਈ ਤੇ ਚੀਫ ਕਮਿਸ਼ਨਰ ਨੂੰ ਲਿਖ ਦਿੱਤਾ ਕਿ ਪਹਿਲਾਂ ਜੋ ਮੈਂ ਤੇਲ ਘੱਟ ਕਰਨ ਦੀ ਰਿਪੋਰਟ ਕੀਤੀ ਸੀ, ਉਹ ਮੇਰੀ ਗ਼ਲਤੀ ਸੀ। ਫਿਰ ਤੇਲ ਪੌਣਾ ਔਂਸ ਹੀ ਮਿਲਣ ਲੱਗ ਪਿਆ। ਇਸ ਤਰ੍ਹਾਂ

ਦੇਸ਼ ਭਗਤਾਂ ਦੀ ਹਿੰਮਤ ਨਾਲ ।। ਸੌ ਕੈਦੀਆਂ ਦਾ ਪੇਟ ਕੱਟਣੋਂ ਰਹਿ ਗਿਆ।

ਹੁਣ ਗੋਰਮੈਂਟ ਨੇ ਅੰਡੇਮਾਨ ਜੇਲ੍ਹ ਵੇਖਣ ਲਈ ਇਕ ਕਮੇਟੀ ਨੀਯਤ ਕੀਤੀ ਅੰਡੇਮਾਨ ਜੇਲ੍ਹ ਨੂੰ ਤੋੜ ਦਿੱਤਾ ਜਾਵੇ ਜਾਂ ਨਾ? ਕਮੇਟੀ ਦੀ ਰਪੋਰਟ ਮੁਜਬ ਗੌਰਮਿੰਟ ਨੂੰ ਅੰਡੇਮਾਨ ਜੇਲ੍ਹ ਤੋੜ ਦੇਣੀ ਪਈ। ਪਰ ਗੌਰਮਿੰਟ ਇਥੋਂ ਕੈਦੀਆਂ ਨੂੰ ਵਾਪਸ ਘੱਲ ਕੇ ਪਰਸੰਨ ਨਹੀਂ ਹੈ, ਕਿਉਂਕਿ ਸਰਕਾਰ ਨੂੰ ਇਥੋਂ ਕੈਦੀ ਵਾਪਸ ਘੱਲ ਕੇ ਉਥੇ ਮਜ਼ਦੂਰ ਰੱਖ ਕੇ ਕੰਮ ਕਰਵਾਉਣਾ ਪੈਂਦਾ ਹੈ। ਜਿਨ੍ਹਾਂ ਨੂੰ ਤਨਖਾਹਾਂ ਦੇਣੀਆਂ ਪੈਂਦੀਆਂ ਹਨ। ਇਹ ਅੰਗਰੇਜ਼ੀ ਗੌਰਮਿੰਟ ਦੇ ਇਨਸਾਫ ਦਾ ਨਮੂਨਾ ਹੈ ਕਿ ਹਜ਼ਾਰਾਂ ਗ਼ਰੀਬ ਕੈਦੀਆਂ ਨੂੰ ਕੁਝ ਰੁਪਇਆਂ ਦੀ ਬਚਤ ਲਈ ਇਥੇ ਰੱਖ ਕੇ ਮਾਰਨਾ ਚਾਹੁੰਦੀ ਹੈ। ਦੂਜੇ ਪਾਸੇ ਚੀਫ ਕਮਿਸ਼ਨਰ ਤੇ ਨਿਕੇ ਦਰਜੇ ਦੇ ਯੂਰਪੀਨ ਅਫਸਰ ਏਸ ਗੱਲ 'ਤੇ ਜ਼ੋਰ ਦੇ ਰਹੇ ਹਨ ਕਿ ਇਥੋਂ ਕੈਦੀ ਹੌਲੀ ਹੌਲੀ ਘਲੇ ਜਾਣ। ਜੇ ਅੰਡੇਮਾਨ ਇਕੋ ਵੇਰ ਖਾਲੀ ਕਰ ਦਿੱਤਾ, ਤਾਂ ਅਸੀਂ ਬਾਲ ਬੱਚਾ ਲੈ ਕੇ ਕਿਧਰ ਜਾਵਾਂਗੇ? ਸਾਡਾ ਸਖਤ ਨੁਕਸਾਨ ਹੋਵੇਗਾ, ਕਿਉਂਕਿ ਅੱਜਕਲ੍ਹ ਹਿੰਦੁਸਤਾਨ ਵਿੱਚ ਵੀ ਹਿੰਦੁਸਤਾਨੀ ਜਾਗ ਰਹੇ ਹਨ ਅਤੇ ਓਹ ਵੀ ਯੂਰਪੀਨਾਂ ਨੂੰ ਆਪਣੀ ਥਾਂ ਭਰਤੀ ਕਰਾ ਕੇ ਹੱਕਾਂ ਵਿੱਚ ਵੰਡਾਈ ਨਹੀਂ ਕਰਨਾ ਚਾਹੁੰਦੇ। ਏਸ ਕਰਕੇ ਅੰਡੇਮਾਨ ਦੇ ਚੀਫ ਕਮਿਸ਼ਨਰ ਨੇ 1921 ਦੇ ਮੁੱਢ ਵਿੱਚ ਇਕ ਨੋਟਿਸ ਕੱਢਿਆ ਸੀ ਕਿ ਇਹ ਅੰਡੇਮਾਨ ਇਕ ਵੇਰ ਹੀ ਖਾਲੀ ਨਹੀਂ ਕੀਤਾ ਜਾਵੇਗਾ। ਹੌਲੀ ਹੌਲੀ ਏਥੋਂ ਕੈਦੀ ਘਲੇ ਜਾਣਗੇ। ਇਸ ਕਰਕੇ ਚੰਗਾ ਹੋਵੇ ਕਿ ਜਿਹਨਾਂ ਨੂੰ 6-6 ਜਾਂ 7-7 ਸਾਲ ਹੋ ਚੁੱਕੇ ਹਨ, ਉਹ ਟਿਕਟ ਲੈ ਕੇ ਏਥੇ ਹੀ ਵਸ ਜਾਣ, ਕਿਉਂਕਿ ਉਹਨਾਂ ਨੂੰ ਹਿੰਦੁਸਤਾਨ ਦੀਆਂ ਜੇਲ੍ਹਾਂ ਵਿੱਚ ਜਾ ਕੇ ਦੁਖ ਹੋਵੇਗਾ। ਇਸ ਤਰ੍ਹਾਂ ਦੇ ਸਬਜ਼ ਬਾਗ ਹੋਰ ਵੀ ਕਈ ਏਸ ਨੋਟਸ ਵਿੱਚ ਦਸੇ ਗਏ ਕਿ ਟਿਕਟ ਲੈਣ ਵਾਲੇ ਨੂੰ ਗੌਰਮਿੰਟ ਇਕ ਵਰ੍ਹੇ ਦਾ ਖਰਚਾ ਦੇਵੇਗੀ, ਜ਼ਮੀਨ ਵੀ ਉਹਨਾਂ ਦੀ ਹੀ ਮਾਲਕੀ ਸਮਝੀ ਜਾਵੇਗੀ ਆਦਿ।

ਅਸਲ ਵਿੱਚ ਇਹ ਜਜੀਰਾਂ ਵਧਾਉਣ ਦੀ ਗੌਰਮਿੰਟ ਦੀ ਮਨਸ਼ਾ ਹੈ, ਤਾਂਕਿ ਗੌਰਮਿੰਟ ਨੂੰ ਹਾਨੀ ਨਾ ਸਹਾਰਨੀ ਪੈ ਜਾਵੇ। ਹੌਲੀ-ਹੌਲੀ ਵਾਲਾ ਸ਼ਬਦ ਹੀ ਬੇਈਮਾਨੀ ਪ੍ਰਗਟ ਕਰਦਾ ਹੈ। ਕਿਉਂਕਿ ਇਸ ਦੀ ਤਾਂ ਕੋਈ ਮਿਆਦ ਹੀ ਨਹੀਂ ਹੁੰਦੀ। ਪੰਜਾਹ ਵਰ੍ਹੇ ਵੀ ਲੱਗ ਸਕਦੇ ਹਨ। ਦੂਜੇ ਪਾਸੇ ਅੰਡੇਮਾਨੀ ਅਫਸਰ ਇਹ ਬੇਈਮਾਨੀ ਕਰ ਰਹੇ ਹਨ ਕਿ ਇਕ ਬਾਰਿਆਂ (ਇਕ ਵਾਰੀ ਜੇਲ੍ਹ ਜਾਣ ਵਾਲਾ) ਨੂੰ ਬਦੋਬਦੀ ਦੁਬਾਰੇ ਬਣਾਇਆ ਜਾ ਰਿਹਾ ਹੈ ਤਾਂ ਕਿ ਲੋਕਾਂ ਨੂੰ ਦੱਸਿਆ ਜਾਵੇ ਕਿ ਸਦਾ ਹੀ

ਚੋਰੀ ਕਰਨ ਵਾਲਿਆਂ ਨੂੰ ਦੇਸ਼ ਵਿੱਚ ਭੇਜਣ ਕਰਕੇ ਚੋਰੀ ਬਹੁਤ ਵੱਧ ਜਾਵੇਗੀ। ਲੋਕ ਬਥੇਰਾ ਚੀਕਦੇ ਰਹੇ ਕਿ ਅਸੀਂ ਅਪਣੇ ਮੁਲਕ ਦੀਆਂ ਜੇਲ੍ਹਾਂ ਵਿੱਚ ਹੀ ਜਾਵਾਂਗੇ ਪਰ ਉਨ੍ਹਾਂ ਕੋਈ ਨਾ ਸੁਣੀ। ਉਥੇ ਤਾਂ ਯੂਰਪੀਆਂ ਦੇ ਲਾਭ ਦਾ ਹੀ ਫਿਕਰ ਹੈ। ਕਿਉਂਕਿ ਜੇ ਹਿੰਦੁਸਤਾਨ ਕੈਦੀ ਚਲੇ ਜਾਣ ਤਾਂ ਜਿਹੜੇ ਇਕ ਇਕ ਯੂਰਪੀਨ ਦੀ ਗੱਡੀ ਨਾਲ 6-6 ਹਿੰਦੀ ਬੌਲਦਾਂ ਵਾਂਗ ਜੁਪੇ ਰਹਿੰਦੇ ਹਨ, ਓਹ ਕਿਥੋਂ ਆਵਣ?

ਜੂਨ 1921 ਦੇ ਅੱਧ ਵਿੱਚ ਅੰਡੇਮਾਨ ਵਿੱਚ ਹੋਮ ਸੈਕਟਰੀ ਘਲਿਆ, ਤਾਂ ਕਿ ਉਹ ਵੇਖੇ ਕਿ ਅੰਡੇਮਾਨ ਨੂੰ ਛੇਤੀ ਖਾਲੀ ਕੀਤਿਆਂ ਕਿੰਨਾ ਨੁਕਸਾਨ ਹੋਵੇਗਾ? ਲਗਭਗ ਵੀਹ ਪੰਝੀ ਦਿਨ ਅੰਡੇਮਾਨ ਵਿੱਚ ਰਹਿ ਕੇ ਉਸਨੇ ਵੇਖਿਆ। ਸਲੋਲਰ ਜੇਲ੍ਹ ਵਿੱਚ ਵੀ ਆਇਆ, ਪਰ ਜੇਲ੍ਹ ਦੇ ਬੁਰਜ 'ਚੋਂ ਹੀ ਫਿਰ ਕੇ ਚਲਿਆ ਗਿਆ। ਨਾ ਹੀ ਕਿਸੇ ਬਲਾਕ ਵਿੱਚ ਆਇਆ ਤੇ ਨਾ ਹੀ ਕਿਸੇ ਦੇਸ਼ ਭਗਤ ਨਾਲ ਮਿਲ ਕੇ ਏਥੋਂ ਦਾ ਹਾਲ ਪੁੱਛਿਆ। ਉਸਦੇ ਚਲੇ ਜਾਣ ਪਿਛੋਂ ਮਾਸਟਰ ਊਧਮ ਸਿੰਘ ਜੀ, ਹਿਰਦੇ ਰਾਮ, ਹਰਨਾਮ ਸਿੰਘ, ਰਾਜਾ ਰਾਮ ਤੇ ਦੂਜੇ ਦੇਸ਼ ਭਗਤਾਂ ਨੇ ਰੌਲਾ ਪਾ ਦਿੱਤਾ ਕਿ ਐਸਾ ਕਿਉਂ ਕੀਤਾ ਗਿਆ ਸੀ? ਉਹਨਾਂ ਨੇ ਕੰਮ ਛੱਡ ਦਿੱਤਾ। ਸੁਪ੍ਰੰਟੰਡੰਟ ਨੇ ਚੀਫ ਕਮਿਸ਼ਨਰ ਨੂੰ ਕਿਹਾ। ਚੀਫ ਕਮਿਸ਼ਨਰ ਨੂੰ ਹੋਮ ਸੈਕਟਰੀ ਵਾਸਤੇ ਇਕ ਮਸੌਦਾ ਲਿਖ ਕੇ ਪੇਸ਼ ਕਰਨ ਵਾਸਤੇ ਦੇਸ਼ ਭਗਤਾਂ ਨੂੰ ਠੰਡਾ ਕਰਨ ਲਈ ਆਗਿਆ ਦੇਣੀ ਪਈ। ਇਹਨਾਂ ਚਹੁੰਆਂ ਨੇ ਇਕ ਖਰੜਾ ਤਿਆਰ ਕੀਤਾ, ਜਿਸ ਵਿੱਚ ਅੰਡੇਮਾਨ ਅਫਸਰਾਂ ਦੀ ਬੇਈਮਾਨੀ ਤੇ ਅੰਗਰੇਜ਼ੀ ਸਰਕਾਰ ਦੇ ਫਰਜ਼ਾਂ ਨੂੰ ਚੰਗੀ ਤਰ੍ਹਾਂ ਦਸ ਕੇ ਸਾਰੇ ਦੇਸ਼ ਭਗਤਾਂ ਦੇ ਦਸਤਖਤ ਕਰਾ ਕੇ ਚੀਫ ਕਮਿਸ਼ਨਰ ਕੋਲ ਘਲ ਦਿੱਤਾ। ਭਾਵੇਂ ਏਸ ਦਾ ਕੋਈ ਅਸਰ ਹੋਇਆ ਹੋਵੇ, ਜਾਂ ਨਾ ਪਰ ਦੇਸ਼ ਭਗਤਾਂ ਨੇ ਮਨੁੱਖੀ ਹਮਦਰਦੀ ਨੂੰ ਸਾਹਮਣੇ ਰਖ ਕੇ ਆਪਣਾ ਫਰਜ਼ ਪੂਰਾ ਕਰ ਦਿੱਤਾ। ਹੁਣ ਮੈਂ ਏਸ ਲੇਖ ਨੂੰ ਬੰਦ ਕਰਦਾ ਹਾਂ। ਕਿਉਂਕਿ ਬੰਗਾਲ ਪਾਰਟੀ ਹਿੰਦੁਸਤਾਨ ਨੂੰ ਵਾਪਸ ਜਾ ਚੁੱਕੀ ਹੈ ਅਤੇ ਪੰਜਾਬੀ ਪਾਰਟੀ ਵੀ ਜਾਣ ਵਾਲੀ ਹੈ। ਇਸ ਵੇਲੇ ਪਬਲਿਕ ਵਿੱਚ ਪੁਲੀਟੀਕਲ ਕੈਦੀਆਂ ਲਈ ਬੜਾ ਐਜੀਟੇਸ਼ਨ ਹੈ। ਏਸ ਕਰਕੇ ਗੌਰਮਿੰਟ ਨੂੰ ਮਜਬੂਰਨ ਵਾਪਸ ਘਲਣੇ ਪੈਂਦੇ ਹਨ। ਨਹੀਂ ਤਾਂ ਗੌਰਮਿੰਟ ਏਸ ਗੱਲ ਤੇ ਰਾਜ਼ੀ ਨਹੀਂ ਹੈ। ਹੁਣ ਦੇਸ਼ ਭਗਤਾਂ ਦੀ ਕੁਰਬਾਨੀ ਤੇ ਗੌਰਮਿੰਟ ਦੇ ਇਨਸਾਫ ਅਤੇ ਅੰਗਰੇਜ਼ੀ ਤਹਿਜ਼ੀਬ ਤੇ ਇਖਲਾਕ ਦਾ ਫੈਸਲਾ ਮੈਂ ਆਪਣੇ ਪਾਠਕਾਂ ਪਰ ਹੀ ਛਡਦਾ ਹਾਂ।

5

ਗ਼ਦਰੀ ਕੈਦੀਆਂ ਦੀ ਭਾਰਤ ਨੂੰ ਵਾਪਸੀ

23 ਅਗਸਤ, 1921 ਨੂੰ ਮਹਾਰਾਜਾ ਜਹਾਜ਼ ਵਿੱਚ ਬੈਠਾ ਕੇ ਇਨ੍ਹਾਂ ਗ਼ਦਰੀਆਂ ਨੂੰ ਮਦਰਾਸ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਭੇਜਣ ਦਾ ਫੈਸਲਾ ਕੀਤਾ ਗਿਆ। 31 ਅਗਸਤ, 1921 ਨੂੰ ਇਹ ਕੈਦੀ ਮਦਰਾਸ ਦੀ ਸੈਂਟਰਲ ਜੇਲ੍ਹ ਬੰਦ ਕੀਤੇ ਗਏ, ਜਿਥੋਂ ਇਨ੍ਹਾਂ ਨੂੰ ਵੱਖ-ਵੱਖ ਜੇਲ੍ਹਾਂ ਵਿੱਚ ਭੇਜਣ ਦਾ ਫੈਸਲਾ ਕਰਨਾ ਸੀ।

ਪੰਜਾਬ ਸਰਕਾਰ ਨੇ ਇਨ੍ਹਾਂ ਗ਼ਦਰੀ ਕੈਦੀਆਂ ਨੂੰ ਖਤਰਨਾਕ ਸਮਝ ਕੇ ਪੰਜਾਬ ਵਿੱਚ ਲੈਣ ਤੋਂ ਇਨਕਾਰ ਕਰ ਦਿੱਤਾ। ਇਸ ਲਈ ਇਨ੍ਹਾਂ ਕੈਦੀਆਂ ਨੂੰ ਵੱਖ-ਵੱਖ ਜੇਲ੍ਹਾਂ ਵਿੱਚ ਭੇਜਣ ਦਾ ਨਿਰਣਾ ਲਿਆ ਗਿਆ। ਇਥੋਂ ਤੱਕ ਕਿ ਬਿਹਾਰ ਹਜ਼ਾਰੀ ਬਾਗ ਜੇਲ੍ਹ ਦੇ ਅਧਿਕਾਰੀਆਂ ਨੇ ਇਨ੍ਹਾਂ ਕੈਦੀਆਂ ਨੂੰ ਲੈਣ ਵੱਲੋਂ ਵੀ ਇਨਕਾਰ ਕਰ ਦਿੱਤਾ। ਇਹ ਗੱਲ ਦੱਸਣੀ ਉਚਿਤ ਹੋਵੇਗੀ ਕਿ ਹਜ਼ਾਰੀ ਬਾਗ ਜੇਲ੍ਹ ਵਿਚੋਂ ਵੀ ਕਈ ਗ਼ਦਰੀ ਕੈਦੀ ਇਨ੍ਹਾਂ ਦਿਨਾਂ ਵਿੱਚ ਹੀ ਫਰਾਰ ਹੋ ਗਏ ਸਨ। ਬਾਬਾ ਜਵਾਲਾ ਸਿੰਘ ਠੱਠੀਆ, ਬਾਬਾ ਚੂਹੜ ਸਿੰਘ ਲੀਲ, ਵਸਾਵਾ ਸਿੰਘ ਅਤੇ ਸੋਹਣ ਸਿੰਘ ਭਕਨਾ ਨੂੰ ਕੋਇੰਬਟੂਰ ਜੇਲ੍ਹ ਭੇਜਿਆ ਗਿਆ। ਕੇਸਰ ਸਿੰਘ ਠੱਠਗੜ, ਗੁਰਮੁਖ ਸਿੰਘ ਲਲਤੋਂ, ਪਰਮਾਨੰਦ ਝਾਸੀਂ ਨੂੰ ਕਲਾਨੌਰ ਜੇਲ੍ਹ, ਮਾ: ਊਧਮ ਸਿੰਘ ਕਸੇਲ ਨੂੰ ਬੈਲੂਰ ਜੇਲ੍ਹ ਵਿੱਚ ਭੇਜਿਆ ਗਿਆ।

ਇਨ੍ਹਾਂ ਦੇਸ਼ ਭਗਤ ਕੈਦੀਆਂ ਨੇ ਦਿਲਾਂ ਵਿੱਚ ਜੇਲ੍ਹਾਂ ਵਿਚੋਂ ਨੱਠਣ ਦਾ ਫੈਸਲਾ ਕੁਝ ਅੱਗੇ ਪਾ ਦਿੱਤਾ ਸੀ। ਇਸ ਦੇ ਦੋ ਕਾਰਨ ਸਨ। ਇਕ ਤਾਂ ਇਹ ਕਿ ਇਨ੍ਹਾਂ ਕੈਦੀਆਂ ਦੇ ਚੰਗੇ ਵਿਹਾਰ ਨੂੰ ਦੇਖ ਕੇ ਸਰਕਾਰ ਇਨ੍ਹਾਂ ਨੂੰ ਛੱਡ ਦੇਵੇ। ਦੂਜੇ ਇਸ ਲਈ ਕਿ ਇਨ੍ਹਾਂ ਦਿਨਾਂ ਵਿੱਚ ਪ੍ਰਿੰਸ ਆਫ ਵੇਲਜ਼ ਭਾਰਤ ਆਇਆ ਹੋਇਆ ਸੀ ਤੇ ਇਹ ਆਸ ਵੀ ਕੀਤੀ ਜਾਂਦੀ ਸੀ ਕਿ ਸ਼ਾਇਦ ਇਨ੍ਹਾਂ ਕੈਦੀਆਂ ਨੂੰ ਵੀ ਛੱਡ ਦਿੱਤਾ ਜਾਵੇਗਾ। ਮਾ: ਊਧਮ ਸਿੰਘ ਨੂੰ ਮਦਰਾਸ ਦੀ ਬੈਲੂਰ ਜੇਲ੍ਹ ਵਿੱਚ ਭੇਜਿਆ ਗਿਆ ਜਿਥੇ ਉਹ ਇਕੱਲਾ ਪੰਜਾਬੀ ਕੈਦੀ ਸੀ ਅਤੇ ਰਿਹਾਈ ਦੀ ਕੁਝ ਬਹੁਤੀ ਆਸ ਨਹੀਂ ਸੀ। ਇਸ ਲਈ ਮਾ: ਊਧਮ ਸਿੰਘ ਜਦੋਂ ਇਕੱਲਾ ਹੀ ਬੈਲੂਰ ਜੇਲ੍ਹ ਵਿੱਚ ਭੇਜਿਆ ਗਿਆ ਤਾਂ ਉਹ ਜੇਲ੍ਹ ਵਿਚੋਂ ਨੱਠ ਜਾਣ ਦੀ ਵਿਉਂਤ ਉਸੇ ਦਿਨ ਤੋਂ ਹੀ ਬਣਾਉਣ ਲੱਗ ਪਿਆ ਸੀ।

6

ਬੈਲੂਰ ਜੇਲ੍ਹ ਵਿਚੋਂ ਫਰਾਰ ਹੋਣਾ

ਬੈਲੂਰ ਜੇਲ੍ਹ ਵਿੱਚ ਮਾ. ਊਧਮ ਸਿੰਘ ਇਕੱਲੇ ਹੀ ਕੈਦ ਸਨ। ਨਾਂ ਤੋਂ ਉਹ ਉਥੋਂ ਦੇ ਕਰਮਚਾਰੀਆਂ ਦੀ ਭਾਸ਼ਾ ਸਮਝ ਸਕਦੇ ਸਨ, ਨਾਂ ਹੀ ਉਨ੍ਹਾਂ ਨਾਲ ਕੋਈ ਅਪੱਣਤ ਹੋ ਸਕਦੀ ਸੀ। ਇਸ ਇਕੱਲ ਵਿੱਚ ਕੁਝ ਚਿਰ ਰਹਿਣ ਮਗਰੋਂ ਮਾਸਟਰ ਜੀ ਦੇ ਮਨ ਵਿੱਚ ਇਹ ਖਿਆਲ ਆਇਆ ਕਿ ਇਸ ਤਰ੍ਹਾਂ ਦੀ ਕੈਦ ਵਿੱਚ ਸਾਰੀ ਉਮਰ ਗੁਜ਼ਾਰਨ ਨਾਲੋਂ ਚੰਗਾ ਹੋਵੇਗਾ ਕਿ ਇਥੋਂ ਭੱਜ ਨਿਕਲਣ ਦੀ ਕੋਈ ਸਬੀਲ ਬਣਾਈ ਜਾਵੇ। ਇਸ ਵਿਚਾਰ ਨੂੰ ਸਿਰ੍ਹੇ ਚਾੜ੍ਹਨ ਲਈ ਉਨ੍ਹਾਂ ਨੇ ਜਿਹੜੀ ਸਕੀਮ ਸੋਚੀ, ਉਸ ਦੇ ਦੋ ਪੱਖ ਸਨ। ਪਹਿਲਾ ਇਹ ਸੀ - ਕੋਠੜੀ ਦੇ ਜੰਦਰੇ ਦੀ ਚਾਬੀ ਤਿਆਰ ਕਰਨਾ ਅਤੇ ਦੂਜਾ ਜੇਲ੍ਹ ਦੇ ਬਾਹਰ ਦੀ 18 ਫੁੱਟ ਉੱਚੀ ਕੰਧ ਨੂੰ ਪਾਰ ਕਰਨਾ। ਪਹਿਲੇ ਵਿਚਾਰ ਨੂੰ ਸਿਰ੍ਹੇ ਚਾੜਨ ਲਈ ਉਨ੍ਹਾਂ ਆਪਣਾ ਇਕ ਸ਼ੁਭਚਿੰਤਕ ਤਿਆਰ ਕੀਤਾ, ਜਿਸ ਤੋਂ ਉਨ੍ਹਾਂ ਨੇ ਮੋਮ ਮੰਗਵਾਉਣ ਦਾ ਯਤਨ ਕੀਤਾ। ਇਸ ਮੋਮ ਨੂੰ ਜੰਦਰਿਆਂ ਵਿੱਚ ਪਾ ਕੇ ਕੁੰਜੀਆਂ ਦੇ ਸੰਚੇ ਤਿਆਰ ਕੀਤੇ। ਇਨ੍ਹਾਂ ਸੰਚਿਆਂ ਨਾਲ ਆਪ ਨੇ ਚਾਬੀਆਂ ਤਿਆਰ ਕੀਤੀਆਂ, ਦੂਜੇ ਬਾਹਰ ਦੀ ਉੱਚੀ ਕੰਧ ਤੋਂ ਨੱਠਣ ਲਈ ਮੁੰਜ ਦੀ ਰੱਸੀ ਵੱਟਣੀ ਸ਼ੁਰੂ ਕਰ ਦਿੱਤੀ। ਇਹ ਮੁੰਜ ਉਨ੍ਹਾਂ ਨੂੰ ਰੋਜ਼ਾਨਾ ਮੁਸ਼ੱਕਤ ਵਿੱਚ ਦਿੱਤੀ ਜਾਂਦੀ ਸੀ। ਚਾਬੀਆਂ ਤੇ ਰੱਸਾ ਬਣਾ ਕੇ ਹੁਣ ਆਪ ਉਸ ਮੌਕੇ ਦੀ ਭਾਲ ਵਿੱਚ ਸਨ, ਜਦੋਂ ਜੇਲ੍ਹ ਵਿਚੋਂ ਕੰਧ ਟੱਪ ਕੇ ਨੱਠਿਆ ਜਾਵੇ।

1922 ਦੀ ਇਕ ਰਾਤ ਨੂੰ ਬੜਾ ਝੱਖੜ ਝੁਲਿਆ, ਜਿਸ ਦਾ ਲਾਭ ਉਠਾ ਕੇ ਮਾਸਟਰ ਜੀ ਨੇ ਜੇਲ੍ਹ ਦੀ ਕੰਧ ਨੂੰ ਟੱਪ ਕੇ ਜਾਣਾ ਸੀ। ਚਾਬੀਆਂ ਦੀ ਸਹਾਇਤਾ ਨਾਲ ਮਾਸਟਰ ਜੀ ਨੇ ਆਪਣੀ ਕੋਠੜੀ ਦਾ ਜੰਦਰਾ ਖੋਲ੍ਹਿਆ। ਪਹਿਰੇਦਾਰ ਹਰ ਸਮੇਂ ਜੇਲ੍ਹ ਵਿੱਚ ਗਸ਼ਤ ਲਗਾਉਂਦਾ ਹੁੰਦਾ ਸੀ, ਜਿਸਦਾ ਹਰ ਗੇੜ ਦਸਾਂ ਮਿੰਟਾਂ ਪਿਛੋਂ ਮੁੱਕਦਾ ਸੀ। ਇਨ੍ਹਾਂ ਦਸਾਂ ਮਿੰਟਾਂ ਵਿੱਚ ਹੀ ਮਾਸਟਰ ਜੀ ਨੇ ਆਪਣੀ ਸਾਰੀ ਯੋਜਨਾ ਨੂੰ ਸਿਰੇ ਚਾੜ੍ਹਨਾ ਸੀ। ਪਹਿਰੇਦਾਰ ਦੇ ਉਥੋਂ ਤੁਰ ਜਾਣ ਦੇ ਨਾਲ ਹੀ ਮਾਸਟਰ ਜੀ ਨੇ ਆਪਣੀ ਕੋਠੜੀ ਦਾ ਦਰਵਾਜ਼ਾ ਖੋਲ੍ਹਿਆ ਅਤੇ ਜੇਲ੍ਹ ਦੀ ਕੰਧ ਕੋਲ ਪੁੱਜ ਗਏ। ਇਸ ਕੰਧ ਨੂੰ ਟੱਪਣਾ ਕਈ ਸੌਖੀ ਗੱਲ ਨਹੀਂ ਸੀ। ਇਸ ਜੇਲ੍ਹ ਦਾ ਗੰਦਾ ਪਾਣੀ ਕੱਢਣ ਲਈ ਇਕ ਨਾਲੀ ਬਾਹਰ ਨੂੰ ਜਾਂਦੀ ਸੀ ਜਿਸ ਵਿੱਚ ਲੋਹੇ

ਦੀਆਂ ਸੀਖਾਂ ਲੱਗੀਆਂ ਹੋਈਆਂ ਸਨ। ਮਾਸਟਰ ਜੀ ਨੇ ਰੱਸੇ ਦੇ ਇਕ ਸਿਰੇ ਨਾਲ ਕੁਝ ਭਾਰ ਬੰਨ੍ਹ ਕੇ ਕੰਧ ਦੇ ਦੂਜੇ ਪਾਸੇ ਸੁੱਟ ਦਿੱਤਾ। ਇਹ ਰੱਸਾ ਨਾਲੀ ਦੇ ਬਾਹਰਲੇ ਬਨ੍ਹੇ ਨਾਲੀ ਦੇ ਮੂੰਹ ਕੋਲ ਆ ਗਿਆ। ਰੱਸੇ ਦੇ ਦੋਹਾਂ ਸਿਰਿਆਂ ਨੂੰ ਲੋਹੇ ਦੀਆਂ ਸੀਖਾਂ ਨਾਲ ਬੰਨ ਦਿੱਤਾ। ਇਸ ਰੱਸੇ ਦੀ ਸਹਾਇਤਾ ਨਾਲ ਉਹ ਦੀਵਾਰ ਟੱਪਣ ਵਿੱਚ ਸਫਲ ਹੋ ਗਏ। ਮਾਸਟਰ ਜੀ ਨੇ ਇਹ ਸਿਆਣਪ ਕੀਤੀ ਕਿ ਕੋਠੜੀ ਦੇ ਜੰਦਰੇ ਮੁੜ ਬੰਦ ਕਰ ਦਿੱਤੇ ਤੇ ਰੱਸੇ ਦੇ ਦੋਵੇਂ ਸਿਰੇ ਖੋਲ੍ਹ ਕੇ ਨਾਲ ਹੀ ਲੈ ਗਏ। ਰਾਤ ਅੰਧੇਰੀ ਤੇ ਰਾਹ ਦੀ ਨਾ-ਵਾਕਫ਼ੀ ਕਰਕੇ ਜਿੱਧਰ ਮੂੰਹ ਆਇਆ ਆਪ ਉਧਰ ਹੀ ਤੁਰ ਪਏ। ਅਖੀਰ ਆਪ ਇਕ ਐਸੇ ਥਾਂ ਪੁੱਜ ਗਏ, ਜਿਥੇ ਪਾਣੀ ਤੇ ਦਲਦਲ ਕਰਕੇ ਰਾਹ ਬਿਲਕੁਲ ਬੰਦ ਹੋ ਗਿਆ ਸੀ। ਆਪ ਇਹ ਵੀ ਸਮਝਦੇ ਸਨ ਕਿ ਆਪ ਦੀ ਪੜਤਾਲ ਤੇ ਗ੍ਰਿਫਤਾਰੀ ਲਈ ਕੋਸ਼ਿਸ਼ਾਂ ਆਰੰਭ ਹੋ ਗਈਆਂ ਹੋਣਗੀਆਂ। ਇਸ ਲਈ ਆਪ ਨੇ ਉਸ ਦਲਦਲ ਵਿਚੋਂ ਹੀ ਲੰਘਣਾ ਚੰਗਾ ਸਮਝਿਆ। ਪੋਹ ਫੁੱਟਣ ਤੱਕ ਆਪ ਸੰਘਣੇ ਜੰਗਲ ਵਿੱਚ ਪਹੁੰਚ ਗਏ।

7

ਔਖੀ ਘਾਟੀ ਲੰਮੇ ਪੈਂਡੇ

ਅਗਲਾ ਪੈਂਡਾ ਬੜਾ ਲੰਮਾ ਸੀ। ਮਾਸਟਰ ਜੀ ਸੈਂਕੜੇ ਮੀਲਾਂ ਦੀ ਵਿੱਥ ਤੇ ਰਸਤਿਆਂ ਤੋਂ ਬੇਖਬਰ ਤੇ ਇਕੱਲੇ ਸਨ। ਕੋਈ ਐਸੀ ਜਾਣ-ਪਛਾਣ ਵੀ ਨਹੀਂ ਸੀ ਜਿਸ ਦੇ ਆਸਰੇ ਅਗਲਾ ਸਫ਼ਰ ਕਰਦੇ। ਪਰ ਬਲਿਹਾਰੇ ਜਾਈਏ ਉਨ੍ਹਾਂ ਦੀ ਸਾਬਤ ਕਦਮੀ ਤੇ ਦ੍ਰਿੜ ਇਰਾਦਿਆਂ ਦੇ ਕਿ ਉਹ ਸਭ ਕਸ਼ਟਾਂ ਨੂੰ ਝਲਦਿਆਂ ਦੋ-ਤਿੰਨ ਮਹੀਨਿਆਂ ਦਾ ਸਫ਼ਰ ਕਰਦੇ ਹੋਏ ਪੰਜਾਬ ਪਹੁੰਚ ਗਏ।

ਕੁਝ ਚਿਰ ਪਹਿਲਾਂ ਇਨ੍ਹਾਂ ਗ਼ਦਰੀ ਯੋਧਿਆਂ ਵਿਚੋਂ ਸਰਵ ਸ੍ਰੀ ਪਿਆਰਾ ਸਿੰਘ ਲੰਗੇਰੀ, ਭਾਗ ਸਿੰਘ ਕਨੇਡੀਅਨ ਤੇ ਕਰਮ ਸਿੰਘ ਚੀਮਾ ਪਹਿਲਾਂ ਰਿਹਾਅ ਕਰ ਦਿੱਤੇ ਗਏ ਸਨ। ਪਰ ਪੰਜਾਬ ਪਹੁੰਚ ਕੇ ਉਹ ਸਿੱਧੇ ਆਪਣੇ ਘਰਾਂ ਨੂੰ ਨਹੀਂ ਗਏ, ਸਗੋਂ ਰੂਹ ਪੋਸ਼ ਹੋ ਗਏ। ਉਨ੍ਹਾਂ ਦਿਨਾਂ ਵਿੱਚ ਸਿੱਖ ਲੀਗ ਅਤੇ ਗੁਰਦੁਆਰਾ ਸੁਧਾਰ ਲਹਿਰ ਚਲ ਰਹੀਆਂ ਸਨ। ਪੰਜਾਬ ਵਿੱਚ ਮੁੜ ਫੜੋ-ਫੜੀ ਦੀ ਲਹਿਰ ਜਾਰੀ ਸੀ। ਮਾਸਟਰ ਊਧਮ ਸਿੰਘ ਜੀ ਕਿਉਂ ਜੋ ਭਾਈ ਪਿਆਰਾ ਸਿੰਘ ਲੰਗੇਰੀ ਦੇ ਗੂੜੇ ਮਿੱਤਰ ਸਨ, ਇਸ ਲਈ ਉਨ੍ਹਾਂ ਨੇ ਪੰਜਾਬ ਆ ਕੇ ਉਨ੍ਹਾਂ ਨੂੰ ਭਾਲ ਲਿਆ। ਮਾਸਟਰ ਜੀ ਦੇ ਪੈਰ ਸੁੱਜੇ ਹੋਏ ਸਨ ਅਤੇ ਹੋਰ ਵੀ ਸਰੀਰਕ ਕਸ਼ਟਾਂ ਦੇ ਸ਼ਿਕਾਰ

ਸਨ। ਭਾਈ ਪਿਆਰਾ ਸਿੰਘ ਨੇ ਉਨ੍ਹਾਂ ਨੂੰ ਇਕ ਸੰਤ ਬਾਬੇ ਦੀ ਕੁਟੀਆ ਵਿੱਚ ਗੁਪਤ ਵਾਸ ਵਿੱਚ ਰਹਿਣ ਦਾ ਪ੍ਰਬੰਧ ਕੀਤਾ, ਪਰ ਉਹ ਸੰਤ ਜੀ ਮਹਾਰਾਜ, ਜਦ ਉਨ੍ਹਾਂ ਨੂੰ ਮਾਸਟਰ ਜੀ ਦੇ ਕ੍ਰਾਂਤੀਕਾਰੀ ਪਿਛੋਕੜ ਦਾ ਪਤਾ ਲੱਗਿਆ ਤਾਂ ਉਹ ਡਰ ਗਿਆ ਅਤੇ ਮਾਸਟਰ ਜੀ ਨੂੰ ਏਥੋਂ ਛੇਤੀ ਲੈ ਜਾਣ ਲਈ ਪਿਆਰਾ ਸਿੰਘ ਲੰਗੇਰੀ ਨੂੰ ਬੇਨਤੀ ਕਰਨ ਲੱਗਾ। ਗ਼ਦਰ ਪਾਰਟੀ ਦਾ ਇਕ ਮੁੱਖ ਕੇਂਦਰ ਪਿਛਲੇ ਕੁਝ ਸਮੇਂ ਤੋਂ ਰਾਜਾ ਮਹਿੰਦਰ ਪ੍ਰਤਾਪ ਸਿੰਘ ਤੇ ਮੌਲਵੀ ਬਰਕਤ ਉੱਲਾ ਹੋਰ ਗ਼ਦਰੀਆਂ ਦੇ ਸਹਿਯੋਗ ਨਾਲ ਕਾਬਲ ਵਿੱਚ ਕਾਇਮ ਹੋ ਚੁੱਕਾ ਸੀ। ਪਿਆਰਾ ਸਿੰਘ ਲੰਗੇਰੀ ਅਫਗਾਨਿਸਤਾਨ ਨੂੰ ਜਾਣ ਵਾਲੇ ਗੁਪਤ ਰਸਤਿਆਂ ਤੋਂ ਜਾਣੂ ਸੀ। ਇਸ ਲਈ ਭਾਈ ਪਿਆਰਾ ਸਿੰਘ ਲੰਗੇਰੀ ਨੇ ਮਾਸਟਰ ਊਧਮ ਸਿੰਘ ਜੀ ਨੂੰ ਕਾਬਲ ਦੇ ਗ਼ਦਰੀ ਕੇਂਦਰ ਉੱਤੇ ਪਹੁੰਚਾ ਦਿੱਤਾ। ਇਥੇ ਮਾਸਟਰ ਜੀ ਨੂੰ ਗ੍ਰਿਫਤਾਰੀ ਦਾ ਕੋਈ ਖਤਰਾ ਨਹੀਂ ਸੀ। ਭਾਈ ਗੁਰਮੁੱਖ ਸਿੰਘ ਲਲਤੋਂ, ਭਾਈ ਹਰਜਾਪ ਸਿੰਘ ਅਤੇ ਭਾਈ ਰਤਨ ਸਿੰਘ ਇਸ ਕੇਂਦਰ ਵਿੱਚ ਆਉਂਦੇ ਜਾਉਂਦੇ ਰਹਿੰਦੇ ਸਨ। ਇਥੇ ਮਾਸਟਰ ਜੀ ਨੇ ਅਫਗਾਨਿਸਤਾਨ ਦੇ ਇਲਾਕੇ ਵਿੱਚ ਆਪਣੀਆਂ ਇਨਕਲਾਬੀ ਸਰਗਰਮੀਆਂ ਬੜੇ ਜ਼ੋਰ-ਸ਼ੋਰ ਨਾਲ ਆਰੰਭ ਦਿੱਤੀਆਂ ਅਤੇ ਛੇਤੀ ਹੀ ਆਪ ਜੀ ਨੂੰ ਅਫਗਾਨਿਸਤਾਨ ਦੇ ਲੋਕ ਪਿਆਰ ਤੇ ਸਤਿਕਾਰ ਨਾਲ ਦੇਖਣ ਲੱਗੇ।

ਅਫਗਾਨਿਸਤਾਨ ਦੇ ਲੋਕ ਸਵਤੰਤਰਤਾ ਦੇ ਸਦਾ ਪ੍ਰੇਮੀ ਰਹੇ ਸਨ ਤੇ ਕਾਬਲ ਜੋ ਅਫਗਾਨਿਸਤਾਨ ਦੀ ਰਾਜਧਾਨੀ ਹੈ, ਏਸੇ ਸਥਾਨ ਤੇ ਸਥਿਤ ਹੈ, ਜਿਥੋਂ ਰੂਸੀ, ਤੁਰਕੀਸਤਾਨ, ਤੁਰਕੀ, ਇਰਾਨ ਨਾਲ ਸਿੱਧੇ ਸੰਬੰਧ ਸਥਾਪਿਤ ਕੀਤੇ ਜਾ ਸਕਦੇ ਹਨ। ਗ਼ਦਰ ਪਾਰਟੀ ਨੇ ਰੂਸ ਦੀ ਇਨਕਲਾਬੀ ਸਰਕਾਰ ਨਾਲ ਪਹਿਲਾਂ ਹੀ ਆਪਣਾ ਸੰਪਰਕ ਕਾਇਮ ਕਰ ਲਿਆ ਸੀ। ਰੂਸ ਵਿੱਚ ਕੋਮਨ ਟਰਨ ਇਕ ਅਜਿਹਾ ਅਦਾਰਾ ਸੀ, ਜੋ ਤੀਜੇ ਇੰਟਰਨੈਸ਼ਨਲ ਨਾਲ ਸੰਸਾਰ ਭਰ ਦੇ ਕਮਿਊਨਿਸਟਾਂ ਤੇ ਇਨਕਲਾਬੀਆਂ ਨਾਲ ਤਾਲ-ਮੇਲ ਰੱਖਦਾ ਸੀ ਅਤੇ ਉਨ੍ਹਾਂ ਲਈ ਰਾਜਸੀ ਸਿੱਖਿਆ ਦੇਣ ਲਈ ਵੀ ਪੋਲੀਟੀਕਲ ਸੰਸਥਾ ਖੋਲ੍ਹ ਰੱਖੀ ਸੀ। ਭਾਰਤ ਦੇ ਇਨਕਲਾਬੀਆਂ ਦਾ ਵੀ ਸੋਵੀਅਤ ਰੂਸ ਨਾਲ ਅਫਗਾਨਿਸਤਾਨ ਦੇ ਰਸਤੇ ਸੰਬੰਧ ਜੁੜਦਾ ਰਿਹਾ ਹੈ। ਮਾਸਟਰ ਊਧਮ ਸਿੰਘ ਜੀ ਜਦੋਂ ਅਫਗਾਨਿਸਤਾਨ ਪਹੁੰਚੇ ਅਤੇ ਉਨ੍ਹਾਂ ਨੇ ਉਥੇ ਆਪਣੀਆਂ ਇਨਕਲਾਬੀ ਸਰਗਰਮੀਆਂ ਸ਼ੁਰੂ ਕੀਤੀਆਂ ਤਾਂ ਉਹ ਛੇਤੀ ਅਫਗਾਨਿਸਤਾਨ ਦੇ ਇਲਾਕੇ ਵਿੱਚ ਹਰਮਨ-ਪਿਆਰੇ ਵਿਅਕਤੀ ਬਣ ਗਏ। ਆਪ ਨੇ ਉਥੇ ਧਾਰਮਿਕ ਸਰਗਰਮੀਆਂ ਵੀ ਆਰੰਭ ਕਰ ਦਿੱਤੀਆਂ।

ਅਫਗਾਨਿਸਤਾਨ ਦੇ ਪਿੰਡ ਲਾਲਪੁਰੇ ਵਿੱਚ ਉਨ੍ਹਾਂ ਨੇ ਇਕ ਸਕੂਲ ਆਰੰਭ ਕੀਤਾ। ਗੁਰਦੁਆਰਾ ਚਸ਼ਮਾ ਸਾਹਿਬ ਜੋ ਗੁਰੂ ਨਾਨਕ ਦੇਵ ਜੀ ਦੇ ਨਾਮ ਨਾਲ ਜਾਣਿਆ ਜਾਂਦਾ ਸੀ, ਵਿੱਚ ਧਾਰਮਿਕ ਦੀਵਾਨ ਸਜਾਉਣੇ ਆਰੰਭ ਕਰ ਦਿੱਤੇ। ਇਨ੍ਹਾਂ ਕਾਰਵਾਈਆਂ ਵਿੱਚ ਅਫਗਾਨਿਸਤਾਨ ਦੀ ਸਰਕਾਰ ਅਤੇ ਅਮੀਰ ਅਮਾਲ-ਉਲਾ ਤੇ ਉਸ ਦੇ ਸਾਥੀਆਂ ਵੱਲੋਂ ਵੀ ਮਾਸਟਰ ਜੀ ਨੂੰ ਨਿੱਘਾ ਸਨੇਹ ਤੇ ਸਹਿਯੋਗ ਮਿਲਿਆ।

ਅਫਗਾਨਿਸਤਾਨ ਸਦੀਆਂ ਤੋਂ ਹੀ ਅੰਗਰੇਜ਼ ਸਾਮਰਾਜ ਦਾ ਵਿਰੋਧੀ ਰਿਹਾ ਹੈ। ਪਿਛਲੇ ਕੁਝ ਸਾਲਾਂ ਤੋਂ ਅੰਗਰੇਜ਼ ਸਾਮਰਾਜ ਵਿਰੁੱਧ ਭਾਰਤ ਦੀ ਸੁਤੰਤਰਤਾ ਲਈ ਸੰਘਰਸ਼ ਕਰ ਰਹੇ ਲੋਕਾਂ ਦੇ ਅਫਗਾਨਿਸਤਾਨ ਨਾਲ ਸੁਖਾਵੇਂ ਸੰਬੰਧ ਰਹੇ ਹਨ ਅਤੇ ਬਹੁਤ ਸਾਰੇ ਭਾਰਤ ਦੇ ਕੌਮੀ ਨੇਤਾ ਅਫਗਾਨਿਸਤਾਨ ਨੂੰ ਆਪਣਾ ਮਿੱਤਰ ਮੰਨਦੇ ਰਹੇ ਹਨ। 1857 ਦੇ ਸਮੇਂ ਤੋਂ ਲੈ ਕੇ ਭਾਰਤ ਦੇ ਸਵਤੰਤਰਤਾ ਸੰਗਰਾਮੀਆ ਨੇ ਅਫਗਾਨਿਸਤਾਨ ਨੂੰ ਆਪਣੇ ਲਈ ਸੁਰੱਖਿਅਤ ਸਥਾਨ ਮੰਨਿਆ ਹੈ। ਕੂਕਾ ਲਹਿਰ ਸਮੇਂ ਵੀ ਸੂਬਾ ਬਿਸ਼ਨ ਸਿੰਘ ਤੇ ਗੁਰਚਰਨ ਸਿੰਘ ਕਾਬਲ ਵਿੱਚ ਹੀ ਆਪਣੀਆਂ ਕਾਰਵਾਈਆਂ ਚਲਾਉਂਦੇ ਰਹੇ ਹਨ। ਇਸੇ ਕਾਰਨ ਮਾਸਟਰ ਊਧਮ ਸਿੰਘ ਨੂੰ ਵੀ ਅਫਗਾਨਿਸਤਾਨ ਵਿੱਚ ਆਪਣੀਆਂ ਰਾਜਸੀ ਕਾਰਵਾਈਆਂ ਚਲਾਉਣ ਲਈ ਸੁਖਾਵਾਂ ਮਾਹੌਲ ਮਿਲਿਆ। ਮਾਸਟਰ ਊਧਮ ਸਿੰਘ ਕਸੇਲ ਦੀ ਇਸ ਜਦੋ-ਜ਼ਹਿਦ ਪਿਛੇ ਅਫਗਾਨਿਸਤਾਨ ਦੇ ਅਮੀਰ (ਬਾਦਸ਼ਾਹ) ਦਾ ਹੱਥ ਸੀ। ਇਸ ਤੋਂ ਬਿਨਾਂ ਉਥੋਂ ਦੇ ਕਮਾਂਡਰ-ਇਨ-ਚੀਫ਼ ਨਾਦਰ ਖਾਂ, ਉਸਦੇ ਭਰਾ ਅਤੇ ਕਾਬਲ ਦੇ ਗਵਰਨਰ ਸਰਦਾਰ ਅਲੀ-ਅਹਿਮਦ-ਖਾਂ ਨਾਲ ਉਸ ਦੇ ਗਹਿਰੇ ਸੰਬੰਧ ਪੈਦਾ ਹੋ ਗਏ ਸਨ। ਕਾਬਲ ਵਿੱਚ ਤੁਰਕੀ ਦੇ ਸਫੀਰ ਜਨਰਲ ਫ਼ਖਰੀ ਪਾਸ਼ਾ ਅਤੇ ਰੂਸੀ ਪ੍ਰੀਤਨਿਧਾਂ ਨਾਲ ਵੀ ਉਨ੍ਹਾਂ ਨੇ ਸੰਬੰਧ ਜੋੜੇ।

ਇਸ ਸਮੇਂ ਪੰਜਾਬ ਵਿੱਚ ਅਕਾਲੀ ਲਹਿਰ ਚੱਲ ਰਹੀ ਸੀ। ਮਾਸਟਰ ਜੀ ਨੇ ਪੰਜਾਬ ਦੇ ਅਕਾਲੀ ਨੇਤਾਵਾਂ ਮਾਸਟਰ ਤਾਰਾ ਸਿੰਘ, ਤੇਜਾ ਸਿੰਘ ਸਮੁੰਦਰੀ, ਭਾਈ ਹਜ਼ਾਰਾ ਸਿੰਘ ਨਾਲ ਚੰਗੇ ਸੰਬੰਧ ਜੋੜ ਲਏ ਸਨ। ਉਹ ਜਦੋਂ ਵੀ ਪੰਜਾਬ ਜਾਂਦੇ, ਸ਼੍ਰੀ ਹਰਮਿੰਦਰ ਸਾਹਿਬ ਦਾ ਦਰਸ਼ਨ ਕਰਕੇ ਅਕਾਲੀ ਲੀਡਰਾਂ ਨਾਲ ਵਿਚਾਰ-ਵਟਾਂਦਰਾ ਕਰਦੇ ਅਤੇ ਅਫਗਾਨਿਸਤਾਨ ਵਿੱਚ ਖਾਲਸਾ ਦੀਵਾਨ ਨੂੰ ਸਥਾਪਿਤ ਕਰਨ ਬਾਰੇ ਸਲਾਹ-ਮਸ਼ਵਰੇ ਕਰਦੇ।

ਅਫਗਾਨਿਸਤਾਨ ਦੇ ਅਕਾਲੀਆਂ ਦਾ ਸਲਾਨਾ ਜਲਸਾ ਚਸ਼ਮਾ ਸੁਲਤਾਨਪੁਰ

ਵਿੱਚ ਹੋਇਆ। ਜਲਾਲਾਬਾਦ ਸ਼ਹਿਰ ਵਿੱਚ ਇਕ ਬੜਾ ਭਾਰੀ ਸ਼ਾਨਦਾਰ ਜਲੂਸ ਕੱਢਿਆ ਗਿਆ। ਜਲੂਸ ਦੇ ਅੱਗੇ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਸੀ। ਜਲੂਸ ਦੇ ਪਿੱਛੇ ਮਾਸਟਰ ਊਧਮ ਸਿੰਘ ਵੱਲੋਂ ਚਲਾਏ ਜਾ ਰਹੇ "ਮਕਤਬ ਖਾਲਸਾ" ਦੇ ਵਿਦਿਆਰਥੀ ਕਾਲੀਆਂ ਵਰਦੀਆਂ ਵਿੱਚ ਮਾਰਚ ਕਰ ਰਹੇ ਸਨ। ਜਲੂਸ ਦੇ ਨਾਲ ਸਿੱਖ ਮਰਦਾਂ ਅਤੇ ਔਰਤਾਂ ਦੀ ਇਕ ਤਕੜੀ ਗਿਣਤੀ ਸੀ, ਜਿਨ੍ਹਾਂ ਨੇ ਸ਼ਬਦਾਂ ਦੀ ਘਨਘੋਰ ਲਾਈ ਹੋਈ ਸੀ। ਚੌਂਕ ਵਿੱਚ ਜਲੂਸ ਠਹਿਰ ਗਿਆ ਤੇ ਸ੍ਰ. ਨਿਹਾਲ ਸਿੰਘ ਨੇ ਪਸ਼ਤੋ ਜ਼ੁਬਾਨ ਵਿੱਚ ਭਾਵਪੂਰਨ ਭਾਸ਼ਣ ਦਿੱਤਾ। ਜਿਸ ਵਿੱਚ ਸਿੱਖ ਮੱਤ ਦੇ ਮੁੱਖ ਅਸੂਲਾਂ ਬਾਰੇ ਦੱਸਿਆ ਗਿਆ ਅਤੇ ਇਹ ਵੀ ਕਿਹਾ ਗਿਆ ਕਿ ਅਸੀਂ ਅਫਗਾਨਿਸਤਾਨ ਦੀ ਵਫ਼ਾਦਾਰ ਪਰਜਾ ਹਾਂ।

ਜਲੂਸ ਜਲਾਲਾਬਾਦ ਸ਼ਹਿਰ ਵਿਚੋਂ ਹੁੰਦਾ ਹੋਇਆ ਚਸ਼ਮੇ ਸਾਹਿਬ ਪੁੱਜਾ। ਚਸ਼ਮੇ ਸਾਹਿਬ ਤੇ ਚਾਰ ਦਿਨ ਵਿਸਾਖੀ ਦਾ ਦਿਵਾਨ ਸਜਿਆ। ਉਥੇ ਸ. ਰਣਜੀਤ ਸਿੰਘ ਤਾਜਵਰ ਦੀ ਪ੍ਰਧਾਨਗੀ ਵਿੱਚ ਇਕ ਜਲਸਾ ਹੋਇਆ, ਜਿਸ ਵਿੱਚ ਅਫਗਾਨਿਸਤਾਨ ਦੇ ਵੱਡੇ-ਵੱਡੇ ਹਾਕਮ ਵੀ ਹਾਜ਼ਰ ਸਨ। ਪ੍ਰਧਾਨ ਜੀ ਨੇ ਇਸ ਗੱਲ ਦੀ ਸ਼ਲਾਘਾ ਕੀਤੀ ਕਿ ਅਫਗਾਨ ਸਰਕਾਰ ਨੇ ਗਊ ਹੱਤਿਆ ਬੰਦ ਕਰ ਦਿੱਤੀ ਹੈ। ਆਪ ਨੇ ਪੰਜਾਬ ਦੇ ਅਕਾਲੀ ਮੋਰਚਿਆਂ ਦਾ ਵਰਣਨ ਕੀਤਾ, ਜਿਸ ਵਿੱਚ ਅੰਗਰੇਜ਼ ਸਰਕਾਰ ਵੱਲੋਂ ਬੜੇ ਜ਼ੁਲਮ ਢਾਏ ਗਏ ਸਨ। ਸਥਾਨਕ ਹਾਕਮਾਂ ਨੇ ਆਪਣੇ ਭਾਸ਼ਣਾਂ ਵਿੱਚ ਅਕਾਲੀ ਲਹਿਰ ਦੀ ਤਾਰੀਫ਼ ਕੀਤੀ। ਇਹ ਜਲਸਾ ਸਤਿ ਸ਼੍ਰੀ ਅਕਾਲ ਦੇ ਜੈਕਾਰਿਆਂ ਨਾਲ ਸਮਾਪਤ ਹੋਇਆ।

8

ਮਾਸਟਰ ਜੀ ਦੀਆਂ ਰਾਜਨੀਤਿਕ ਕਾਰਵਾਈਆਂ

ਇਥੇ ਅੰਗਰੇਜ਼ ਸਰਕਾਰ ਦੀ ਇਕ ਗੁਪਤ ਰਿਪੋਰਟ ਦਾ ਹਵਾਲਾ ਦਿੱਤਾ ਜਾ ਰਿਹਾ ਹੈ ਜਿਸ ਵਿੱਚ ਲਿਖਿਆ ਗਿਆ ਸੀ "ਗੁਰਮੁੱਖ ਸਿੰਘ ਤੇ ਮਾਸਟਰ ਊਧਮ ਸਿੰਘ, ਜਿਹੜੇ ਜੇਲ੍ਹਾਂ ਵਿਚੋਂ ਫਰਾਰ ਹੋ ਕੇ ਅਫਗਾਨਿਸਤਾਨ ਪੁੱਜ ਗਏ ਸਨ, ਉਹ ਗੁਪਤ ਢੰਗਾਂ ਨਾਲ ਅੰਮ੍ਰਿਤਸਰ ਆਉਂਦੇ-ਜਾਉਂਦੇ ਰਹਿੰਦੇ ਹਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਨਾਲ ਮੇਲ-ਮਿਲਾਪ ਕਰਦੇ ਰਹਿੰਦੇ ਹਨ। ਆਪ ਲਗਭਗ ਇਕ ਮਹੀਨਾ ਸ਼ਹੀਦ ਸਿੱਖ ਮਿਸ਼ਨਰੀ ਸੋਸਾਇਟੀ ਵਿੱਚ ਰਹੇ ਅਤੇ ਅਕਾਲੀ ਲੀਡਰਾਂ ਨੇ ਉਨ੍ਹਾਂ ਨੂੰ ਪੂਰੀ ਸਹਾਇਤਾ ਦੇਣ ਦਾ ਭਰੋਸਾ

ਦਿਵਾਇਆ। ਮਾਸਟਰ ਊਧਮ ਸਿੰਘ ਨੇ ਅਕਾਲੀ ਲੀਡਰਾਂ ਨੂੰ ਸੁਝਾਅ ਦਿੱਤਾ ਕਿ ਇਕ ਗੁਪਤ ਜਥੇਬੰਦੀ ਬਣਾਈ ਜਾਵੇ, ਜੋ ਅੰਗਰੇਜ਼ਾਂ ਵਿਰੁੱਧ ਚਲਾਈਆਂ ਜਾ ਰਹੀਆਂ ਕਾਰਵਾਈਆਂ ਵਿੱਚ ਹਿੰਦੂ ਮੁਸਲਮਾਨ ਤੇ ਸਿੱਖਾਂ ਨੂੰ ਰੱਲ ਕੇ ਸੰਗਰਾਮ ਕਰਨ ਲਈ ਪ੍ਰੇਰਨਾ ਦੇਵੇ ਅਤੇ ਸਾਂਝੀਵਾਲ ਨਾਂ ਦੀ ਜਥੇਬੰਦੀ ਬਣਾਉਣ ਲਈ ਸੁਝਾਅ ਦਿੱਤਾ ਗਿਆ। ਇਸ ਪਿਛੇ ਮਾਸਟਰ ਊਧਮ ਸਿੰਘ ਦੀ ਸੋਚ ਹੀ ਕੰਮ ਕਰ ਰਹੀ ਸੀ।

ਕਾਬਲ ਦੇ ਗ਼ਦਰ ਪਾਰਟੀ ਦੇ ਅੱਡੇ ਉੱਤੇ ਬਹੁਤ ਸਾਰੇ ਉਹ ਗ਼ਦਰੀ ਵੀ ਸਨ, ਜੋ ਸੋਵੀਅਤ ਰੂਸ ਨਾਲ ਤਾਲ-ਮੇਲ ਰੱਖਣਾ ਚਾਹੁੰਦੇ ਸਨ। ਭਾਈ ਰਤਨ ਸਿੰਘ ਇਸ ਵਿਚਾਰ ਦੇ ਹਾਮੀ ਸਨ, ਜਦੋਂ ਉਨ੍ਹਾਂ ਵੱਲੋਂ ਮਾਸਟਰ ਊਧਮ ਸਿੰਘ ਨੂੰ ਰੂਸ ਜਾ ਕੇ ਰਾਜਨੀਤਿਕ ਗਿਆਨ ਪ੍ਰਾਪਤ ਕਰਨ ਦਾ ਸੁਝਾਅ ਦਿੱਤਾ ਗਿਆ ਤਾਂ ਆਪ ਇਸ ਦੇ ਟਾਕਰੇ ਉੱਤੇ ਸੁਤੰਤਰ ਸੋਚ ਰੱਖਦੇ ਸਨ ਅਤੇ 'ਸਾਂਝੀਵਾਲ' ਸੰਸਥਾ ਨੂੰ ਕਾਇਮ ਕਰਨ ਦੇ ਹੱਕ ਵਿੱਚ ਸਨ। ਮਾਸਟਰ ਊਧਮ ਸਿੰਘ ਨੇ ਕਾਬਲ ਸਰਕਾਰ ਵੱਲੋਂ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ ਅਤੇ ਗੁਰੂ ਗ੍ਰੰਥ ਸਾਹਿਬ ਦੀ ਇਕ ਸੁਨਹਿਰੀ ਜ਼ਿਲਦ ਵਾਲੀ ਕਾਪੀ ਕਾਬਲ ਦੇ ਗਵਰਨਰ ਅਤੇ ਮੌਲਵੀ ਬਸ਼ੀਰ ਨੂੰ ਭੇਂਟ ਕੀਤੀ।

ਗੁਰਮੁੱਖ ਸਿੰਘ ਨੇ ਅਫਗਾਨ ਦੇ ਕੌਂਸਲ ਜਨਰਲ ਨਾਲ ਮੁਲਾਕਾਤ ਕੀਤੀ ਤੇ ਉਸਨੂੰ ਮੰਨਵਾ ਲਿਆ ਕਿ ਉਹ ਉਨ੍ਹਾਂ ਦੀ ਸਹਾਇਤਾ ਕਰੇਗਾ, ਜਿਸ ਨਾਲ ਸਿੱਖਾਂ ਦੀ ਰੈਜਮੈਂਟ ਤਿਆਰ ਕਰਨ ਲਈ ਕਿਹਾ ਗਿਆ ਸੀ।

ਬੰਗਾਲ ਦੇ ਇਨਕਲਾਬੀ ਨੇਤਾ ਸਚਿੰਦਰ ਨਾਥ-ਸਾਨਿਆਲ 1924 ਵਿੱਚ ਪੰਜਾਬ ਆਏ ਸਨ ਅਤੇ ਉਸ ਨੇ ਸਿੱਖ ਸਾਂਝੀਵਾਲ ਐਸੋਸੀਏਸ਼ਨ ਬਣਾਉਣ ਲਈ ਕਿਹਾ ਸੀ। ਮਾਸਟਰ ਊਧਮ ਸਿੰਘ ਨੂੰ ਇਹ ਸੁਝਾਅ ਪ੍ਰਵਾਨ ਸੀ।

ਮਾਸਟਰ ਊਧਮ ਸਿੰਘ ਦੇ ਪੰਜਾਬ ਦੌਰੇ

ਮਾਸਟਰ ਊਧਮ ਸਿੰਘ ਅਫਗਾਨਿਸਤਾਨ ਵਿੱਚ ਤਾਂ ਸਵਤੰਤਰ ਤੇ ਖੁੱਲ੍ਹਾ ਪ੍ਰਚਾਰ ਕਰਦੇ ਸਨ, ਪਰ ਹਿੰਦੁਸਤਾਨ ਵਿੱਚ ਉਨ੍ਹਾਂ ਦਾ ਢੰਗ ਗੁਪਤ ਵਾਸ ਵਿੱਚ ਰਹਿਣ ਵਾਲਾ ਸੀ। ਸ਼ਾਇਦ ਇਸ ਦਾ ਇਕ ਕਾਰਨ ਇਹ ਵੀ ਹੋਵੇ ਕਿ ਆਪ ਬੈਲੂਰ ਜੇਲ੍ਹ ਤੋਂ ਨੱਠੇ ਅੰਗਰੇਜ਼ ਸਰਕਾਰ ਦੇ ਰਿਕਾਰਡਾਂ ਵਿੱਚ ਸ਼ੱਕੀ ਤੇ ਖਤਰਨਾਕ ਵਿਅਕਤੀ ਮੰਨੇ ਜਾਂਦੇ ਸਨ। ਇਸ ਲਈ ਉਹ ਹਰ ਸਾਲ ਪੰਜਾਬ ਦਾ ਦੌਰਾ ਗੁਪਤ ਢੰਗ ਨਾਲ ਹੀ ਕਰਦੇ ਹੁੰਦੇ ਸਨ।

9

ਮਾਸਟਰ ਜੀ ਦੀ ਸ਼ਹੀਦੀ

1926 ਵਿੱਚ ਜਦੋਂ ਮਾਸਟਰ ਜੀ ਪੰਜਾਬ ਗਏ ਅਤੇ ਅੰਮ੍ਰਿਤਸਰ ਤੋਂ ਵਾਪਸ ਆਉਂਦੇ ਹੋਏ ਅਫਗਾਨਿਸਤਾਨ ਦੇ ਆਪਣੇ ਮਿਸ਼ਨ ਲਈ ਇਕ ਵੱਡੀ ਰਕਮ ਨਾਲ ਲੈ ਆਏ ਸਨ। ਯਾਕਿਸਤਾਨ ਦੇ ਰਸਤੇ ਦੇ ਇਲਾਕੇ ਵਿਚੋਂ ਲੰਘਣ ਲਈ ਉਨ੍ਹਾਂ ਨੂੰ ਉਸ ਇਲਾਕੇ ਤੋਂ ਜਾਣੂ ਗਾਈਡ ਜਾਂ ਸਹਾਇਕ ਦੀ ਲੋੜ ਸੀ ਜੋ ਉਸ ਇਲਾਕੇ ਦਾ ਚੰਗੀ ਤਰ੍ਹਾਂ ਜਾਣੂ ਹੋਵੇ। ਮਾਸਟਰ ਜੀ ਨੇ ਕੁੱਝ ਰਕਮ ਉਸ ਗਾਈਡ ਨੂੰ ਦੇਣ ਦਾ ਇਕਰਾਰ ਕਰਕੇ ਉਸ ਅਫਗਾਨ ਨੂੰ ਨਾਲ ਲਿਆ ਅਤੇ ਗੁਪਤ ਰਸਤੇ ਰਾਹੀਂ ਲਾਲਪੁਰੇ ਨੂੰ ਜਾਣ ਦਾ ਫੈਸਲਾ ਕੀਤਾ। ਰਸਤੇ ਵਿੱਚ ਉਸ ਗਾਈਡ ਦਾ ਪਿੰਡ ਸੀ। ਉਸ ਨੇ ਪਿੰਡ ਕੋਲ ਪਹੁੰਚ ਕੇ ਮਾਸਟਰ ਜੀ ਕੋਲੋਂ ਕੁਝ ਪੈਸੇ ਘਰ ਜਾ ਕੇ ਦੇਣ ਲਈ ਮੰਗੇ। ਮਾਸਟਰ ਜੀ ਨੇ ਬਟੂਆ ਕੱਢ ਕੇ ਉਸ ਨੂੰ ਬਣਦੀ ਰਕਮ ਦੇ ਦਿੱਤੀ। ਪਰ ਜਦੋਂ ਉਸ ਦੀ ਨਜ਼ਰ ਬਟੂਏ ਵਿੱਚ ਪਈ ਚੋਖੀ ਰਕਮ ਤੇ ਪਈ ਤਾਂ ਉਸ ਦਾ ਦਿਲ ਬੇਈਮਾਨ ਹੋ ਗਿਆ। ਉਹ ਸਮਝਦਾ ਸੀ ਕਿ ਇਹ ਵਿਅਕਤੀ ਕੋਈ ਵੱਡਾ ਸੌਦਾਗਰ ਹੈ। ਆਪਣੇ ਪਿੰਡ ਜਾ ਕੇ ਉਸ ਨੇ ਕੁਝ ਹੋਰ ਆਦਮੀਆਂ ਨੂੰ ਨਾਲ ਲਿਆ ਤੇ ਮਾਸਟਰ ਜੀ ਤੋਂ ਉਸ ਰਕਮ ਨੂੰ ਖੋਹਣ ਦਾ ਮੰਨ ਬਣਾ ਲਿਆ। ਇਹ 6 ਵਿਅਕਤੀ ਰਸਤੇ ਵਿੱਚ ਬੈਠ ਕੇ ਸਮੇਂ ਦੀ ਉਡੀਕ ਕਰਨ ਲੱਗੇ। ਜਦੋਂ ਮਾਸਟਰ ਜੀ ਉਨ੍ਹਾਂ ਦੇ ਨੇੜੇ ਪਹੁੰਚ ਗਏ ਤਾਂ ਉਨ੍ਹਾਂ 6 ਆਦਮੀਆਂ ਨੇ ਆਪਣੀਆਂ ਪਸਤੌਲਾਂ ਵਿਚੋਂ ਗੋਲੀਆਂ ਚਲਾ ਦਿੱਤੀਆਂ। ਮਾਸਟਰ ਜੀ ਨੇ ਵੀ ਦਲੇਰੀ ਕਰਕੇ ਆਪਣਾ ਪਸਤੌਲ ਕੱਢ ਕੇ ਉਸ ਨਾਲ ਮੁਕਾਬਲਾ ਕਰਨਾ ਸ਼ੁਰੂ ਕਰ ਦਿੱਤਾ। ਇਕੱਲਾ ਵਿਅਕਤੀ ਛੇਹਾਂ ਬੰਦਿਆਂ ਦਾ ਕਿਵੇਂ ਟਾਕਰਾ ਕਰਦਾ। ਪਰ ਮਾਸਟਰ ਜੀ ਅੰਤਿਮ ਸਵਾਸਂ ਤੱਕ ਮੁਕਾਬਲਾ ਕਰਦੇ ਹੋਏ ਸ਼ਹੀਦੀਆਂ ਪਾ ਗਏ ਤੇ ਇਕ ਟਿੱਬੇ ਤੇ ਉਨ੍ਹਾਂ ਦਾ ਸਰੀਰ ਢਹਿ-ਢੇਰੀ ਹੋ ਕੇ ਸਦਾ ਦੀ ਨੀਂਦਰ ਸੌਂ ਗਿਆ। ਇਹ ਗੱਲ 15 ਮਾਘ ਅਰਥਾਤ 27, 28 ਜਨਵਰੀ 1926 ਦੀ ਹੈ।

ਇਕ ਹਫ਼ਤਾ ਪਿਛੋਂ ਜਦੋਂ 2 ਫਰਵਰੀ ਨੂੰ ਇਹ ਖ਼ਬਰ ਅਫਗਾਨਿਸਤਾਨ ਪਹੁੰਚੀ ਤਾਂ ਉਥੋਂ ਦੇ ਲੋਕਾਂ ਵਿੱਚ ਬੜਾ ਰੋਹ ਫੈਲ ਗਿਆ। ਮਾਸਟਰ ਜੀ ਦੀ ਹਮਦਰਦ ਅਫ਼ਗਾਨ ਜਨਤਾ ਨੇ ਰੋਸ ਵਿੱਚ ਆ ਕੇ ਜਿਨ੍ਹਾਂ ਨੇ ਇਹ ਕਾਲੀ ਕਰਤੂਤ

ਕੀਤੀ ਸੀ ਉਨ੍ਹਾਂ ਦੇ ਘਰ ਸਾੜ ਦਿੱਤੇ। ਉਨ੍ਹਾਂ ਨੂੰ ਨੱਠ ਜਾਣ ਲਈ ਮਜਬੂਰ ਕੀਤਾ ਤੇ ਇਕ ਜਿਰਗੇ ਵਿੱਚ ਇਨ੍ਹਾਂ ਕਾਤਲਾਂ ਨੂੰ ਇਕ ਡਾਕੇ ਦੇ ਕੇਸ ਵਿੱਚ ਜੇਲ੍ਹ ਭਿਜਵਾ ਦਿੱਤਾ। ਜਿਥੇ ਮਾਸਟਰ ਊਧਮ ਸਿੰਘ ਜੀ ਨੂੰ ਸ਼ਹੀਦ ਕੀਤਾ ਗਿਆ ਸੀ, ਉਥੇ ਇਕ ਥੜ੍ਹਾ ਬਣਾ ਦਿੱਤਾ ਗਿਆ ਤੇ ਝੰਡੇ ਗੱਡ ਦਿੱਤੇ। ਲੋਕ ਹਰ ਸ਼ੁਕਰਵਾਰ ਨੂੰ ਇਸ ਸਥਾਨ ਤੇ ਸ਼ਹੀਦ ਨੂੰ ਸਿਜਦਾ ਕਰਨ ਆਉਂਦੇ ਰਹੇ ਅਤੇ ਇਸ ਸਥਾਨ ਤੋਂ ਮੰਨਤਾਂ ਵੀ ਮੰਗਦੇ ਰਹੇ ਹਨ। ਇਹ ਸਭ ਕੁਝ ਤਾਂ ਉਥੋਂ ਦੇ ਮਾਸਟਰ ਜੀ ਦੇ ਮੁਸਲਮਾਨ ਸ਼ਰਧਾਲੂਆਂ ਵੱਲੋਂ ਕੀਤਾ ਗਿਆ ਸੀ ਪਰ ਇਹ ਪਤਾ ਨਾ ਲੱਗ ਸਕਿਆ ਕਿ ਮਾਸਟਰ ਜੀ ਦੀ ਦੇਹ ਦਾ ਸਸਕਾਰ ਕਦੋਂ ਤੇ ਕਿੱਥੇ ਕੀਤਾ ਗਿਆ। ਪਰ ਮਾਸਟਰ ਜੀ ਦੀ ਸ਼ਹੀਦੀ ਦਾ ਅਫਗਾਨਿਸਤਾਨ ਦੇ ਲੋਕਾਂ ਵਿੱਚ ਜੋ ਪ੍ਰਤੀਕਰਮ ਹੋਇਆ ਉਸ ਬਾਰੇ ਹਵਾਲੇਂ ਜ਼ਰੂਰ ਮਿਲਦੇ ਹਨ। ਸ਼ਹੀਦ ਮਾਸਟਰ ਊਧਮ ਸਿੰਘ ਕਸੇਲ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਹੋਇਆਂ ਉਨ੍ਹਾਂ ਵੱਲੋਂ ਸਥਾਪਿਤ ਵਿਦਿਆਲਯ ਦੇ ਵਿਦਿਆਰਥੀਆਂ ਵੱਲੋਂ ਪੰਜ-ਪੰਜ ਪਾਠ ਜਪੁ ਜੀ ਸਾਹਿਬ ਦੇ ਕੀਤੇ ਗਏ ਅਤੇ ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ ਗਈ।

10

ਸ਼ਹੀਦ ਮਾ: ਊਧਮ ਸਿੰਘ ਦਾ ਸਰਬ ਸ੍ਰੇਸ਼ਠ ਵਿਅਕਤਿਤਵ

ਮਾਸਟਰ ਊਧਮ ਸਿੰਘ ਜੀ ਦੀ ਸ਼ਖਸੀਅਤ ਬਾਰੇ ਕਈ ਲੇਖਕਾਂ ਤੇ ਉਨ੍ਹਾਂ ਦੇ ਸਮਕਾਲੀਆਂ ਵੱਲੋਂ ਲਿਖਿਆ ਗਿਆ ਹੈ। ਭਾਈ ਸੰਤੋਖ ਸਿੰਘ ਕਿਰਤੀ ਪਾਰਟੀ ਦੇ ਸੰਸਥਾਪਕ ਆਪ ਬਾਰੇ ਲਿਖਦੇ ਹਨ ਕਿ ਜਿੰਨਾ ਵੱਡਾ ਸੰਗਰਾਮ ਇਨ੍ਹਾਂ ਗ਼ਦਰੀ ਯੋਧਿਆਂ ਨੇ ਕੀਤਾ, ਉਸ ਦਾ ਹੁਣ ਤੱਕ ਮੁੱਲ ਨਹੀਂ ਪਾਇਆ ਗਿਆ। ਉਹ ਵਧੇਰੇ ਕਰਕੇ ਗੁਮਨਾਮੀ ਦੇ ਹਨ੍ਹੇਰੇ ਵਿੱਚ ਹੀ ਦੱਬੇ ਰਹੇ ਹਨ। ਮਾਸਟਰ ਊਧਮ ਸਿੰਘ ਦੀ ਸੋਚ ਦੂਜਿਆਂ ਦੇ ਪ੍ਰਭਾਵ ਤੋਂ ਮੁਕਤ ਅਤੇ ਸੁਤੰਤਰ ਸੀ। ਆਪ ਦੀ ਕਾਰਜਸ਼ੈਲੀ ਗੁਪਤ ਵਾਸ ਦੀ ਸੀ। ਆਪ ਦਾ ਚਿਹਰਾ ਚੰਦਰਮਾ ਤੇ ਸਰੀਰ ਸ਼ੇਰ ਦੀ ਨਿਆਈਂ ਸੀ। ਮਾਸਟਰ ਊਧਮ ਸਿੰਘ ਕਸੇਲ ਕੋਈ ਇਕ ਵਿਅਕਤੀ ਨਹੀਂ ਸਗੋਂ ਜੀਵਨ ਭਰ ਤੁਰਦਾ ਫਿਰਦਾ ਇਤਿਹਾਸ ਹੈ। ਸਚਿੰਦਰ ਨਾਥ ਸਾਨਿਆਲ ਤੇ ਮਾਸਟਰ ਮੋਤਾ ਸਿੰਘ ਉਸ ਦੇ ਬਰਾਬਰ ਦੇ ਇਨਕਲਾਬੀ ਚਿੰਤਕਾਂ ਵਿਚੋਂ ਸਨ। ਸ਼ਹੀਦ ਮਾਸਟਰ ਊਧਮ ਸਿੰਘ ਜੀ ਗ਼ਦਰ ਪਾਰਟੀ ਦੇ ਉੱਚ ਕੋਟੀ ਦੇ ਗਿਣਤੀ ਦੇ

* ਮਾਸਟਰ ਊਧਮ ਸਿੰਘ ਕਸੇਲ, ਕਰਤਾ-ਚਿਰੰਜੀ ਲਾਲ ਕੰਗਣ, 1-ਐਡੀਸ਼ਨ, ਪੰਨਾ 147

ਦੋ-ਚਾਰ ਆਗੂਆਂ ਵਿਚੋਂ ਸਨ। ਜਿਸ ਦ੍ਰਿੜ੍ਹਤਾ ਤੇ ਸਿਰੜ ਨਾਲ ਉਨ੍ਹਾਂ ਨੇ ਆਪਣਾ ਜੀਵਨ ਦੇਸ਼-ਭਗਤੀ ਤੇ ਭਾਰਤ ਦੇ ਸਵਤੰਤਰਤਾ ਸੰਗਰਾਮ ਨੂੰ ਅਰਪਣ ਕੀਤਾ, ਉਹ ਆਪਣੀ ਮਿਸਾਲ, ਆਪ ਹੈ। ਉਨ੍ਹਾਂ ਦੇ ਇਨਕਲਾਬੀ ਜੀਵਨ ਅਤੇ ਕੀਤੀ ਗਈ ਨਿਸ਼ਕਾਮ ਦੇਸ਼ ਸੇਵਾ ਕਈ ਆਗਾਮੀ ਪੀੜ੍ਹੀਆਂ ਤੱਕ ਰੌਸ਼ਨ ਮਿਸਾਲ ਬਣੀ ਰਹੇਗੀ।

ਅੰਤਿਕਾ-I


ਪਿੰਡ ਕਸੇਲ ਦੇ ਗ਼ਦਰੀ ਤੇ ਹੋਰ ਦੇਸ਼ ਭਗਤ, ਸ਼੍ਰੀ ਚਿਰੰਜੀ ਲਾਲ ਕੰਗਣੀਵਾਲ ਦੀ ਪੁਸਤਕ "ਜੀਵਨੀ ਗ਼ਦਰੀ ਬਾਬਾ ਮਾ: ਊਧਮ ਸਿੰਘ ਕਸੇਲ" ਵਿਚੋਂ ਧੰਨਵਾਦ ਸਹਿਤ।

ਕ੍ਰਿਤਗਤਾ ਪੱਤਰ

ਇਸ ਪੁਸਤਕ ਦੀ ਵਸਤੂ-ਸਮੱਗਰੀ ਮੈਂ ਬਾਬਾ ਹਰਨਾਮ ਸਿੰਘ ਕਸੇਲ ਦੀ ਅੰਸ਼ਿਕ ਸਵੈਜੀਵਨੀ 'ਆਪ ਬੀਤੀ ਆਪਣੀ ਹੱਥੀਂ" ਅਤੇ ਸ਼ਹੀਦ ਮਾ: ਊਧਮ ਸਿੰਘ ਦੀ ਸ਼੍ਰੀ ਚਿਰੰਜੀ ਲਾਲ ਕੰਗਣੀਵਾਲ (ਦੇਸ਼ ਭਗਤ ਯਾਦਗਾਰ ਹਾਲ, ਜਲੰਧਰ) ਦੀ ਪੁਸਤਕ 'ਜੀਵਨੀ ਗ਼ਦਰੀ ਬਾਬਾ ਸ਼ਹੀਦ ਮਾ: ਊਧਮ ਸਿੰਘ ਕਸੇਲ' ਵਿੱਚੋਂ ਲਈ ਹੈ, ਜਿਸ ਲਈ ਮੈਂ ਸ਼੍ਰੀ ਚਿਰੰਜੀ ਲਾਲ ਜੀ ਦਾ ਹਾਰਦਿਕ ਤੌਰ ਤੇ ਰਿਣੀ ਹਾਂ।

ਇਸ ਪੁਸਤਕ ਦੀ ਸਮੱਗਰੀ ਨੂੰ ਤਿਆਰ ਕਰਨ ਅਤੇ ਤਰਤੀਬ ਦੇਣ ਵਿੱਚ ਮੈਂ ਸ਼੍ਰੀਮਤੀ ਅੰਜਲੀ ਭਸੀਨ ਦਾ ਵੀ ਸੱਚੇ ਦਿਲੋਂ ਧੰਨਵਾਦੀ ਹਾਂ, ਜਿਸ ਦੇ ਸਿਰੜ ਅਤੇ ਸਹਿਯੋਗ ਨਾਲ ਇਸ ਪੁਸਤਕ ਨੂੰ ਇਹ ਰੂਪ ਦਿੱਤਾ ਜਾ ਸਕਿਆ ਹੈ। ਪਿੰਡ ਕਸੇਲ ਦੇ (ਫੋਟੋ ਚਿੱਤਰ) ਸਰਵ ਸ਼੍ਰੀ ਜਸਵਿੰਦਰ ਸਿੰਘ, ਗੁਰਮੀਤ ਸਿੰਘ ਅਤੇ ਮਨਪ੍ਰੀਤ ਸਿੰਘ ਕਸੇਲ ਵੱਲੋਂ ਭੇਜੇ ਗਏ ਸਨ, ਜਿਸ ਲਈ ਉਹ ਵੀ ਮੇਰੇ ਧੰਨਵਾਦ ਦੇ ਪਾਤਰ ਹਨ।

ਕ. ਸ. ਕਸੇਲ



ਕਿਰਪਾਲ ਸਿੰਘ ਕਸੇਲ

ਕਸੇਲ ਸੱਚ ਪੁਗਾਣ ਲਈ
ਜ਼ਹਿਰ ਪੀਤਾ ਸੁਕਰਾਤ
ਝੂਲਦਾ ਆਦਰਸ਼ ਨਿਸ਼ਾਨ ਤਦ
ਜੇ ਰੱਖੀਏ ਹੱਠ ਤੇ ਤਿਆਗ

ਕਸੇਲ ਝਰੋਖੇ ਬੈਠ ਕੇ
ਵੰਡ ਕਥੂਰ ਗਿਆਨ
ਖ਼ਾਤਰ ਦੇਸ਼ ਦੇ ਕੌਮ ਦੇ
ਲੇਖੇ ਲਗ ਜਾਏ ਜਾਨ

ਹਿਰਦੇਜੀਤ ਸਾਹਿਤ ਪ੍ਰਕਾਸ਼ਨ
ਪਟਿਆਲਾ